18-OCT-PAGE-1.qxd 10/17/2025 9:42 PM Page 1

ਸ਼ਨੀਵਾਰ, 18 ਅਕਤੂਬਰ, 2025
2 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 138

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 18 OCTOBER, 2025
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

## ਕੈਨੇਡਾ ਆਉਣ ਵਾਲਿਆਂ ਨਾਲੋਂ ਛੱਡ ਕੇ ਜਾਣ ਵਾਲੇ ਲੋਕ ਵਧੇ

**ਵਿਨੀਪੈਗ :** ਕੈਨੇਡਾ ਦੀਆਂ ਸਖ਼ਤ ਵੀਜ਼ਾ ਨੀਤੀਆਂ ਕਰਕੇ ਮੌਜੂਦਾ ਵਰ੍ਹੇ ਦੌਰਾਨ 2.35 ਲੱਖ ਵਿਦੇਸ਼ੀ ਨਾਗਰਿਕਾਂ ਦਾ ਕੈਨੇਡਾ ਪੁੱਜਣ ਦਾ ਸੁਪਨਾ ਅਧੂਰਾ ਰਹਿ ਗਿਆ। ਇਸ ਵਿਚ ਸਟੱਡੀ ਵੀਜ਼ਾ, ਟੈਂਪਰੇਰੀ ਫ਼ੌਰਨ ਵਰਕਰਜ਼ ਦੇ ਜੀਵਨ ਸਾਥੀ ਤੇ ਵਰਕ ਪਰਮਿਟ ਅਰਜ਼ੀਆਂ ਵਾਲੇ ਹਨ। ਜੇਕਰ ਸਟੱਡੀ ਵੀਜ਼ਾ ਨਾਲ ਸੰਬੰਧਤ ਅੰਕੜਿਆਂ ਨੂੰ ਦੇਖਿਆ ਜਾਵੇ ਤਾਂ ਦਸੰਬਰ 2023 ਦੌਰਾਨ 95 ਹਜ਼ਾਰ ਤੋਂ ਵੱਧ ਵੀਜ਼ੇ ਜਾਰੀ ਕੀਤੇ ਗਏ ਅਤੇ ਦਸੰਬਰ 2024 ਵਿਚ ਇਹ ਅੰਕੜਾ ਸਿਰਫ਼ 30 ਹਜ਼ਾਰ ਰਹਿ ਗਿਆ। ਇੰਟਰਨੈਸ਼ਨਲ ਸਟੂਡੈਂਟਸ ਅਤੇ ਟੈਂਪਰੇਰੀ ਫ਼ੌਰਨ ਵਰਕਰਜ਼ ਦੇ ਜੀਵਨ ਸਾਥੀਆਂ ਨੂੰ ਵਰਕ ਪਰਮਿਟ ਤੋਂ ਸਾਫ਼ ਨਾਂਹ ਕੀਤੀ ਜਾ ਰਹੀ ਹੈ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਇਸ ਸਾਲ ਜਨਵਰੀ ਤੋਂ ਜੁਲਾਈ ਦਰਮਿਆਨ 1.23 ਲੱਖ ਸਾਬਕਾ ਟੈਂਪਰੇਰੀ ਰੈਜ਼ੀਡੈਂਟ ਕੈਨੇਡਾ ਦੇ ਪਰਮਾਨੈਂਟ ਰੈਜ਼ੀਡੈਂਟ ਬਣਨ ਵਿਚ ਸਫਲ ਰਹੇ। ਇਹ ਅੰਕੜਾ ਮੁਲਕ ਦੇ ਨਵੇਂ ਪਰਮਾਨੈਂਟ ਰੈਜ਼ੀਡੈਂਟ ਦਾ 50 ਫ਼ੀਸਦੀ ਬਣਦਾ ਹੈ। ਕੈਨੇਡਾ ਸਰਕਾਰ ਟੈਂਪਰੇਰੀ ਰੈਜ਼ੀਡੈਂਟ ਦੀ ਗਿਣਤੀ ਕੁਲ ਆਬਾਦੀ ਦਾ 5 ਫ਼ੀਸਦੀ ਦੇ ਬਰਾਬਰ ਲਿਆਉਣਾ ਚਾਹੁੰਦੀ ਹੈ ਅਤੇ ਇਸੇ ਤਹਿਤ ਪਹਿਲਾਂ ਤੋਂ ਮੁਲਕ ਵਿਚ ਮੌਜੂਦ ਵਿਦੇਸ਼ੀ ਨਾਗਰਿਕਾਂ ਨੂੰ ਚਲਦਾ ਕੀਤਾ ਜਾ ਰਿਹਾ ਹੈ। ਕੈਨੇਡਾ ਪੁੱਜ ਰਹੇ ਇੰਟਰਨੈਸ਼ਨਲ ਸਟੂਡੈਂਟਸ ਦੀ ਗਿਣਤੀ ਪਿਛਲੇ ਵਰ੍ਹੇ ਦੇ ਮੁਕਾਬਲੇ ਇਕ ਲੱਖ ਘਟ ਗਈ ਹੈ, ਜਦ ਕਿ ਸਾਲ ਦੇ ਅੰਤ ਤੱਕ ਇਹ ਅੰਕੜਾ 2 ਲੱਖ ਤੱਕ ਪੁੱਜ ਸਕਦਾ ਹੈ। ਇਸੇ ਤਰ੍ਹਾਂ ਵਰਕ ਪਰਮਿਟ ਅਰਜ਼ੀਆਂ 'ਤੇ ਵੀ ਕੈਂਚੀ ਚੱਲ ਰਹੀ ਹੈ ਅ ਤ

• ਬਾਕੀ ਸਫਾ 6 'ਤੇ

# ਤਰਨ ਤਾਰਨ 'ਚ ਵਿਰੋਧੀ ਧਿਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਾਵਾਂਗੇ : ਮਾਨ



**ਤਰਨ ਤਾਰਨ :** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਕਿਹਾ ਕਿ ਰਾਜ ਸਰਕਾਰ ਦੀਆਂ ਲੋਕ-ਹਿਤੈਸ਼ੀ ਅਤੇ ਵਿਕਾਸ ਕੇਂਦਰਤ ਨੀਤੀਆਂ ਦੇ ਕਾਰਨ ਆਮ ਆਦਮੀ ਪਾਰਟੀ ਤਰਨ ਤਾਰਨ ਉਪਚੋਣ ਵਿਚ ਸ਼ਾਨਦਾਰ ਜਿੱਤ ਦਰਜ ਕਰੇਗੀ ਅਤੇ ਵਿਰੋਧੀ ਧਿਰਾਂ ਦੀਆਂ ਜਮਾਨਤਾਂ ਜਬਤ ਹੋ ਜਾਣਗੀਆਂ।

ਨਾਮਜ਼ਦਗੀ ਦਾਖਲ ਕਰਨ ਲਈ ਆਯੋਜਿਤ ਰੋਡ ਸ਼ੋ ਦੇ ਦੌਰਾਨ ਉਨ੍ਹਾਂ ਨੇ ਕਿਹਾ ਕਿ ਉਹ ਪਾਰਟੀ ਉਮੀਦਵਾਰ ਹਰਮੀਤ ਸਿੰਘ ਸੰਧੂ ਲਈ ਖੁਦ ਵੋਟ ਮੰਗਣਗੇ ਕਿਉਂਕਿ ਰਾਜ ਸਰਕਾਰ ਨੇ ਲੋਕ-ਕਲਿਆਣ ਅਤੇ ਵਿਕਾਸ ਲਈ ਕਈ ਇਤਿਹਾਸਕ ਕਦਮ ਚੁੱਕੇ ਹਨ।ਉਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਲੋਕ ਇਨ੍ਹਾਂ ਨੀਤੀਆਂ ਦੇ ਆਧਾਰ 'ਤੇ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿੱਤ ਦਵਾਉਣਗੇ ।

ਉਨ੍ਹਾਂ ਨੇ ਵਿਰੋਧੀ ਧਿਰਾਂ 'ਤੇ ਹਮਲਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੇ ਰਾਜਨੀਤਕ ਸਵਾਰਥਾਂ ਲਈ ਪੰਜਾਬ ਦੇ ਸਰੋਤਾਂ ਨੂੰ ਲੁੱਟਿਆ।ਜਦੋਂ ਪੰਜਾਬ ਬੇਰੋਜ਼ਗਾਰੀ, ਬ੍ਰੇਨ ਡਰੇਨ ਅਤੇ ਭ੍ਰਿਸ਼ਟਾਚਾਰ ਵਰਗੀਆਂ ਚੁਣੌਤੀਆਂ ਨਾਲ ਜੂਝ ਰਿਹਾ ਸੀ, ਉਦੋਂ ਇਹ ਨੇਤਾ ਗੈਰਕਾਨੂੰਨੀ ਤਰੀਕੇ ਨਾਲ ਪੈਸਾ ਕਮਾਉਣ ਵਿੱਚ ਲੱਗੇ ਸਨ।ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਨੇਤਾਵਾਂ ਨੇ ਜਨਤਾ ਅਤੇ ਸੂਬੇ ਦੀ ਕੀਮਤ 'ਤੇ ਆਪਣੇ ਮਹਿਲ ਤੇ ਸਾਮਰਾਜ ਖੜ੍ਹੇ ਕੀਤੇ।ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਨੇਤਾਵਾਂ ਨੇ ਪੰਜਾਬ ਅਤੇ ਨਵੀਂ ਪੀੜ੍ਹੀਆਂ ਦੇ ਭਵਿੱਖ ਦੇ ਰਸਤੇ ਵਿੱਚ ਕੰਡੇ ਬੀਜੇ ਹਨ। ਸਵਾਰਥੀ ਰਾਜਨੀਤੀ ਕਰਕੇ ਰਾਜ ਨੂੰ ਸੰਕਟ ਵਿੱਚ ਪਾ ਦਿੱਤਾ ਗਿਆ ਹੈ ਅਤੇ ਇਤਿਹਾਸ ਕਦੇ ਵੀ ਇਨ੍ਹਾਂ ਨੂੰ ਇਸ ਅਪਰਾਧ ਲਈ ਮਾਫ ਨਹੀਂ ਕਰੇਗਾ।ਉਨ੍ਹਾਂ ਨੇ ਦੁਹਰਾਇਆ ਕਿ ਜਨਤਾ ਦਾ ਇੱਕ-ਇੱਕ ਪੈਸਾ ਲੁੱਟਣ ਵਾਲਿਆਂ ਨੂੰ ਜਵਾਬਦੇਹ ਠਹਿਰਾਇਆ

• ਬਾਕੀ ਸਫਾ 6 'ਤੇ

## ਸਟਾਲਿਨ ਨੂੰ ਸੱਦਾ-ਪੱਤਰ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਅਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸ਼ੁੱਕਰਵਾਰ ਚੇਨਈ ਵਿੱਚ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨਾਲ ਮੁਲਾਕਾਤ ਕੀਤੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਰਾਜ ਪੱਧਰੀ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਰਸਮੀ ਸੱਦਾ ਦਿੱਤਾ।

### ਮੇਰੇ ਨਾਲੋਂ ਵੱਧ ਪੈਸੇ ਦੇਣ ਵਾਲੇ ਨੂੰ ਦੇ ਦਿੱਤੀ ਟਿਕਟ



ਲੋਕ ਜਨ ਸ਼ਕਤੀ (ਪਾਸਵਾਨ) ਪਾਰਟੀ ਦੇ ਅਭੈ ਕੁਮਾਰ ਸਿੰਘ ਜੋ ਬਿਹਾਰ ਦੇ ਸਮਸਤੀਪੁਰ ਜ਼ਿਲ੍ਹੇ ਦੇ ਮੋਰਵਾ ਹਲਕੇ ਤੋਂ ਟਿਕਟ ਦੇ ਦਾਅਵੇਦਾਰ ਸਨ, ਟਿਕਟ ਨਾ ਮਿਲਣ ਕਾਰਨ ਵਿਰਲਾਪ ਕਰਦੇ ਹੋਏ। ਅਭੈ ਕੁਮਾਰ ਦਾ ਦੋਸ਼ ਹੈ ਕਿ ਉਸ ਨਾਲੋਂ ਵੱਧ ਪੈਸੇ ਦੇਣ ਵਾਲੇ ਨੂੰ ਟਿਕਟ ਦੇ ਦਿੱਤੀ ਗਈ ਹੈ।

## ਭੁੱਲਰ ਦਾ 14 ਦਿਨਾ ਨਿਆਂਇਕ ਰਿਮਾਂਡ



**ਚੰਡੀਗੜ੍ਹ :** ਸੀ ਬੀ ਆਈ ਵੱਲੋਂ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਵੀਰਵਾਰ ਨੂੰ ਗ੍ਰਿਫ਼ਤਾਰ ਕੀਤੇ ਪੰਜਾਬ ਪੁਲਸ ਦੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੂੰ ਮੈਡੀਕਲ ਜਾਂਚ ਮਗਰੋਂ ਚੰਡੀਗੜ੍ਹ ਸਥਿਤ ਸੀ ਬੀ ਆਈ ਅਦਾਲਤ ਵਿਚ ਪੇਸ਼ ਕੀਤਾ ਗਿਆ। ਸੀ ਬੀ ਆਈ ਕੋਰਟ ਨੇ ਕੇਂਦਰੀ ਏਜੰਸੀ ਨੂੰ ਭੁੱਲਰ ਦਾ 14 ਦਿਨਾ ਨਿਆਂਇਕ ਰਿਮਾਂਡ ਦੇ ਦਿੱਤਾ ਹੈ। ਸੀ ਬੀ ਆਈ ਨੇ ਭੁੱਲਰ ਦੀ ਚੰਡੀਗੜ੍ਹ ਦੇ ਸੈਕਟਰ 40 ਵਿਚਲੀ ਕੋਠੀ 'ਤੇ ਵੀਰਵਾਰ ਨੂੰ ਛਾਪਾ ਮਾਰਿਆ ਤੇ ਉਥੋਂ ਕਰੀਬ 5 ਕਰੋੜ ਰੁਪਏ ਦੀ ਨਕਦੀ ਅਤੇ ਡੇਢ ਕਿਲੋ ਸੋਨਾ ਜ਼ਬਤ ਕੀਤਾ। ਭੁੱਲਰ ਦੀ ਗ੍ਰਿਫ਼ਤਾਰੀ ਮੰਡੀ ਗੋਬਿੰਦਗੜ੍ਹ ਦੇ ਸਕਰੈਪ ਡੀਲਰ ਨਰੇਸ਼ ਬੱਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਸੀ, ਜਿਸ ਨੇ ਦੋਸ਼ ਲਗਾਇਆ ਸੀ ਕਿ ਭੁੱਲਰ ਨੇ ਐੱਫ ਆਈ ਆਰ ਦਾ ਨਿਪਟਾਰਾ ਕਰਨ ਦੇ ਬਦਲੇ 8 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ। ਇਹ ਰਿਸ਼ਵਤ ਕਥਿਤ ਤੌਰ 'ਤੇ ਇਕ ਦਲਾਲ ਕ੍ਰਿਸ਼ਨੂ ਰਾਹੀਂ ਮੰਗੀ ਗਈ ਸੀ, ਜਿਸ ਨੂੰ ਸੀ ਬੀ ਆਈ ਨੇ ਗ੍ਰਿਫ਼ਤਾਰ ਕਰ ਲਿਆ ਹੈ।

## ਸੁਪਰੀਮ ਕੋਰਟ 'ਡਿਜੀਟਲ ਅਰੈਸਟ' ਦੀਆਂ ਘਟਨਾਵਾਂ ਤੋਂ ਫ਼ਿਕਰਮੰਦ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਹਰਿਆਣਾ ਦੇ ਅੰਬਾਲਾ ਵਿਚ ਅਦਾਲਤ ਤੇ ਜਾਂਚ ਏਜੰਸੀਆਂ ਦੇ ਫ਼ਰਜ਼ੀ ਹੁਕਮਾਂ ਦੇ ਅਧਾਰ 'ਤੇ ਇਕ ਬਜ਼ੁਰਗ ਦੰਪਤੀ ਨੂੰ 'ਡਿਜੀਟਲ ਅਰੈਸਟ' ਕਰਕੇ ਉਨ੍ਹਾਂ ਕੋਲੋਂ 1.05 ਕਰੋੜ ਰੁਪਏ ਦੀ ਉਗਰਾਹੀ ਦੀ ਘਟਨਾ ਨੂੰ ਸ਼ੁੱਕਰਵਾਰ ਨੂੰ ਗੰਭੀਰਤਾ ਨਾਲ ਲਿਆ ਹੈ। 73 ਸਾਲਾ ਮਹਿਲਾ ਵੱਲੋਂ ਭਾਰਤ ਦੇ ਚੀਫ਼ ਜਸਟਿਸ ਬੀ ਆਰ ਗਵਈ ਨੂੰ ਲਿਖੇ ਪੱਤਰ ਦਾ ਸੁਪਰੀਮ ਕੋਰਟ ਨੇ ਖੁਦ ਨੋਟਿਸ ਲੈਂਦਿਆਂ ਦਰਜ ਕੀਤੇ ਕੇਸ ਵਿਚ ਕੇਂਦਰ ਤੇ ਸੀ ਬੀ ਆਈ ਤੋਂ ਜਵਾਬ ਮੰਗਿਆ ਹੈ। ਬੈਂਚ ਨੇ ਅਟਾਰਨੀ ਜਨਰਲ ਤੋਂ ਸਹਾਇਤਾ ਮੰਗੀ ਹੈ ਅਤੇ ਹਰਿਆਣਾ ਸਰਕਾਰ ਅਤੇ ਅੰਬਾਲਾ ਸਾਈਬਰ ਕ੍ਰਾਈਮ ਵਿਭਾਗ ਨੂੰ ਬਜ਼ੁਰਗ ਜੋੜੇ ਦੇ ਮਾਮਲੇ ਵਿੱਚ ਹੁਣ ਤੱਕ ਕੀਤੀ ਗਈ ਜਾਂਚ ਬਾਰੇ ਸਟੇਟਸ ਰਿਪੋਰਟ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ।

## ਅੱਜ-ਨਾਮਾ

ਘਪਲਾ ਉੱਠ ਪਿਆ ਫੇਰ ਵਜ਼ੀਫਿਆਂ ਦਾ,
ਨਾਲ ਦੇ ਰਾਜ ਵਿੱਚ ਸੁਣੀ ਹੈ ਗੱਲ ਬੇਲੀ।
ਘਪਲੇਬਾਜ਼ ਹਨ ਚੱਬ ਗਏ ਮਾਲ ਤਕੜਾ,
ਫਿਰਦੇ ਮਗਰੋਂ ਹਨ ਖੜਕਦੇ ਟੱਲ ਬੇਲੀ।
ਪੈਸਾ ਆਇਆ ਗਰੀਬੀ ਦੇ ਮਾਰਿਆਂ ਦਾ,
ਹੋ ਗਈ ਮਗਰ ਕੁਝ ਥੱਲ-ਪੁਥੱਲ ਬੇਲੀ।
ਖਾ ਗਏ ਅਫਸਰ ਤੇ ਹੋਣਗੇ ਮਿਲੇ ਆਗੂ,
ਸੂਈ ਸੇਧਤ ਆ ਕਈਆਂ ਦੇ ਵੱਲ ਬੇਲੀ।
ਪੈਣਾ ਏ ਚਾਰ ਦਿਹਾੜੇ ਇਹ ਖੱਪ-ਰੌਲਾ,
ਜਾਊ ਜਨਤਾ ਨੂੰ ਸਾਰਾ ਕੁਝ ਭੁੱਲ ਬੇਲੀ।
ਸਾਲਾਂ ਦੋਂਹ ਨੂੰ ਸੁਣ ਲਿਉ ਨਵਾਂ ਚਰਚਾ,
ਠੱਗਾਂ ਮਾਰ ਲਿਆ ਨਵਾਂ ਈ ਟੁੱਲ ਬੇਲੀ।

-ਤੀਸ ਮਾਰ ਖਾਂ

## ਰਜ਼ੀਆ ਦੇ ਬੇਟੇ ਦਾ ਦੇਹਾਂਤ



**ਮਾਲੇਰਕੋਟਲਾ :** ਪੰਜਾਬ ਦੇ ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫਾ ਅਤੇ ਸਾਬਕਾ ਕੈਬਨਿਟ ਮੰਤਰੀ ਮੈਡਮ ਰਜ਼ੀਆ ਸੁਲਤਾਨਾ ਦੇ ਸਪੁੱਤਰ ਆਕਿਲ ਅਖ਼ਤਰ (33) ਸਾਲ ਦਾ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਰਿਹਾਇਸ਼ ਵਿਖੇ ਅਚਾਨਕ ਦਿਹਾਂਤ ਹੋ ਗਿਆ ਹੈ। ਆਕਿਲ ਅਖ਼ਤਰ ਨੂੰ ਜੱਦੀ ਪਿੰਡ ਹਰਡਾ ਖੇੜੀ (ਸਹਾਰਨਪੁਰ, ਉੱਤਰ ਪ੍ਰਦੇਸ਼) ਵਿਖੇ ਸਪੁਰਦ-ਏ-ਖ਼ਾਕ ਕੀਤਾ ਜਾਵੇਗਾ। ਆਕਿਲ ਅਖ਼ਤਰ ਆਪਣੇ ਪਿੱਛੇ ਪਤਨੀ ਜ਼ੈਨਬ ਅਖ਼ਤਰ ਤੋਂ ਇਲਾਵਾ ਇਕ ਬੇਟਾ ਅਤੇ ਬੇਟੀ ਛੱਡ ਗਏ ਹਨ।

## ਜਵੰਦਾ ਦੀ ਅੰਤਿਮ ਅਰਦਾਸ 'ਚ ਵੱਡੀ ਗਿਣਤੀ 'ਚ ਲੋਕ ਪੁੱਜੇ

**ਪੋਨਾ :** ਜਗਰਾਓਂ ਦੇ ਪਿੰਡ ਪੋਨਾ ਵਿਚ ਮਰਹੂਮ ਗਾਇਕ ਰਾਜਵੀਰ ਜਵੰਦਾ ਦੀ ਅੰਤਿਮ ਅਰਦਾਸ ਕੀਤੀ ਗਈ। ਭੋਗ ਸਮਾਗਮ ਵਿਚ ਗਾਇਕ ਦੇ ਵੱਡੀ ਗਿਣਤੀ ਦੋਸਤ, ਪ੍ਰਸ਼ੰਸਕ, ਹਮਾਇਤੀ, ਉੱਘੀਆਂ ਹਸਤੀਆਂ ਤੇ ਪਰਵਾਰਕ ਮੈਂਬਰ ਸ਼ਾਮਲ ਹੋਏ। ਭੋਗ ਸਮਾਗਮ ਵਿਚ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਸੀਨੀਅਰ ਕਲੇਰ, ਮਰਹੂਮ ਦੀਪ ਸਿੱਧੂ ਦਾ ਭਰਾ ਮਨਦੀਪ ਸਿੱਧੂ, ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਅਮਰੀਕ ਸਿੰਘ ਆਲੀਵਾਲ, ਲੱਖਾ ਸਿਧਾਣਾ, ਅਨਮੋਲ ਕਵਾਤੜਾ ਤੇ ਕਈ ਹੋਰ ਸ਼ਾਮਲ ਹੋਏ।








# ਦੀਵਾਲੀ, ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਭਗਤਾ ਭਾਈ ਵਿਸ਼ੇਸ਼ ਸਪਲੀਮੈਂਟ






ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਬਵਲੇਸ਼ ਕੁਮਾਰ ਸਿੰਗਲਾ

ਮੰਡਲ ਪ੍ਰਧਾਨ ਭਗਤਾ ਭਾਈਕਾ



ਤਰੁਨ ਸਿੰਗਲਾ



ਜਗਸੀਰ ਸਿੰਘ ਪੱਪੂ
ਸੀਨੀ. ਭਾਜਪਾ ਆਗੂ

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਯਾਦਵਿੰਦਰ ਸਿੰਘ
ਸਮਾਜ ਸੇਵੀ



ਹਰਜਿੰਦਰ ਕੌਰ
ਸਰਪੰਚ ਸਿਰੀਏਵਾਲਾ

ਸਿਰੀਏਵਾਲਾ ਦੀ ਸਮੂਹ ਗਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਦੇਸ਼ ਵਾਸੀਆਂ ਨੂੰ ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ

ਆਓ ਰਲ ਮਿਲ ਕੇ ਗਰੀਨ ਦੀਵਾਲੀ ਮਨਾਈਏ।



ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਬੂਟਾ ਸਿੰਘ ਸਿੱਧੂ

ਹਲਕਾ ਕੋਆਰਡੀਨੇਟਰ ਅਤੇ ਸੀਨੀ. ਆਪ ਆਗੂ ਹਲਕਾ ਰਾਮਪੁਰਾ ਫੂਲ

ਬਜਾਜ ਮੋਟਰਸਾਈਕਲ ਏਜੰਸੀ ਭਗਤਾ

ਵਿਕਟੋਰੀਆ ਰਿਜ਼ੋਰਟਸ ਜਲਾਲ

ਦਸੰਬਰ ਮਹੀਨੇ ਦੀ ਬੁਕਿੰਗ 'ਤੇ ਵਿਸ਼ੇਸ਼ ਛੋਟ

ਸੰਪਰਕ : 94634-33625



ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਗੁਰਪ੍ਰੀਤ ਸਿੰਘ ਕਾਂਗੜ
ਸਾਬਕਾ ਮੰਤਰੀ, ਪੰਜਾਬ

ਗੁਰਮੇਲ ਸਿੰਘ
ਸਾਬਕਾ ਸਰਪੰਚ

ਜਾਰੀ ਕਰਤਾ : ਗੁਰਮੇਲ ਸਿੰਘ ਸਾਬਕਾ ਸਰਪੰਚ



ਨਾਗਪਾਲ ਪਰਵਾਰ ਵੱਲੋਂ ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ

ਗੁਰਪ੍ਰੀਤ ਸਿੰਘ ਕਾਂਗੜ
ਸਾਬਕਾ ਮੰਤਰੀ, ਪੰਜਾਬ



ਇੰਦਰਜੀਤ ਨਾਗਪਾਲ

ਸਮੂਹ ਨਾਗਪਾਲ ਪਰਵਾਰ



ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਬਲਕਾਰ ਸਿੰਘ ਸਿੱਧੂ
ਐਮ ਐਲ ਏ ਹਲਕਾ ਰਾਮਪੁਰਾ ਫੂਲ

ਵਿਜੈ ਕੁਮਾਰ ਪ੍ਰਧਾਨ
ਸੀਨੀ. ਆਪ ਆਗੂ ਭਗਤਾ ਭਾਈਕਾ

ਜਾਰੀ ਕਰਤਾ : ਵਿਜੈ ਕੁਮਾਰ ਪ੍ਰਧਾਨ ਸੀਨੀ. ਆਪ ਆਗੂ ਭਗਤਾ ਭਾਈਕਾ

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਸੀਨੀਅਰ ਕਾਂਗਰਸੀ ਆਗੂ ਤੀਰਥ ਸਿੰਘ ਸਿੱਧੂ ਆਪਣੇ ਪਰਵਾਰ ਨਾਲ



ਸਿਮਰਪ੍ਰੀਤ ਸਿੰਘ
ਪ੍ਰਧਾਨ ਨੈਸ਼ਨਲ ਯੂਥ ਕਾਂਗਰਸ


ਸ਼੍ਰੀ ਬਾਲਾਜੀ ਲਈ ਅਥਾਹ ਸ਼ਰਧਾ ਰੱਖਣ ਵਾਲਾ

## ਰਵੀ ਵਰਮਾ



**ਰਵੀ ਵਰਮਾ**
**ਪ੍ਰੋਪਰਟੀ ਸਲਾਹਕਾਰ**

ਰਵੀ ਵਰਮਾ ਚੰਗੇ ਲੋਕਾਂ ਵਿੱਚ ਆਪਣਾ ਅਸਰ ਰਸੂਖ ਰੱਖਦਾ ਹੋਇਆ ਕਾਰੋਬਾਰ ਦੇ ਨਾਲ-ਨਾਲ ਰਾਜਨੀਤੀ ਵਿੱਚ ਵੀ ਵੱਡੇ ਲੀਡਰਾਂ ਨਾਲ ਰਾਬਤਾ ਰੱਖਦਾ ਹੈ। ਭਗਤਾ ਭਾਈ ਕਾ ਦਾ ਜੰਮਪਲ ਨੌਜਵਾਨ ਰਮਨ ਵਰਮਾ ਉਰਫ ਰਵੀ, ਜ਼ਿੰਦਗੀ ਦੀ ਸਫਲਤਾ ਦੀਆਂ ਪੌੜੀਆਂ ਚੜ੍ਹਦਾ ਅੱਜ ਆਪਣਾ ਪਰਿਵਾਰ ਪਾਲ ਰਿਹਾ ਹੈ। ਛੋਟੀ ਉਮਰੇ ਮਾਂ ਦਾ ਵਿਛੜ ਜਾਣਾ ਤੇ ਪਿਉ ਵੱਲੋਂ ਦੋਹਾਂ ਦਾ ਫਰਜ਼ ਅਦਾ ਕਰਦੇ ਹੋਏ ਰਵੀ ਨੂੰ ਹੌਸਲਾ ਦੇਣਾ ਅਤੇ ਜ਼ਿੰਦਗੀ ਵਿੱਚ ਕਾਮਯਾਬ ਇਨਸਾਨ ਬਣਾਉਣ ਲਈ ਉਸਦਾ ਸਾਥ ਦੇਣਾ। ਮਾਂ ਦਾ ਸਾਥ ਨਾ ਹੋਣ ਦੇ ਬਾਵਜੂਦ ਰਵੀ ਨੇ ਆਪਣਾ ਹੌਸਲਾ ਨਹੀਂ ਹਾਰਿਆ। ਰਵੀ ਰਾਜਸਥਾਨ ਸਥਿਤ ਸ਼੍ਰੀ ਬਾਲਾਜੀ ਮੰਦਰ ਤੱਕ ਪਹੁੰਚਦਾ ਹੋਇਆ ਸ਼੍ਰੀ ਹਨੂੰਮਾਨ ਜੀ ਦੇ ਲੜ ਲਗਦਾ ਹੈ ਅਤੇ ਆਪਣੀ ਸ਼ਰਧਾ ਭਾਵਨਾ ਨਾਲ ਮਨ ਵਿੱਚ ਵਿਸ਼ਵਾਸ ਰੱਖਦਾ ਹੋਇਆ ਆਏ ਮਹੀਨੇ ਸਾਲਾਸਰ ਧਾਮ ਜਾਣ ਦਾ ਪ੍ਰਣ ਕਰਦਾ ਹੈ। ਰਵੀ ਨੇ ਆਪਣਾ ਵਿਸ਼ਵਾਸ ਕਾਇਮ ਰੱਖਿਆ ਅਤੇ ਬਾਲਾਜੀ ਦਾ ਸਾਥ ਨਾ ਛੱਡਿਆ। ਕੋਈ ਵੀ ਗੱਲ ਹੋਵੇ, ਪੁੱਛਣ 'ਤੇ ਸਿਰਫ ਇਹੀ ਕਿਹਾ ਜਾਂਦਾ ਹੈ ਬੱਸ ਬਾਲਾਜੀ ਹੀ ਸਭ ਜਾਣਦੇ ਨੇ ਅਤੇ ਉਹੀ ਕਰਨ ਵਾਲੇ ਹਨ'!




ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਗੁਰਪ੍ਰੀਤ ਸਿੰਘ ਕਾਂਗੜ
ਸਾਬਕਾ ਮੰਤਰੀ, ਪੰਜਾਬ

ਜਗਜੀਤ ਸਿੰਘ
ਸਾਬਕਾ ਸਰਪੰਚ, ਕੋਇਰ ਸਿੰਘ ਵਾਲਾ

ਜਾਰੀ ਕਾਰਤਾ : ਜਗਜੀਤ ਸਿੰਘ ਸਾਬਕਾ ਸਰਪੰਚ, ਕੋਇਰ ਸਿੰਘ ਵਾਲਾ

ਬਿਨਾਂ ਕਾਟ ਵਾਲੇ ਜੇਵਰ ਬਿਨਾਂ ਕਾਟ ਵਾਲੇ ਜੇਵਰ

KRISHNA JEWELLERS

(ਬਰਨਾਲੇ ਵਾਲੇ ਸਰਾਫ਼ਾਂ ਦੀ ਦੁਕਾਨ)



DEALS IN:
Gold Jewellery
Silver Jewellery
Bridal Jewellery

ਨੋਟ: ਇੱਥੇ ਸੋਨੇ ਦੇ ਬਿਨਾਂ ਕਾਟ ਵਾਲੇ ਹਾਲਮਾਰਕ (916) ਜੇਵਰ ਤਿਆਰ ਮਿਲਦੇ ਹਨ।

Follow Us On Instagram: krishna_jewellers_bhagta

ਸੁਖਦੇਵ ਮਾਰਕੀਟ, ਭਗਤਾ ਭਾਈ ਕਾ (ਬਠਿੰਡਾ)
ਮੋ: 97097-81000



ਮਹਿੰਦਰਪਾਲ ਕਾਮਰਾ

SURINDER'S Shivam RESTAURANT



ਸ਼ਿਵਮ ਕਾਮਰਾ

• DAIRY
• BAKERY
• SWEETS
• SNACKS

ਆਊਟ ਡੋਰ ਕੈਟਰਿੰਗ ਦਾ ਖਾਸ ਪ੍ਰਬੰਧ ਹੈ।

Surinder's

DAIRY & SHIVAM RESTAURANT

ਵਿਆਹ-ਸ਼ਾਦੀਆਂ, ਰਿੰਗ ਸੈਰੇਮਨੀ, ਬਰਥ-ਡੇ ਪਾਰਟੀ, ਕਿੱਟੀ ਪਾਰਟੀ ਅਤੇ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਲਈ ਏ.ਸੀ. ਹਾਲ ਦਾ ਖਾਸ ਪ੍ਰਬੰਧ ਹੈ।



M. 98159-58522 ਗੀਤਾ ਭਵਨ ਰੋਡ, ਭਗਤਾ ਭਾਈਕਾ (ਬਠਿੰਡਾ)

ਲਛਮੀ ਨਰਾਇਣ ਕਟਾਰੀਆ ਚੇਅਰਮੈਨ

Rocky UV Collection

# ਰਾਜਪੁਰਾ ਤੋਂ ਦੀਵਾਲੀ 'ਤੇ ਵਿਸ਼ੇਸ਼ ਸਪਲੀਮੈਂਟ

ਰਾਜਿੰਦਰ ਕਟਾਰੀਆ

ਰਮੇਸ਼ ਕਟਾਰੀਆ ਪੱਤਰਕਾਰ ਮੋਬਾਇਲ 99880-13675


## ਸੰਦੇਸ਼

ਸਾਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਦੀਵਾਲੀ ਦੇ ਸ਼ੁੱਭ ਮੌਕੇ ਰਾਜਪੁਰਾ ਦਾ ਵਿਸ਼ੇਸ਼ ਸਪਲੀਮੈਂਟ ਹਰ ਸਾਲ ਦੀ ਵਾਂਗ ਇਸ ਵਾਰ ਵੀ ਪੱਤਰਕਾਰ ਰਮੇਸ਼ ਕਟਾਰੀਆ ਕੱਢ ਰਹੇ ਹਨ। ਇਸ ਮੌਕੇ ਅਸੀਂ ਉਨ੍ਹਾਂ ਅਤੇ ਸਾਰੇ ਸ਼ੁੱਭ ਚਿੰਤਕਾਂ ਨੂੰ ਲੱਖ-ਲੱਖ ਵਧਾਈ ਦਿੰਦੇ ਹਾਂ।

ਤਰਸੇਮ ਜੋਸ਼ੀ ਡਾਇਰੈਕਟਰ ਸਕਾਲਰ ਪਬਲਿਕ ਸਕੂਲ ਰਾਜਪੁਰਾ

ਸ੍ਰੀਮਤੀ ਸੁਦੇਸ਼ ਜੋਸ਼ੀ ਡਾਇਰੈਕਟਰ ਸਕਾਲਰ ਪਬਲਿਕ ਸਕੂਲ, ਰਾਜਪੁਰਾ

ਬੀਬੀ ਪ੍ਰਨੀਤ ਕੌਰ ਸਾਬਕਾ ਵਿਦੇਸ਼ ਮੰਤਰੀ

ਮੈ. ਕਰਤਾਰ ਸਿੰਘ ਐਂਡ ਸੰਨਜ਼ (ਆੜ੍ਹਤੀ)

ਦੁਕਾਨ ਨੰ. 140-ਏ, ਨਵੀਂ ਅਨਾਜ ਮੰਡੀ, ਰਾਜਪੁਰਾ ਟਾਊਨ

ਬਲਰਾਜ ਸਿੰਘ : 98146-00457, ਦੁਕਾਨ : 97818-10662

Wish you a very Happy Diwali

RAMESH PAHUJA President Vyapar Mandal Rajpura M : 98140-67537

Neena Mittal M.L.A., Rajpura

Off. Add. : Shop No. 8,9,10,11 Opp. Life Hospital, Underbridge Road, Rajpura

### ਸ਼ਹਿਰ ਵਾਸੀਆਂ ਨੂੰ ਦੀਵਾਲੀ ਦੀ ਲੱਖ-ਲੱਖ ਵਧਾਈਆਂ

ਸ਼ਾਮ ਲਾਲ ਅਨੰਦ · ਅਜੇ ਗੋਇਲ · ਰਾਕੇਸ਼ ਸਿੰਗਲਾ · ਗੁਰਿੰਦਰ ਸਿੰਘ ਐਮ ਡੀ

ਦੀਪਾਵਲੀ की हार्दिक शुभकामनाएं

Narinder Modi Prime Minister India · J.P. Nadda President BJP (India) · Sunil Jakhar President BJP (Punjab) · Ashwani Sharma Exec. President BJP (Punjab) · Manoranjan Kalia Ex. President BJP (Punjab)

दीपावली की हार्दिक शुभकामनाएं

Sanjeev Kumar Mittal State Executive Member, Punjab BJP M : 98551-00034, 78373-34000

Eagle Motel

GT Road By Pass, Rajpura-140 401 (Pb.) Gurinder Singh (98766-00057, Amarjit Singh 99158-00800

Arvind Kejriwal Sanyojak, AAP · S. Bhagwant Maan Chief Minister, PB. · Neena Mittal MLA Rajpura

Vijay Mainro Block President, AAP RAJPURA

ਨੀਨਾ ਮਿੱਤਲ ਵਿਧਾਇਕ ਰਾਜਪੁਰਾ

ਦੀਵਾਲੀ ਦੀਆਂ ਲੱਖ-ਲੱਖ ਮੁਬਾਰਕਾਂ

ਨੀਨਾ ਮਿੱਤਲ ਵਿਧਾਇਕ ਰਾਜਪੁਰਾ · ਯਸ਼ ਚਾਵਲਾ ਚੇਅਰਮੈਨ

New Fansey Jewellers

Chander Shekhar (Channi) 99881-52345 · Kamal Kapoor (Kaku) 98882-45345

#99, 100 Subhash Market, Rajpura Town I 01762-500345

### ਸ਼ਹਿਰ ਵਾਸੀਆਂ ਨੂੰ ਦੀਵਾਲੀ ਦੀ ਲੱਖ-ਲੱਖ ਵਧਾਈਆਂ

ਦੀਪਕ ਸ਼੍ਰੀਵਾਸਤਵ · ਰਕੇਸ਼ ਕੁਮਾਰ ਸਮਾਜ ਸੇਵੀ · ਰਾਕੇਸ਼ ਪਾਹਵਾ · ਨਿਤਿਨ ਸਿੰਧੀ

ਸ਼ਾਮ ਸੁੰਦਰ ਵਧਵਾ ਸਟੇਟ ਜੁਆਇੰਟ ਸੈਕਟਰੀ ਆਮ ਆਦਮੀ ਪਾਰਟੀ ਪੰਜਾਬ 98884-90933, 97794-61645

ਨੀਨਾ ਮਿੱਤਲ ਵਿਧਾਇਕ ਰਾਜਪੁਰਾ

ਦੀਵਾਲੀ ਦੀਆਂ ਅਤੇ ਗੁਰਪੁਰਬ ਦੀਆਂ ਸਾਰੇ ਸ਼ਹਿਰ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਨਿਨਾ ਮਿੱਤਲ MLA, RAJPURA · ਸਮੀਤ ਬਖ਼ਸ਼ੀ ਮੋ. 91 98888-00139

ਦੀਵਾਲੀ ਦੇ ਸ਼ੁੱਭ ਮੌਕੇ ਰਾਜਪੁਰਾ ਦਾ ਵਿਸ਼ੇਸ਼ ਸਪਲੀਮੈਂਟ 'ਤੇ ਪੱਤਰਕਾਰ ਰਮੇਸ਼ ਕਟਾਰੀਆ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈ

ਸ੍ਰੀ ਹਰਵਿੰਦਰ ਸਿੰਘ ਕੰਬੋਜ X ਐਮ ਐਲ ਏ ਰਾਜਪੁਰਾ · ਨਰਿੰਦਰ ਸ਼ਾਸਤਰੀ ਪ੍ਰਧਾਨ ਨਗਰ ਕੌਂਸਲ ਰਾਜਪੁਰਾ

SMARTWORLD Advisors

IELTS · PTE · VISA

* STUDY VISA * TOURIST VISA * WORK VISA * PR

ARYA SAMAJ ROAD, RAJPURA M.62830-26569

JASHAN RESIDENCY HOTEL PURE VEGETARIAN Restaurant, Rooms, Banquet Hall

Reception : 93163-10066 GM : 93165-10066

Rajpura-Sirhind Road Highway, Vill. Uppalheri, Rajpura (Pb.) email :jashanresidency@gmail.com

HAPPY DIWALI

Patel Memorial National College, Rajpura · Patel Institute of Management & Technology, Rajpura (Affiliated to Punjabi University, Patiala & AICTE approved) · Patel Public School (Affiliated to C.B.S.E., New Delhi)

Courses Offered at PMNC & PIMT : BA/BA (Hons.) B.Com/B.Com (Hons.). BBA, BCA B.Sc (Medical/Non-Medical/C.S./CSM), B.Sc. (Fashion Technology). M.Com, MA (English/Punjabi), PGDCA, MCA & MBA (2 years course).

Devki Nandan President · Harpreet S. Dua Vice President · Amanjot Singh Gen. Secretary · Ritesh Bansal Fin. Secretary · Vijay Arya Secretary

Ph.No. 01762-224236, 500390, 221237, 227299, 95-0198-0198

www.patelcollege.in, www.patelinstitute.in, www.patelpublicschool.com

ਵਪਾਰ ਮੰਡਲ, ਰਾਜਪੁਰਾ ਦੀ ਤਰਫੋਂ ਇਲਾਕਾ ਨਿਵਾਸੀਆਂ ਨੂੰ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ

KK Tiles Mfrs of Lubficating Tiles Rajpura

ਸੰਜੀਵ ਡੱਲਾ ਪ੍ਰੋਪ.

Vijay Kumar 98140-41257 · Madhur Kinger 98881-70057

SEWAK TIMBERS & PLYWOOD

46, Industrial Area, Under Bridge Road, Rajpura (Pb.) timsewakply-wood@gmail.com

Wholesale in : Teak Wood, Saal, Maranti, Pine Wood, Plywood, Flush Door, Mica, Teak Veneer & MDF

Vinod Kumar 98140-31357 · Yatin Kinger 99884-19957 · Nishchal Kinger 99883-19957

RS TIMBERS

Wholesale Timber Merchants of Imported Timber Logs & Cut Sizes rstimber057@gmail.com #58, Under Bridge Road, Rajpura Town (Pb)

Vinod Kinger

0% Interest

ਬਜਾਜ ਬੈਟਰੀ ਹਾਊਸ

ਵਿਆਜ ਅਤੇ ਅਸਾਨ ਕਿਸ਼ਤਾਂ 'ਤੇ

Bajaj Battery House Kalka Road, Near UCO BANK, RAJPURA M.98140-13252, 98150-64021

RAUNAQ P ANEJA PARTNER Mob : 97797-76728 E-mail : raunaq.amp@gmal.com

Plot No. 4 A Under Bridge Opposite Darga Masum, Rajpura-140401 aneja.m.ply@gmail.com

दीपावली की शुभकामनाओं सहित

READYMADE GARMENTS ASSOCIATION, RAJPURA

SARPARST PREM SINGH · CHAIRMAN DIVAKAR VERMA · PRESIDENT DINESH KHATTAR · GEN. SEC. MOHINDER KAKKAR · CASHIER DARSHAN KUMAR

ਬਲਵਿੰਦਰ ਸਿੰਘ (ਮਹਿਮੂਦਪੁਰ ਵਾਲੇ) : 98141-80804, 95515-34000 ਰਣਜੋਧ ਸਿੰਘ : 70871-81762

ਵਰਲਡ ਆਫ ਟਾਈਲ ਐਂਡ ਗ੍ਰੇਨਾਈਟ

ਇੱਥੇ ਹਰ ਪ੍ਰਕਾਰ ਦੀਆਂ ਟਾਇਲਾਂ, ਮਾਰਬਲ, ਗ੍ਰੇਨਾਈਟ, ਸੈਨੇਟਰੀ ਪਾਈਪ ਅਤੇ ਫੀਟਿੰਗ ਦਾ ਸਮਾਨ ਆਦਿ ਮਿਲਦਾ ਹੈ

ਸਾਹਮਣੇ ਅਮਰਦੀਪ ਕਾਲੋਨੀ, ਪਟਿਆਲਾ-ਰਾਜਪੁਰਾ ਰੋਡ, ਰਾਜਪੁਰਾ

Wish You a Happy Diwali

Yash Pal Sindhi Chairman Vyapar Mandal, Rajpura President, Electrical Association Owner, SINDHI PLAZA M.L.A. Road, Rajpura

सभी नगरवासियों को दीपावली की हार्दिक बधाई

CLOTH MERCHANT ASSOCIATION RAJPURA

Sarpast Bhushan Ahuja · Chairman Ashok Kalra · President Pawan Madan · G. Secretary Satish Kumar · Cashier Pawan Chawla

डी.ए.वी सीनियर सैकेंडरी पब्लिक स्कूल, राजपुरा

की ओर से समस्त नगर निवासियों को दीपावली की हार्दिक शुभकामनाएं

श्री आर.सी. जीवन चेयरमैन · डा. एस मारिया मैनेजर · श्रीमती अल्पना पाठक प्रधानाचार्या

Royal Kitchen World

Piyush Thareja : 97805-02227 Preeti Thareja : 98768-22227

ਮਨੋਹਰ ਲਾਲ ਥਰੇਜਾ ਪ੍ਰਧਾਨ

DURGA MANDIR ROAD, RAJPURA (PB. Follow us on F : "Royal Kithen World" Rajpura

S.S. GARMENTS

Jawahar Lal 98885-82446 · Sanyam 85589-70066 · Indu 99881-53664

Shop No. 57-58,Subhash Market Rajpura Town Ssgarments0066@gmail.com

Bagga Vet Pharma

Deals in : Poultry & Cattle Feed Supplements & Medicines Old Kalka Road, Opp. UCO Bank, New Gagan Chowk, Rajpura 140401

+91-98150-00351 bagga_rajpura@yahoo.com

Inder Pal Singh

Ravi 78142-90372 98766-25249 · Dharampal 88377-61614 Mohan Lal 89680-13884

M/s. SHIV DAYAL DHARAM PAL COMMISSION AGENT

Shop No. 102, New Anaj Mandi, Rajpura Town-140 401

ਮੈ. ਸ਼ਿਵ ਦਿਆਲ ਧਰਮ ਪਾਲ, ਆੜ੍ਹਤੀ

ਦੁਕਾਨ ਨੰ. : 102, ਨਵੀਂ ਅਨਾਜ ਮੰਡੀ, ਰਾਜਪੁਰਾ ਟਾਊਨ-140 401

MINI Garments

Duppata Market, Rajpura Town (M) 98882-25165 I 98881-64186

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ

ਡਵੀਜ਼ਨ ਰਾਜਪੁਰਾ ਰਜਿ: 41 ਵੱਲੋਂ ਸੰਘਰਸ਼ਸ਼ੀਲ ਮੁਲਾਜ਼ਮਾਂ ਨੂੰ ਦੀਵਾਲੀ ਮੁਬਾਰਕ

ਸਾਥੀ ਹਰਭਜਨ ਸਿੰਘ · ਸਾਥੀ ਬਲਜੀਤ ਕੁਮਾਰ · ਗੁਰਵਿੰਦਰ ਸਿੰਘ · ਸੁਖਦੇਵ ਸਿੰਘ

ਸਾਥੀ ਕੁਲਦੀਪ ਸਿੰਘ · ਹਰਦੀਪ ਸਿੰਘ · ਸਰਬਜੀਤ ਸਿੰਘ · ਸਾਥੀ ਜਗਵਿੰਦਰ ਸਿੰਘ

With best compliments from :

ASHISH GUDWANI

Nalas Construction

Ground Floor, Khajoor Peer Colony, Saidkheri Road, Near Tulsidass Gurdwara, Rajpura, Distt. Patiala - 140401

M : 75085-79057, 75085-00957

ਪਾਵਰਕਾਮ ਪੈਨਸ਼ਨ ਯੂਨੀਅਨ (ਏਟਕ) ਡਵੀਜ਼ਨ ਰਾਜਪੁਰਾ ਵੱਲੋਂ ਦੀਵਾਲੀ ਮੁਬਾਰਕ

ਰਵਿੰਦਰ ਸਿੰਘ · ਨਾਜਰ ਸਿੰਘ · ਜੀਵਨ ਸਿੰਘ · ਦਰਸ਼ਨ ਸਿੰਘ · ਜੋਗਿੰਦਰ ਸਿੰਘ

ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਪੰਜਾਬ ਏਟਕ ਜਥੇਬੰਦੀ ਵਿੱਚੋਂ ਸੇਵ ਮੁਕਤ ਹੋਏ ਸਾਥੀ

ਸਾਥੀ ਹਰਭਜਨ ਸਿੰਘ ਪੰਜਾਬ ਪ੍ਰਧਾਨ · ਸਾਥੀ ਰਾਮ ਰਤਨ ਪ੍ਰਧਾਨ · ਸਾਥੀ ਸ਼ਾਮ ਸੁੰਦਰ ਖਜ਼ਾਨਚੀ

ਸਰਵੋਪ ਟਰੇਡਰਜ਼ ਐਸੋਸੀਏਸ਼ਨ ਰਾਜਪੁਰਾ ਵੱਲੋਂ ਸ਼ਹਿਰ ਵਾਸੀਆਂ ਨੂੰ ਦੀਵਾਲੀ ਦੀ ਲੱਖ-ਲੱਖ ਵਧਾਈ

ਤਰਲੋਕ ਸਿੰਘ ਚਾਵਲਾ ਪ੍ਰਧਾਨ · ਪ੍ਰਦੀਪ ਕੁਮਾਰ ਜਨਰਲ ਸਕੱਤਰ · ਰਣਜੀਤ ਸਿੰਘ ਕੈਸ਼ੀਅਰ · ਵੇਦ ਪ੍ਰਕਾਸ਼ ਅਹੂਜਾ ਸੈਕਟਰੀ

Wholesale & Retail Karyana Merchants Association

ਚੇਅਰਮੈਨ ਸੁਰਿੰਦਰ ਮੁੰਝੀ 98153-92162 · ਪ੍ਰਧਾਨ ਸੁਨੀਲ ਉਤਰੇਜਾ 99880-00733 · ਜਨਰਲ ਸੈਕਟਰੀ ਵਿੱਕੀ ਅਹੂਜਾ · ਕੈਸ਼ੀਅਰ ਅਸ਼ਵਨੀ ਕੁਮਾਰ

Kerovit By Kajaria

Auth. Distributor Swaraj Mill Store #2699-B, Ground Floor, Arya Samaj Road Rajpura Town ( Mob : 92160-60200)

Vijay Arya

ਦੀਵਾਲੀ ਦੀਆਂ ਲੱਖ-ਲੱਖ ਮੁਬਾਰਕਾਂ

ਪਰਮਜੀਤ ਸਿੰਘ ਸਰਪੰਚ ਪਿੰਡ ਸੈਦਖੇੜੀ ਮੋ. 92178-91695

Jc Jalan Cryogenics (P) Ltd.

Mfrs of : High Purity Oxygen, nitrogen Argon & Carbon Dioxide Gases Regd office : Chandigarh Road Rajpura (01762-232740, 232427)

Ph.01762-232740, 232427

HOLY ANGELS, RAJPURA

Holy Angels Rajpura (Affiliated to I.C.S.E. Board, New Delhi)

P.O.Box No. 39, Rajpura 140 401 (Pb.) email : holyangelsschool@gmail.com

Wholesale Shoe Merchants Associations

Member Vaypar Mandai, Rajpura Town-140 401 (Pb.)

Chairman VED PARKASH CHAWLA M/s. Indian Boot House M: 98883-75275 · President NARESH HANS M/s. Mayur Traders M: 98144-45856 · Gen. Secretary CHARANJIT SINGH M/s. Shalu Traders M: 94171-69754

NARESH HANS President · Sanjay Kinger Cashier

Ph : 094170-27024,099880-27024

CHIRAAG INDUSTRIES

MFRS OF : QUALITY ANIMAL FEEDS, Oil Cakes & Maize Silage

LAKKAR MANDI, RAJPURA TOWN-140401 (PB.) Ph: (O) 01762-227023 (R) 222623

ਨਵਾਂ ਜ਼ਮਾਨਾ

ਸ਼ਨੀਵਾਰ, 18 ਅਕਤੂਬਰ 2025

# ਜੱਜ ਨਾਲ ਬੇਇਨਸਾਫੀ

*ਹਾਈ ਕੋਰਟਾਂ ਦੇ ਜੱਜਾਂ ਦੀਆਂ ਨਿਯੁਕਤੀਆਂ ਤੇ ਤਬਾਦਲੇ ਕਰਨ ਵਾਲਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਤੇ ਹੋਰਨਾਂ ਸੀਨੀਅਰ ਜੱਜਾਂ ਦਾ ਸਮੂਹ (ਕਾਲੇਜੀਅਮ) ਬੀਤੇ ਵਿੱਚ ਜੱਜਾਂ ਦੇ ਤਬਾਦਲਿਆਂ ਦੇ ਆਪਣੇ ਫੈਸਲਿਆਂ 'ਤੇ ਨਜ਼ਰਸਾਨੀ ਕਰਦਾ ਰਿਹਾ ਹੈ, ਪਰ ਇਹ ਪਹਿਲੀ ਵਾਰ ਹੈ ਕਿ ਉਸ ਨੇ ਸਰਕਾਰ ਦੀ ਮੰਗ 'ਤੇ ਨਜ਼ਰਸਾਨੀ ਕਰਕੇ ਜੱਜ ਦੀ ਪਹਿਲਾਂ ਕੀਤੀ ਬਦਲੀ ਰੱਦ ਕਰਕੇ ਉਸ ਨੂੰ ਹੋਰ ਕਿਤੇ ਬਦਲ ਦਿੱਤਾ। ਇਸ ਫੈਸਲੇ ਦੀ ਜਾਣਕਾਰੀ ਖੁਦ ਕਾਲੇਜੀਅਮ ਨੇ ਦਿੱਤੀ। ਕਾਲੇਜੀਅਮ ਨੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਨੰਬਰ ਦੋ ਜੱਜ ਜਸਟਿਸ ਅਤੁਲ ਸ੍ਰੀਧਰਨ ਦੀ ਛੱਤੀਸਗੜ੍ਹ ਹਾਈ ਕੋਰਟ ਵਿੱਚ ਬਦਲੀ ਦੀ ਸਿਫਾਰਸ਼ ਕੀਤੀ ਸੀ। ਸਰਕਾਰ ਵੱਲੋਂ ਨਜ਼ਰਸਾਨੀ ਕਰਨ ਲਈ ਕਹਿਣ 'ਤੇ ਉਨ੍ਹਾ ਦੀ ਬਦਲੀ ਅਲਾਹਾਬਾਦ ਹਾਈ ਕੋਰਟ ਦੀ ਕਰ ਦਿੱਤੀ ਗਈ। ਜਸਟਿਸ ਸ੍ਰੀਧਰਨ ਦੀ ਛੱਤੀਸਗੜ੍ਹ ਹਾਈ ਕੋਰਟ ਵਿੱਚ ਬਦਲੀ ਹੁੰਦੀ ਤਾਂ ਉਹ ਉੱਥੇ ਤੀਜੇ ਸਭ ਤੋਂ ਸੀਨੀਅਰ ਜੱਜ ਹੁੰਦੇ, ਪਰ ਅਲਾਹਾਬਾਦ ਵਿੱਚ ਸੀਨੀਆਰਤਾ ਸੂਚੀ 'ਚ ਸੱਤਵੇਂ ਨੰਬਰ 'ਤੇ ਆਉਣ ਦੀ ਸੰਭਾਵਨਾ ਹੈ।*

*ਜਸਟਿਸ ਸ੍ਰੀਧਰਨ 2016 ਵਿੱਚ ਮੱਧ ਪ੍ਰਦੇਸ਼ ਹਾਈ ਕੋਰਟ ਦਾ ਜੱਜ ਬਣਨ ਤੋਂ ਪਹਿਲਾਂ ਇੰਦੌਰ ਵਿੱਚ ਵਕੀਲ ਹੁੰਦੇ ਸਨ। 2023 ਵਿੱਚ ਉਨ੍ਹਾ ਖੁਦ ਨੂੰ ਮੱਧ ਪ੍ਰਦੇਸ਼ ਤੋਂ ਬਾਹਰ ਭੇਜਣ ਦੀ ਬੇਨਤੀ ਕੀਤੀ, ਕਿਉਂਕਿ ਉਨ੍ਹਾ ਦੀ ਧੀ ਨੇ ਇੰਦੌਰ ਵਿੱਚ ਵਕਾਲਤ ਸ਼ੁਰੂ ਕਰਨੀ ਸੀ। ਉਨ੍ਹਾ ਦੀ ਬਦਲੀ ਜੰਮੂ-ਕਸ਼ਮੀਰ ਤੇ ਲੱਦਾਖ ਹਾਈ ਕੋਰਟ ਵਿੱਚ ਕਰ ਦਿੱਤੀ ਗਈ। ਉਸ ਤੋਂ ਬਾਅਦ ਉਹ 2025 ਵਿੱਚ ਫਿਰ ਮੱਧ ਪ੍ਰਦੇਸ਼ ਪਰਤ ਆਏ। ਜਸਟਿਸ ਸ੍ਰੀਧਰਨ ਉਹ ਜੱਜ ਹਨ, ਜਿਨ੍ਹਾ ਜੰਮੂ-ਕਸ਼ਮੀਰ ਵਿੱਚ ਇਹਤਿਆਤੀ ਨਜ਼ਰਬੰਦੀਆਂ ਦੀ ਅਦਾਲਤੀ ਜਾਂਚ ਨੂੰ ਹੋਰ ਵਿਆਪਕ ਬਣਾਇਆ ਤੇ ਲੋਕ ਸੁਰੱਖਿਆ ਕਾਨੂੰਨ ਤਹਿਤ ਨਜ਼ਰਬੰਦ ਕੀਤੇ ਕਈ ਲੋਕਾਂ ਨੂੰ ਰਾਹਤ ਪਹੁੰਚਾਈ। ਮੱਧ ਪ੍ਰਦੇਸ਼ ਹਾਈ ਕੋਰਟ ਦਾ ਹਿੱਸਾ ਹੁੰਦਿਆਂ ਉਨ੍ਹਾ ਉਸ ਮੀਡੀਆ ਰਿਪੋਰਟ ਦਾ ਖੁਦ ਨੋਟਿਸ ਲਿਆ, ਜਿਸ ਵਿੱਚ ਮੰਤਰੀ ਵਿਜੇ ਸ਼ਾਹ ਨੇ ਅਪ੍ਰੇਸ਼ਨ ਸਿੰਧੂਰ ਦਾ ਚਿਹਰਾ ਰਹੀ ਕਰਨਲ ਸੋਫੀਆ ਕੁਰੈਸ਼ੀ ਬਾਰੇ ਭੜਕਾਊ ਟਿੱਪਣੀ ਕੀਤੀ ਸੀ। ਮੰਤਰੀ ਨੇ ਕਿਹਾ ਸੀ ਕਿ ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਜ਼ਿੰਮੇਵਾਰ ਲੋਕਾਂ ਨੂੰ ਉਨ੍ਹਾ ਦੀ ਭੈਣ ਰਾਹੀਂ ਸਬਕ ਸਿਖਾਇਆ। ਕੋਰਟ ਨੇ ਮੰਤਰੀ ਨੂੰ ਝਾੜ ਪਾਈ ਸੀ ਤੇ ਉਸ ਖਿਲਾਫ ਐੱਫ ਆਈ ਆਰ ਵੀ ਦਰਜ ਕਰਵਾਈ ਸੀ। ਜਸਟਿਸ ਸ੍ਰੀਧਰਨ ਤੇ ਜਸਟਿਸ ਪ੍ਰਦੀਪ ਮਿੱਤਲ ਦੀ ਬੈਂਚ ਨੇ ਮੱਧ ਪ੍ਰਦੇਸ਼ ਦੇ ਦਮੋਹ ਜ਼ਿਲ੍ਹੇ ਵਿੱਚ ਓ ਬੀ ਸੀ ਭਾਈਚਾਰੇ ਦੇ ਵਿਅਕਤੀ ਨੂੰ ਪੈਰ ਧੋ ਕੇ ਪਾਣੀ ਪੀਣ ਲਈ ਮਜਬੂਰ ਕਰਨ ਦੀ ਘਟਨਾ ਦਾ ਖੁਦ ਨੋਟਿਸ ਲੈਂਦਿਆਂ ਕੌਮੀ ਸੁਰੱਖਿਆ ਕਾਨੂੰਨ ਤਹਿਤ ਕਾਰਵਾਈ ਕਰਨ ਦਾ ਨਿਰਦੇਸ਼ ਦਿੰਦਿਆਂ ਕਿਹਾ ਸੀ ਕਿ ਜੇ ਮਾਮਲੇ ਵਿੱਚ ਤੁਰੰਤ ਕਾਰਵਾਈ ਨਾ ਹੋਈ ਤਾਂ ਸਮਾਜੀ ਅਸ਼ਾਂਤੀ ਤੇ ਹਿੰਸਾ ਫੈਲ ਸਕਦੀ ਹੈ। ਬੈਂਚ ਨੇ ਕਿਹਾ ਸੀ ਕਿ ਜਾਤੀ ਹਿੰਸਾ ਤੇ ਭੇਦਭਾਵ ਦੀਆਂ ਘਟਨਾਵਾਂ ਵਾਰ-ਵਾਰ ਸਾਹਮਣੇ ਆ ਰਹੀਆਂ ਹਨ। ਬੈਂਚ ਨੇ ਘਟਨਾ ਨੂੰ ਡੂੰਘਾ ਜਾਤੀਗਤ ਭੇਦਭਾਵ ਤੇ ਮਨੁੱਖੀ ਵੱਕਾਰ 'ਤੇ ਗੰਭੀਰ ਹਮਲਾ ਕਰਾਰ ਦਿੰਦਿਆਂ ਭਾਰਤੀ ਨਿਆਂ ਸੰਹਿਤਾ ਦੀ ਧਾਰਾ 351 ਤੇ 133 ਅਤੇ ਧਾਰਾ 196 (2) ਤਹਿਤ ਦੋਸ਼ ਜੋੜਨ ਲਈ ਕਿਹਾ ਸੀ। ਉਸ ਨੇ ਵਾਇਰਲ ਵੀਡੀਓ ਵਿੱਚ ਦਿਖਾਈ ਦੇ ਰਹੇ ਸਾਰੇ ਲੋਕਾਂ 'ਤੇ ਕੌਮੀ ਸੁਰੱਖਿਆ ਕਾਨੂੰਨ (ਐੱਨ ਐੱਸ ਏ) ਲਾਉਣ ਦਾ ਵੀ ਹੁਕਮ ਦਿੱਤਾ ਸੀ। ਬੈਂਚ ਨੇ ਕਿਹਾ ਸੀ ਕਿ ਪੀੜਤ ਨੂੰ ਭੀੜ ਨੇ ਘੇਰ ਲਿਆ ਤੇ ਹੁਕਮ ਮੰਨਣ ਲਈ ਮਜਬੂਰ ਕੀਤਾ। ਇਹ ਜ਼ਬਰਦਸਤੀ ਤੇ ਧਮਕੀ ਦਾ ਸਜ਼ਾਯੋਗ ਕਾਰਾ ਸੀ।*

*ਜਸਟਿਸ ਅਤੁਲ ਸ੍ਰੀਧਰਨ ਦਾ ਤਬਾਦਲਾ ਇੱਕ ਅਜਿਹਾ ਵਿਸ਼ਾ ਹੈ, ਜਿਸ ਨੇ ਨਿਆਂਪਾਲਿਕਾ ਦੀ ਆਜ਼ਾਦੀ ਤੇ ਕਾਲੇਜੀਅਮ ਪ੍ਰਣਾਲੀ ਉੱਤੇ ਮੁੜ ਤੋਂ ਸਵਾਲ ਖੜ੍ਹੇ ਕਰ ਦਿੱਤੇ ਹਨ। ਸਖਤ, ਨਿਰਪੱਖ ਤੇ ਬੇਬਾਕ ਜਸਟਿਸ ਸ੍ਰੀਧਰਨ ਦੇ ਫੈਸਲੇ ਕਾਨੂੰਨੀ ਨਜ਼ਰੀਏ ਤੋਂ ਹੀ ਨਹੀਂ, ਸਮਾਜੀ ਚੇਤਨਾ ਦੇ ਪੱਧਰ 'ਤੇ ਵੀ ਅਹਿਮ ਰਹੇ ਹਨ। ਉਨ੍ਹਾ ਦੇ ਮਾਮਲਿਆਂ ਦਾ ਖੁਦ ਨੋਟਿਸ ਲੈਣਾ ਸਰਕਾਰ ਦੇ ਮਨੂੰਵਾਦੀ ਸੰਵਿਧਾਨ ਦੇ ਵਿਰੁੱਧ ਜਾਂਦਾ ਰਿਹਾ ਹੈ। ਸਰਕਾਰ ਉਨ੍ਹਾ ਦੇ ਫੈਸਲਿਆਂ ਤੋਂ ਪ੍ਰੇਸ਼ਾਨ ਰਹੀ ਹੈ। ਇਸੇ ਕਰਕੇ ਉਨ੍ਹਾ ਦੀ ਇਸ ਤਰ੍ਹਾਂ ਵਿਦਾਈ ਦਾ ਪ੍ਰੋਗਰਾਮ ਬਣਾਇਆ ਗਿਆ। ਕਾਲੇਜੀਅਮ ਨੇ ਵੀ ਇਸ ਮਾਮਲੇ ਵਿੱਚ ਸਰਕਾਰ ਦਾ ਸਾਥ ਦੇ ਕੇ ਆਪਣੀ ਪ੍ਰਤਿਸ਼ਠਾ ਹੋਰ ਘਟਾ ਲਈ ਹੈ।*

## ਤਿਉਹਾਰਾਂ ਦੇ ਸੀਜ਼ਨ ਦੌਰਾਨ ਮਿਲਾਵਟ ਦਾ ਬੋਲਬਾਲਾ

ਕੋਈ ਵੀ ਖਾਣ-ਪੀਣ ਦੀ ਚੀਜ਼ ਲੈ ਲਵੋ, ਅੱਜ ਦੇ ਸਮੇਂ ਉਹ ਸ਼ੁੱਧ ਨਹੀਂ ਹੈ। ਚਾਹੇ ਦੁੱਧ, ਦੇਸੀ ਘਿਉ, ਮਠਿਆਈਆਂ ਜਾਂ ਦਵਾਈਆਂ ਲੈ ਲਵੋ, ਹਰ ਚੀਜ਼ ਮਿਲਾਵਟ ਨਾਲ ਬਾਜ਼ਾਰ ਵਿੱਚ ਵਿਕ ਰਹੀ ਹੈ । ਨਾਮੀ ਕੰਪਨੀਆਂ ਦੇ ਮਾਰਕੇ ਲਗਾ ਕੇ ਕਈ ਵਾਰ ਬੰਦ ਡੱਬਿਆਂ ਵਿੱਚ ਮਿਲਾਵਟ ਬਹੁਤ ਜ਼ਿਆਦਾ ਦੇਖੀ ਜਾ ਸਕਦੀ ਹੈ । ਕਹਿਣ ਦਾ ਭਾਵ ਹੈ ਕਿ ਅੱਜ ਦਾ ਇਨਸਾਨ ਨਿਰਾ ਜ਼ਹਿਰ ਖਾ ਰਿਹਾ ਹੈ ।ਹਾਲ ਹੀ 'ਚ ਵਿਸ਼ਵ ਸੰਗਠਨ ਦੀ ਨਸ਼ਰ ਹੋਈ ਰਿਪੋਰਟ ਮੁਤਾਬਕ 60 ਕਰੋੜ ਲੀਟਰ ਤੋਂ ਵੱਧ ਭਾਰਤ ਵਿੱਚ ਦੁੱਧ ਦੀ ਵਿਕਰੀ ਹੁੰਦੀ ਹੈ, ਜਿਸ ਵਿੱਚ 45 ਕਰੋੜ ਲੀਟਰ ਤੋਂ ਜ਼ਿਆਦਾ ਮਿਲਾਵਟੀ ਹੁੰਦਾ ਹੈ। ਸਭ ਤੋਂ ਮਿਲਾਵਟੀ ਦੁੱਧ ਦੇ ਮਾਮਲੇ ਉੱਤਰ ਪ੍ਰਦੇਸ਼ ਵਿੱਚ ਫੜੇ ਗਏ ਹਨ । ਦੁੱਧ ਤੋਂ ਬਣਿਆ ਪਨੀਰ, ਦਹੀਂ, ਖੋਆ, ਬਿਸਕੁਟ ਦੇ ਜਦੋਂ ਸੈਂਪਲ ਭਰੇ ਗਏ ਤਾਂ ਸਾਰੇ ਹੀ ਮਿਲਾਵਟੀ ਦੁੱਧ ਨਾਲ ਬਣੇ ਹੋਏ ਸਨ। ਉਧਰ ਵਿਸ਼ਵ ਸੰਗਠਨ ਨੇ ਭਾਰਤ ਸਰਕਾਰ ਨੂੰ ਚੇਤਾਵਨੀ ਵੀ ਦੇ ਦਿੱਤੀ ਹੈ ਕਿ ਜੇ ਮਿਲਾਵਟੀ ਦੁੱਧ ਦਾ ਕਾਰੋਬਾਰ ਨਾ ਰੋਕਿਆ ਗਿਆ ਤਾਂ ਭਾਰਤ ਜਲਦੀ ਹੀ ਨਾਮੁਰਾਦ ਬਿਮਾਰੀ ਕੈਂਸਰ ਦਾ ਸ਼ਿਕਾਰ ਹੋ ਜਾਵੇਗਾ ।ਮੈਡੀਕਲ ਸਟੋਰਾਂ 'ਤੇ ਨਕਲੀ ਦਵਾਈਆਂ ਦਾ ਬਹੁਤ ਜ਼ਿਆਦਾ ਬੋਲਬਾਲਾ ਹੈ। ਪਤਾ ਨਹੀਂ ਕਿੰਨੀਆਂ ਹੀ ਕੰਪਨੀਆਂ ਇੱਕ ਤਰ੍ਹਾਂ ਦੀਆਂ ਦਵਾਈਆਂ ਬਣਾ ਕੇ ਬਾਜ਼ਾਰ ਵਿਚ ਉਤਾਰ ਦਿੰਦੀਆਂ ਹਨ।

ਆਮ ਤੌਰ 'ਤੇ ਜੋ ਦੋਧੀ ਦੁੱਧ ਪਾਉਂਦੇ ਹਨ, ਉਹ ਵੀ ਤਰ੍ਹਾਂ-ਤਰ੍ਹਾਂ ਦੇ ਪਾਊਡਰ ਮਿਲਾ ਕੇ ਦੁੱਧ ਵੇਚ ਰਹੇ ਹਨ। ਐਫ ਐੱਸ ਐੱਸ ਏ ਆਈ ਦੀ ਰਿਪੋਰਟ ਮੁਤਾਬਕ ਖ਼ੁਲਾਸਾ ਹੋਇਆ ਹੈ ਕਿ ਦੁੱਧ ਵਿੱਚ ਅਰਾਰੋਟ, ਰੰਗ, ਮਿਲਕ ਪਾਊਡਰ, ਗੁਲੂਕੋਜ਼, ਕੱਪੜੇ ਧੋਣ ਵਾਲਾ ਪਾਊਡਰ ਮਿਲਾਇਆ ਜਾਂਦਾ ਹੈ।ਸੁਣਨ ਵਿਚ ਆਉਂਦਾ ਹੈ ਕਿ ਨਕਲੀ ਦੁੱਧ ਵਿੱਚ ਵਾਸ਼ਿੰਗ ਪਾਊਡਰ ਤੇ ਹੋਰ ਜ਼ਹਿਰੀਲੇ ਤੱਤ ਮਿਲਾ ਕੇ ਉਸ ਨੂੰ ਪਰੋਸਿਆ ਜਾ ਰਿਹਾ ਹੈ। ਮਠਿਆਈ ਖਾਣ ਦਾ ਤਾਂ ਅੱਜਕਲ ਬਿਲਕੁਲ ਵੀ ਧਰਮ ਨਹੀਂ ਹੈ। ਤਿਉਹਾਰਾਂ ਦੇ ਸੀਜ਼ਨ ਵਿੱਚ ਤਰ੍ਹਾਂ-ਤਰ੍ਹਾਂ ਦੇ ਮਠਿਆਈਆਂ ਵਿੱਚ ਰੰਗ ਲਗਾ ਕੇ ਨਕਲੀ ਮਠਿਆਈਆਂ ਨਾਲ ਦੁਕਾਨਾਂ ਸਜ ਜਾਂਦੀਆਂ ਹਨ । ਮੁਨਾਫ਼ਾਖੋਰਾਂ 'ਤੇ ਸਰਕਾਰ ਨੂੰ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ।ਅਜਿਹੇ ਲੋਕਾਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ।

**ਸੰਜੀਵ ਸਿੰਘ ਸੈਣੀ**, ਮੁਹਾਲੀ, 78889-66168

# ਟਰੰਪ ਨੇ ਜੰਗ ਤਾਂ ਖ਼ਤਮ ਕਰਵਾ ਦਿੱਤੀ, ਪਰ...



ਸੁਰਜੀਤ ਸਿੰਘ ਫਲੋਰਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਖਿਰ ਜੰਗ ਖਤਮ ਤਾਂ ਕਰ ਦਿੱਤੀ ਹੈ, ਪਰ ਇਹ ਕਿੰਨੇ ਸਮੇਂ ਤੱਕ ਬੰਦ ਰਹੇਗੀ, ਇਸ ਦਾ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ।

ਇਸ ਸਮੇਂ ਰਾਸ਼ਟਰਪਤੀ ਡੋਨਾਲਡ ਟਰੰਪ ਇਜ਼ਰਾਈਲ ਅਤੇ ਹਮਾਸ ਵਿਚਕਾਰ ਹੋਏ ਜੰਗਬੰਦੀ ਸਮਝੌਤੇ ਦੇ ਤਹਿਤ ਗਾਜ਼ਾ ਤੋਂ ਬੰਧਕਾਂ ਦੀ ਰਿਹਾਈ ਲਈ ਇਜ਼ਰਾਈਲ ਵਿਚ ਹਨ, ਜਿਥੇ ਉਨ੍ਹਾ ਗਾਜ਼ਾ ਵਿੱਚ ਦੋ ਸਾਲ ਤੋਂ ਵੱਧ ਸਮੇਂ ਤੋਂ ਬੰਦੀ ਬਣਾਏ ਜਾਣ ਤੋਂ ਬਾਅਦ ਹਮਾਸ ਦੁਆਰਾ ਬਾਕੀ ਬਚੇ ਸਾਰੇ 20 ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕਰਵਾ ਦਿੱਤਾ ਹੈ।

ਮਾਪਿਆਂ ਨੂੰ ਪੁੱਤਰਾਂ ਨਾਲ ਅਤੇ ਬੱਚਿਆਂ ਨੂੰ ਪਿਤਾਵਾਂ ਨਾਲ ਮਿਲਾਇਆ ਗਿਆ, ਕਿਉਂਕਿ ਬੰਧਕਾਂ ਨੂੰ ਰੈੱਡ ਕਰਾਸ ਦੇ ਹਵਾਲੇ ਕਰ ਦਿੱਤਾ ਗਿਆ ਸੀ ਅਤੇ ਅੰਤ ਵਿੱਚ ਇਜ਼ਰਾਈਲੀ ਫੌਜ ਦੀ ਮਦਦ ਨਾਲ ਆਪਣੇ ਪਰਵਾਰਾਂ ਵਿੱਚ ਵਾਪਸ ਆ ਗਏ। ਉਨ੍ਹਾਂ ਦੀ ਰਿਹਾਈ ਤੋਂ ਪਹਿਲਾਂ ਹੀ ਹਮਾਸ ਨੇ ਸੋਮਵਾਰ ਸਵੇਰੇ ਕੁਝ ਮੇਜ਼ਬਾਨਾਂ ਨੂੰ ਘਰ ਵੀਡੀਓ ਕਾਲ ਕਰਨ ਦੀ ਇਜਾਜ਼ਤ ਵੀ ਦੇ ਦਿੱਤੀ ਸੀ।

ਇਜ਼ਰਾਈਲੀ ਪ੍ਰਸਾਰਕਾਂ ਦੁਆਰਾ ਤੇਲ ਅਵੀਵ ਵਿੱਚ ਬੰਧਕ ਵਰਗ 'ਤੇ ਵੱਡੀਆਂ ਸਕ੍ਰੀਨਾਂ ਦੇ ਸਾਹਮਣੇ ਇਕੱਠੇ ਹੋਏ ਅੰਦਾਜ਼ਨ 65,000 ਲੋਕਾਂ ਅਤੇ ਘਰ ਵਿੱਚ ਕਵਰੇਜ ਦੇਖ ਰਹੇ ਲੱਖਾਂ ਹੋਰ ਲੋਕਾਂ ਨਾਲ ਭਾਵਨਾਤਮਕ ਫੁਟੇਜ਼ ਸਾਂਝੀ ਕੀਤੀ ਗਈ ਹੈ।

ਜਦ ਕਿ ਇਜ਼ਰਾਈਲ ਡਿਫੈਂਸ ਫੋਰਸ ਦੇ 22 ਸਾਲਾ ਸਿਪਾਹੀ, ਮੈਟਾਨ ਐਂਗ੍ਰੇਸਟ, ਜਿਸ ਨੂੰ ਗਾਜ਼ਾ ਦੇ ਘੇਰੇ ਵਾਲੀ ਵਾੜ ਦੇ ਨੇੜੇ ਹਮਾਸ ਦੁਆਰਾ ਉਸ ਦੇ ਟੈਂਕ 'ਤੇ ਹਮਲਾ ਕਰਨ 'ਤੇ ਬੰਦੀ ਬਣਾਇਆ ਗਿਆ ਸੀ, ਦੇ ਪਰਵਾਰ ਨੇ, ਜੋ ਯੁੱਧ ਜਾਰੀ ਰੱਖਣ ਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਆਲੋਚਨਾ ਕਰਦਾ ਰਿਹਾ ਹੈ, ਨੇ ਡੋਨਾਲਡ ਟਰੰਪ ਦੀ ਪ੍ਰਸੰਸਾ ਕੀਤੀ।

ਜਿਥੇ ਉਸ ਦੇ ਮਾਂ- ਬਾਪ ਨੇ ਦੁਬਾਰਾ ਸਾਹ ਲੈਂਦੇ ਹੋਏ ਕਿਹਾ ਕਿ ਸਾਡਾ ਪਿਆਰਾ ਮੁੰਡਾ ਦੋ ਗੁੰਝਲਦਾਰ ਸਾਲਾਂ ਬਾਅਦ ਸਾਡੇ ਕੋਲ ਵਾਪਸ ਆ ਗਿਆ ਹੈ ਅਤੇ ਸਾਨੂੰ ਉਸ 'ਤੇ ਬਹੁਤ ਮਾਣ ਹੈ। ਸੰਯੁਕਤ ਰਾਜ ਦੇ ਰਾਸ਼ਟਰਪਤੀ ਅਤੇ ਉਨ੍ਹਾ ਦੀ ਟੀਮ ਦਾ ਬਹੁਤ ਵੱਡਾ, ਇਤਿਹਾਸਕ, ਸਦੀਵੀ ਧੰਨਵਾਦ, ਜਿਨ੍ਹਾਂ ਨੇ ਸਾਡੇ ਅਜ਼ੀਜ਼ਾਂ ਦੇ ਬਚਾਅ ਅਤੇ ਵਾਪਸੀ ਲਈ ਸਮਰਪਣ ਅਤੇ ਲਗਨ ਨਾਲ ਕੰਮ ਕੀਤਾ ।ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋ ਸਾਲਾਂ ਦੀ ਕੈਦ ਤੋਂ ਬਾਅਦ ਆਖਰੀ ਜ਼ਿੰਦਾ ਬੰਧਕਾਂ ਦੀ ਵਾਪਸੀ ਦੇ ਨਾਲ ਗਾਜ਼ਾ ਵਿੱਚ ਇੱਕ ਵਿਹਾਰਕ ਜੰਗਬੰਦੀ ਦੇ ਲਾਗੂ ਹੋਣ ਦਾ ਜਸ਼ਨ ਮਨਾਇਆ।

ਜਿਥੇ ਟਰੰਪ ਨੇ ਕਿਹਾ ਕਿ ਇਹ ਇੱਕ ਨਵੇਂ ਮੱਧ ਪੂਰਬ ਦੀ ਇਤਿਹਾਸਕ ਸਵੇਰ ਹੈ। ਏਨੇ ਸਾਲਾਂ ਦੀ ਨਿਰੰਤਰ ਜੰਗ ਅਤੇ ਕਾਫੀ ਖ਼ਤਰੇ ਤੋਂ ਬਾਅਦ ਅੱਜ ਅਸਮਾਨ ਸ਼ਾਂਤ ਹੈ, ਬੰਦੂਕਾਂ ਚੁੱਪ ਹਨ, ਸਾਇਰਨ ਸ਼ਾਂਤ ਹਨ ਅਤੇ ਸੂਰਜ ਇੱਕ ਪਵਿੱਤਰ ਧਰਤੀ 'ਤੇ ਚੜ੍ਹਦਾ ਹੈ, ਜੋ ਅੰਤ ਵਿੱਚ ਸ਼ਾਂਤੀ ਵਿੱਚ ਹੈ, ਇੱਕ ਧਰਤੀ ਅਤੇ ਇੱਕ ਖੇਤਰ ਜੋ ਪਰਮਾਤਮਾ ਦੀ ਇੱਛਾ ਅਨੁਸਾਰ ਹਮੇਸ਼ਾ ਲਈ ਸ਼ਾਂਤੀ ਵਿੱਚ ਰਹੇਗਾ।

ਪਰ ਟਰੰਪ ਦਿਲੋਂ ਖੁਸ਼ ਨਹੀਂ ਹੈ, ਕਿਉਂਕਿ ਜੋ ਅਮਨ-ਅਮਾਨ ਸ਼ਾਂਤੀ ਲਈ ਉਹ ਆਪਣੇ ਮੂੰਹ ਮੀਆਂ ਮਿੱਠੂ ਜਾਂ ਇਹ ਕਹਿ ਲਉ ਕਿ ਆਪੇ ਮੈਂ ਰੱਜੀ -ਪੁੱਜੀ, ਆਪੇ ਮੇਰੇ ਬੱਚੇ ਜਿਉਣ ਵਾਲੇ ਸ਼ਾਤਾਂ ਪੁਰਸਕਾਰ ਖ਼ਵਾਇਸ਼ ਜੋ ਉਹਨਾਂ ਦੀ ਅਧੂਰੀ ਰਹਿ ਗਈ।

ਜੇਕਰ ਇਸ ਯੁੱਧ ਦੇ ਪਿਛੋਕੜ ਵੱਲ ਇਕ ਝਾਂਤ ਮਾਰੀਏ ਤਾਂ 7 ਅਕਤੂਬਰ, 2023 ਦੇ ਹਮਲਿਆਂ ਤੋਂ ਬਾਅਦ ਹਮਾਸ ਦੁਆਰਾ ਚਲਾਏ ਗਏ ਸ਼ਕਤੀਸ਼ਾਲੀ ਇਜ਼ਰਾਈਲੀ ਜਵਾਬੀ ਹਮਲੇ ਹੋਏ, ਜਿਸ ਦਾ ਨਤੀਜਾ ਇੱਕ ਵਿਨਾਸ਼ਕਾਰੀ ਉਭਾਰ ਵਿੱਚ ਨਿਕਲਿਆ, ਜਿਸ ਨੇ ਦੋਵਾਂ ਪਾਸਿਆਂ ਤੋਂ ਸੋਗ, ਤਬਾਹੀ ਅਤੇ ਭਾਈਚਾਰਿਆਂ ਨੂੰ ਡੂੰਘਾ ਸਦਮਾ ਦਿੱਤਾ। ਦੋ ਸਾਲ ਬਾਅਦ ਇਹਨਾਂ ਦੁਸ਼ਮਣੀਆਂ ਦੇ ਝਟਕਿਆਂ ਨੂੰ ਅਜੇ ਵੀ ਮਾਪਿਆ ਜਾ ਰਿਹਾ ਹੈ - ਨਾ ਸਿਰਫ਼ ਜਾਨਾਂ ਗੁਆਉਣ ਵਿੱਚ, ਸਗੋਂ ਮਨੋਵਿਗਿਆਨਕ ਅਤੇ ਸਮਾਜਿਕ ਜ਼ਖ਼ਮਾਂ ਵਿੱਚ, ਜੋ ਪੀੜ੍ਹੀਆਂ ਨੂੰ ਆਕਾਰ ਦੇਣਗੇ। ਜੋ ਸਾਹਮਣੇ ਆਉਂਦਾ ਹੈ, ਉਹ ਦਰਦ ਦੇ ਇੱਕ ਛੋਟੇ ਜਿਹੇ ਹਿੱਸੇ ਨਾਲੋਂ ਘੱਟ ਇੱਕ ਰਵਾਇਤੀ ਟਕਰਾਅ ਹੈ, ਜਿੱਥੇ ਹਰੇਕ ਵਿਸਫੋਟ ਨਾਗਰਿਕ ਮਾਨਸਿਕਤਾ 'ਤੇ ਅਮਿੱਟ ਛਾਪ ਛੱਡਦਾ ਹੈ।

ਟਰੰਪ ਨੇ ਟਰੰਪ ਸ਼ਾਂਤੀ ਯੋਜਨਾ, ਆਪਣੀ ਇੱਛਾ ਵਿੱਚ ਦਲੇਰ, ਸੋਗ ਅਤੇ ਅੱਤਵਾਦ ਨਾਲ ਭਰੇ ਇੱਕ ਖੇਤਰ ਨੂੰ ਇੱਕ ਕੱਟੜਪੰਥੀ, ਆਰਥਿਕ ਤੌਰ 'ਤੇ ਮੁੜ ਸੁਰਜੀਤ ਅਤੇ ਰਾਜਨੀਤਕ ਤੌਰ ਤੇ ਸਥਿਰ ਰਾਜਨੀਤੀ ਵਿੱਚ ਬਦਲਣ ਦੀ ਕੋਸ਼ਿਸ਼ ਕੀਤੀ ਹੈ । ਇਸ ਦੇ ਵੀਹ ਨੁਕਤੇ ਇੱਕ ਅਰਧ-ਯੂਟੋਪੀਅਨ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹਨ: ਇੱਕ ਅੱਤਵਾਦ-ਮੁਕਤ ਗਾਜ਼ਾ, ਜਿਸ ਦੀ ਨਿਗਰਾਨੀ ਟੈਕਨੋਕਰੇਟਸ ਦੁਆਰਾ ਕੀਤੀ ਜਾਂਦੀ ਹੈ, ਮਾਨਵਤਾਵਾਦੀ ਸਹਾਇਤਾ ਨਾਲ ਭਰਪੂਰ, ਅੰਤਰਰਾਸ਼ਟਰੀ ਨਿਗਰਾਨੀ ਦੇ ਅਧੀਨ ਅਤੇ ਆਰਥਿਕ ਤੌਰ 'ਤੇ ਹਥਿਆਰਬੰਦ ਸੰਘਰਸ਼ ਨੂੰ ਤਿਆਗਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਫਿਰ ਵੀ ਚੁਣੌਤੀ ਲਿਖਤੀ ਸਮਝੌਤਿਆਂ ਵਿੱਚ ਨਹੀਂ, ਸਗੋਂ ਗਾਜ਼ਾ ਦੇ ਇਤਿਹਾਸਕ ਸਬਸਟ੍ਰੇਟਮ ਵਿੱਚ ਹੈ, ਜਿੱਥੇ ਵਿਚਾਰਧਾਰਕ ਤਲਛਟ ਡੂੰਘਾ ਅਤੇ ਰੋਧਕ ਹੈ।

ਟਰੰਪ ਅਤੇ ਟੋਨੀ ਬਲੇਅਰ ਦੀ ਅਗਵਾਈ ਵਾਲੇ ਸ਼ਾਂਤੀ ਬੋਰਡ ਦੁਆਰਾ ਨਿਗਰਾਨੀ ਹੇਠ ਇੱਕ ਅਸਥਾਈ ਫਲਸਤੀਨੀ ਟੈਕਨੋਕਰੇਟਿਕ ਕਮੇਟੀ ਨੂੰ ਲਾਜ਼ਮੀ ਬਣਾ ਕੇ ਅਤੇ ਹਮਾਸ ਦੇ ਗੈਰ-ਫੌਜੀਕਰਨ ਦੀ ਮੰਗ ਕਰਕੇ ਯੋਜਨਾ ਸੰਘਰਸ਼ ਦੇ ਹੱਲ ਲਈ ਇੱਕ ਰੇਖਿਕਤਾ ਦੀ ਪੂਰਵ-ਅਨੁਮਾਨ ਲਗਾਈ ਗਈ, ਜੋ ਹਕੀਕਤ ਬਹੁਤ ਘੱਟ ਦਿੰਦੀ ਹੈ। ਇਹ ਮੰਨਦਾ ਹੈ ਕਿ ਢਾਂਚਾਗਤ ਸੁਧਾਰ, ਸ਼ਰਤੀਆ ਮੁਆਫ਼ੀ ਅਤੇ ਅੰਤਰਰਾਸ਼ਟਰੀ ਆਰਥਿਕ ਨਿਵੇਸ਼ ਸ਼ਹਾਦਤ, ਕੈਦ ਅਤੇ ਬੇਦਖਲੀ ਦੀ ਸੱਭਿਆਚਾਰਕ ਯਾਦ ਨੂੰ ਗ੍ਰਹਿਣ ਕਰ ਸਕਦੇ ਹਨ। ਫਿਰ ਵੀ ਇਹ ਰੇਖਿਕਤਾ ਹਮਾਸ ਦੀ ਕ੍ਰਮਵਾਰ ਸੰਕਟਾਂ ਨੂੰ ਰਣਨੀਤਕ ਲਾਭ ਵਿੱਚ ਬਦਲਣ ਦੀ ਸਮਰੱਥਾ ਨੂੰ ਘੱਟ ਸਮਝਦੀ ਹੈ, ਸੰਗਠਨ ਦੀ ਅਨੁਕੂਲ ਤੀਬਰਤਾ ਦੀ ਡੂੰਘੀ ਗਲਤ ਸਮਝ ਨੂੰ ਪ੍ਰਗਟ ਕਰਦੀ ਹੈ।

ਹਮਾਸ, ਆਪਣੀ ਸੀਨੀਅਰ ਲੀਡਰਸ਼ਿਪ, ਜਿਸ ਵਿੱਚ ਗਿਆਰਾਂ ਅਛੂਤ ਸ਼ਖ਼ਸੀਅਤਾਂ ਸ਼ਾਮਲ ਹਨ, ਦੇ ਸਿਰ ਕੱਟਣ ਤੋਂ ਬਚ ਕੇ ਕਮਜ਼ੋਰ ਨਹੀਂ, ਸਗੋਂ ਬਦਲਿਆ ਹੋਇਆ ਆਪਣੇ ਰਣਨੀਤਕ ਤਰਕ ਵਿੱਚ ਵਧੇਰੇ ਸੂਝਵਾਨਤਾ ਨਾਲ ਉਭਰਿਆ ਹੈ । 2011 ਵਿੱਚ ਯਾਹੀਆ ਸਿਨਵਾਰ ਅਤੇ ਹਜ਼ਾਰਾਂ ਕੈਦੀਆਂ ਦੀ ਰਿਹਾਈ ਇੱਕ ਰਾਜਨੀਤਕ ਰਿਆਇਤ ਤੋਂ ਵੱਧ ਸੀ; ਇਸ ਨੇ ਹਮਾਸ ਦੀ ਸ਼ਹਿਰੀ ਗੁਰੀਲਾ ਦ੍ਰਿੜਤਾ, ਬੰਧਕ ਕੂਟਨੀਤੀ ਅਤੇ ਵਿਚਾਰਧਾਰਕ ਭਰਤੀ ਦੀ ਤਿਕੋਣੀ ਰਣਨੀਤੀ ਨੂੰ ਮੁੜ ਆਕਾਰ ਦਿੱਤਾ। 7 ਅਕਤੂਬਰ ਦੇ ਹਮਲਿਆਂ ਦਾ ਕੇਂਦਰ, ਸਿਨਵਾਰ, 2004 ਵਿੱਚ ਸੰਸਥਾਪਕ ਸ਼ੇਖ ਅਹਿਮਦ ਯਾਸੀਨ ਦੀ ਹੱਤਿਆ ਨੂੰ ਵੀ ਪਛਾੜ ਕੇ ਪ੍ਰਭਾਵ ਪਾਇਆ। ਚੱਲ ਰਹੀ ਸ਼ਾਂਤੀ ਵਾਰਤਾ ਵਿੱਚ ਹਮਾਸ ਇਜ਼ਰਾਈਲ ਤੋਂ ਆਪਣੇ ਨੂੰ ਸੌਂਪਣ ਦੀ ਮੰਗ ਕਰ ਰਿਹਾ ਹੈ। ਪ੍ਰਤੀਕਵਾਦ ਨਾਲ ਭਰਪੂਰ ਇੱਕ ਅੰਦੋਲਨ, ਜੋ ਸੰਗਠਨ ਦੀ ਨੁਕਸਾਨ ਨੂੰ ਜਾਇਜ਼ਤਾ ਵਿੱਚ ਬਦਲਣ ਅਤੇ ਤਬਾਹੀ ਨੂੰ ਸਥਾਈ ਰਾਜਨੀਤਕ ਮੁਦਰਾ ਵਿੱਚ ਬਦਲਣ ਦੀ ਯੋਗਤਾ ਨੂੰ ਉਜਾਗਰ ਕਰਦਾ ਹੈ।

ਸਿਰਫ਼ ਸਮਾਂ ਹੀ ਦੱਸੇਗਾ ਕਿ ਕੀ ਹਮਾਸ ਨੇ ਮੰਡੇਲਾ ਦੀ ਅਫਰੀਕੀ ਨੈਸ਼ਨਲ ਕਾਂਗਰਸ ਦੀ ਰਣਨੀਤਕ ਸੂਝ ਅਤੇ ਸੁਲ੍ਹਾ-ਸਫਾਈ ਵਾਲੇ ਦ੍ਰਿਸ਼ਟੀਕੋਣ ਨੂੰ ਗ੍ਰਹਿਣ ਕਰ ਲਿਆ ਹੈ ਜਾਂ ਕੀ ਇਹ ਮੁਸਲਿਮ ਬ੍ਰਦਰਹੁੱਡ ਦੇ ਸਿਧਾਂਤਕ ਅੱਤਵਾਦ ਅਤੇ ਦਰਜਾਬੰਦੀ ਦੀ ਕਠੋਰਤਾ ਨਾਲ ਬੱਝਿਆ ਹੋਇਆ ਹੈ, ਜੋ ਕਿ ਅੱਤਵਾਦ ਅਤੇ ਵਿਚਾਰਧਾਰਕ ਲਚਕਤਾ ਦੇ ਚੱਕਰਾਂ ਨੂੰ ਕਾਇਮ ਰੱਖਦਾ ਹੈ।

ਹਮਾਸ ਦੇ ਅੰਦਰ ਅੰਦਰੂਨੀ ਬਹਿਸਾਂ ਤਸਵੀਰ ਨੂੰ ਹੋਰ ਵੀ ਗੁੰਝਲਦਾਰ ਬਣਾਉਂਦੀਆਂ ਹਨ। ਖਾਲਿਦ ਮਸ਼ਾਲ ਦੇ ਆਲੇ-ਦੁਆਲੇ ਇੱਕ ਵਿਹਾਰਵਾਦੀ ਧੜਾ ਮਾਪਿਆ ਸੰਜਮ ਦੀ ਵਕਾਲਤ ਕਰਦਾ ਹੈ, ਜਿਥੇ ਏਕੀਕਰਨ, ਦੋ-ਰਾਜੀ ਢਾਂਚੇ ਦੀ ਮਾਨਤਾ, ਹਥਿਆਰਾਂ ਨੂੰ ਪੀ ਏ ਅਧਿਕਾਰ ਨੂੰ ਮੁਲਤਵੀ ਕਰਨਾ ਅਤੇ ਇੱਕ ਪੂਰੀ ਤਰ੍ਹਾਂ ਅੱਤਵਾਦੀ ਹਸਤੀ ਦੀ ਬਜਾਏ ਇੱਕ ਰਾਜਨੀਤਕ ਅਦਾਕਾਰ ਵਜੋਂ ਮੁੜ ਸਥਾਪਤ ਕਰਨਾ । ਇਸ ਦੇ ਉਲਟ, ਖਲੀਲ ਅਲ-ਹਯਾ ਦੀ ਅਗਵਾਈ ਵਾਲਾ ਕੱਟੜਪੰਥੀ ਧੜਾ ਜ਼ੋਰ ਦਿੰਦਾ ਹੈ ਕਿ ਗਾਜ਼ਾ ਦਾ ਵਿਸ਼ੇਸ਼ ਨਿਯੰਤਰਣ ਅਤੇ ਬੰਧਕਾਂ ਤੇ ਲਾਭ ਗੈਰ-ਸਮਝੌਤਾਯੋਗ ਰਹਿੰਦਾ ਹੈ। ਇਹ ਫੁੱਟ ਵਿਦਰੋਹੀ ਅੰਦੋਲਨਾਂ ਵਿੱਚ ਇੱਕ ਜਾਣੇ-ਪਛਾਣੇ ਤਣਾਅ ਨੂੰ ਦਰਸਾਉਂਦੀ ਹੈ: ਬਚਾਅ ਬਨਾਮ ਵੱਧ ਤੋਂ ਵੱਧ ਦਾਅਵਾ। ਦਿਲਚਸਪ ਗੱਲ ਇਹ ਹੈ ਕਿ ਕੋਈ ਇਹ ਦਲੀਲ ਦੇ ਸਕਦਾ ਹੈ ਕਿ ਸੰਗਠਨ ਨੂੰ ਕਮਜ਼ੋਰ ਕਰਨ ਦੀ ਬਜਾਏ ਇਸ ਅੰਦਰੂਨੀ ਬਹਿਸ ਨੇ ਹਮਾਸ ਦੀ ਰਣਨੀਤਕ ਸੂਝ-ਬੂਝ ਨੂੰ ਤਿੱਖਾ ਕੀਤਾ ਹੈ, ਜਿਸ ਨਾਲ ਇਸ ਨੂੰ ਘਰੇਲੂ ਤੌਰ 'ਤੇ ਜ਼ਬਰਦਸਤੀ ਅਧਿਕਾਰ ਨੂੰ ਬਣਾਈ ਰੱਖਦੇ ਹੋਏ ਅੰਤਰਰਾਸ਼ਟਰੀ ਪੱਧਰ 'ਤੇ ਸੰਜਮ ਨੂੰ ਪੇਸ਼ ਕਰਨ ਦੀ ਆਗਿਆ ਦਿੱਤੀ ਗਈ ਸੀ।

ਇਸ ਦੌਰਾਨ ਗਾਜ਼ਾ ਵਿੱਚ ਮਨੁੱਖੀ ਸੰਕਟ ਸੰਘਰਸ਼ ਦੇ ਡੂੰਘੇ ਨੈਤਿਕ ਦਾਅ ਨੂੰ ਉਜਾਗਰ ਕਰਦਾ ਹੈ, ਇੱਕ ਹਕੀਕਤ ਜੋ ਹਮਾਸ ਨੇ ਆਪਣੇ ਅੱਤਿਆਚਾਰਾਂ ਨੂੰ ਛੁਪਾਉਣ ਅਤੇ ਇੱਕ ਬਹੁਤ ਹੀ ਸੂਝਵਾਨ ਪ੍ਰਚਾਰ ਉਪਕਰਣ ਦੁਆਰਾ ਵਿਸ਼ਵਵਿਆਪੀ ਹਮਦਰਦੀ ਪੈਦਾ ਕਰਨ ਲਈ ਵਰਤੀ ਹੈ।

ਟਰੰਪ ਦੀ ਯੋਜਨਾ, ਜੋ ਸਥਿਰਤਾ ਅਤੇ ਪੁਨਰ-ਨਿਰਮਾਣ ਦੀ ਕੋਸ਼ਿਸ਼ ਵਿੱਚ ਮਹੱਤਵਾਕਾਂਖੀ ਹੈ, ਨੂੰ ਇਸ ਦੋਹਰੀ ਹਕੀਕਤ ਦਾ ਸਾਹਮਣਾ ਕਰਨਾ ਪਵੇਗਾ। ਗਾਜ਼ਾ ਮਨੁੱਖੀ ਨਿਰਾਸ਼ਾ ਦਾ ਸਥਾਨ ਹੈ ਅਤੇ ਸੂਝਵਾਨ ਅਸਮਿਤ ਰਣਨੀਤੀ ਦਾ ਇੱਕ ਕਰੂਸੀਬਲ ਹੈ । ਗੈਰ-ਫੌਜੀਕਰਨ ਧਾਰਾਵਾਂ, ਤਕਨੀਕੀ ਨਿਗਰਾਨੀ ਅਤੇ ਆਰਥਿਕ ਪ੍ਰੋਤਸਾਹਨ ਇੱਕ ਅਜਿਹੇ ਸੰਗਠਨ ਦਾ ਸਾਹਮਣਾ ਕਰਦੇ ਹਨ, ਜੋ ਵਾਰ-ਵਾਰ ਦੁੱਖ ਅਤੇ ਮੌਕੇ ਦੋਵਾਂ ਨੂੰ ਅਨੁਕੂਲ ਬਣਾਉਂਦਾ ਹੈ, ਹਾਈਬ੍ਰਿਡਾਈਜ਼ ਕਰਦਾ ਹੈ ਅਤੇ ਹਥਿਆਰ ਬਣਾਉਂਦਾ ਹੈ। ਵਿਕਸਤ ਹੋ ਰਿਹਾ ਗਾਜ਼ਾ ਪੈਰਾਡਾਈਮ ਇੱਕੋ ਸਮੇਂ ਕਮਜ਼ੋਰੀ ਅਤੇ ਲਚਕੀਲੇਪਣ ਦਾ ਇਕ ਹਿੱਸਾ ਹੈ, ਜਿੱਥੇ ਫੌਜੀ ਜਾਂ ਕੂਟਨੀਤਕ ਲੀਵਰੇਜ ਦੇ ਰਵਾਇਤੀ ਮੁਲਾਂਕਣ ਇਤਿਹਾਸਕ ਯਾਦਦਾਸ਼ਤ, ਵਿਚਾਰਧਾਰਕ ਵਚਨਬੱਧਤਾ ਅਤੇ ਸੰਗਠਨਾਤਮਕ ਅਨੁਕੂਲਤਾ ਦੁਆਰਾ ਨਿਰੰਤਰ ਅਸਥਿਰ ਹੁੰਦੇ ਹਨ।

ਗਾਜ਼ਾ, ਅਸਮਿਤ ਸ਼ਕਤੀ ਦੇ ਕਰੂਸੀਬਲ ਨਾਲੋਂ ਸ਼ਾਂਤ ਕਰਨ ਲਈ ਘੱਟ ਖੇਤਰ ਹੈ, ਜਿੱਥੇ ਇਤਿਹਾਸਕ ਸ਼ਿਕਾਇਤ, ਧਾਰਮਿਕ ਜੋਸ਼ ਅਤੇ ਮੌਕਾਪ੍ਰਸਤ ਰਣਨੀਤੀ ਇੱਕ-ਦੂਜੇ ਨੂੰ ਕੱਟਦੀ ਹੈ । ਟਰੰਪ ਯੋਜਨਾ ਆਪਣੀ ਸਾਰੀ ਇੱਛਾ ਦੇ ਬਾਵਜੂਦ ਇਹ ਮੰਨਦੀ ਹੈ ਕਿ ਢਾਂਚਾਗਤ ਅਤੇ ਆਰਥਿਕ ਦਖਲਅੰਦਾਜ਼ੀ ਹਮਾਸ ਦੇ ਵਿਹਾਰ ਨੂੰ ਆਕਾਰ ਦੇਣ ਵਾਲੇ ਪ੍ਰੋਤਸਾਹਨਾਂ ਨੂੰ ਮੁੜ-ਪ੍ਰਮਾਣਿਤ ਕਰ ਸਕਦੀ ਹੈ। ਫਿਰ ਵੀ ਸ਼ਾਂਤੀ ਪ੍ਰਕਿਰਿਆ ਜੰਗਬੰਦੀ, ਕੈਦੀਆਂ ਦੀ ਅਦਲਾ-ਬਦਲੀ ਜਾਂ ਬੁਨਿਆਦੀ ਢਾਂਚੇ ਦੇ ਪੁਨਰਵਾਸ ਤੋਂ ਕਿਤੇ ਵੱਧ ਹੈ; ਇਹ ਇੱਕ ਅਜਿਹੀ ਜਗ੍ਹਾ ਵਿੱਚ ਪ੍ਰਗਟ ਹੁੰਦੀ ਹੈ, ਜਿੱਥੇ ਹਰ ਰਿਆਇਤ ਅਤੇ ਚਾਲ ਨੂੰ ਇਤਿਹਾਸਕ ਯਾਦਦਾਸ਼ਤ ਦੇ ਪ੍ਰਿਜ਼ਮ ਦੁਆਰਾ ਪੜ੍ਹਿਆ ਜਾਂਦਾ ਹੈ। ਹਮਾਸ ਇੱਕ ਅਜਿਹੀ ਹਸਤੀ ਵਿੱਚ ਵਿਕਸਤ ਹੋਇਆ ਹੈ, ਜੋ ਇੱਕੋ ਸਮੇਂ ਗੱਲਬਾਤ ਵਿੱਚ ਸ਼ਾਮਲ ਹੁੰਦਾ ਹੈ ਅਤੇ ਜ਼ਬਰਦਸਤੀ ਪੈਦਾ ਕਰਦਾ ਹੈ, ਤਕਨੀਕੀ ਅਤੇ ਮਾਨਵਤਾਵਾਦੀ ਢਾਂਚੇ ਵਿੱਚ ਹਿੱਸਾ ਲੈਂਦਾ ਹੈ, ਜਦੋਂ ਕਿ ਅਸਮਾਨਤਾ ਦੇ ਸਾਧਨਾਂ ਨੂੰ ਬਰਕਰਾਰ ਰੱਖਦਾ ਹੈ, ਜੋ ਇਸ ਦੇ ਅਧਿਕਾਰ ਨੂੰ ਕਾਇਮ ਰੱਖਦੇ ਹਨ। ਇੱਕ ਰਣਨੀਤਕ ਸੂਝ-ਬੂਝ, ਜੋ ਮਨੁੱਖੀ ਦੁੱਖਾਂ ਤੋਂ ਅਟੁੱਟ ਹੈ, ਜੋ ਇਹ ਸ਼ੋਸ਼ਣ ਕਰਦਾ ਹੈ ਅਤੇ ਕਾਇਮ ਰੱਖਦਾ ਹੈ।

ਹੈਰਾਨੀ ਦੀ ਗੱਲ ਨਹੀਂ ਹੈ ਕਿ ਇਸ ਦਵੰਦ ਨੂੰ ਸਥਾਨਕ ਲੋਕਾਂ ਨੇ ਚੁੱਪ-ਚਾਪ ਰੱਦ ਕਰ ਦਿੱਤਾ ਹੈ। ਫਿਰ ਵੀ ਕੱਟੜਪੰਥੀ, ਆਰਥਿਕ ਵਾਂਝੇਪਣ ਅਤੇ ਬੇਰਹਿਮ ਅੱਤਵਾਦੀ ਰਣਨੀਤੀਆਂ, ਜੋ ਅਕਸਰ ਹਮਾਸ ਅਤੇ ਹੋਰ ਅੱਤਵਾਦੀ ਸਮੂਹਾਂ ਨਾਲ ਮਿਲੀਭੁਗਤ ਕਰਨ ਵਾਲੇ ਬਾਹਰੀ ਅਦਾਕਾਰਾਂ ਦੁਆਰਾ ਚਲਾਈਆਂ ਜਾਂਦੀਆਂ ਹਨ, ਉਨ੍ਹਾਂ ਦੇ ਰੋਜ਼ਾਨਾ ਹੋਂਦ ਨੂੰ ਨਿਰਧਾਰਤ ਕਰਦੀਆਂ ਰਹਿੰਦੀਆਂ ਹਨ। ਇਹ ਉਹ ਥਾਂ ਹੈ, ਜਿੱਥੇ ਕੋਈ ਵੀ ਅਸਲ ਹੱਲ ਲੱਭਣਾ ਚਾਹੀਦਾ ਹੈ, ਹਾਲਾਂਕਿ ਜਿਸ ਦੀ ਇਤਿਹਾਸ ਬਹੁਤ ਘੱਟ ਉਮੀਦ ਦਿੰਦਾ ਹੈ।

# ਭਾਈਚਾਰਕ ਸਾਂਝ ਦਾ ਲਗਾਤਾਰ ਨਿਘਾਰ ਵੱਲ ਜਾਣਾ ਚਿੰਤਾਜਨਕ



ਵਰਿੰਦਰ ਸ਼ਰਮਾ

ਪੁਰਾਤਨ ਯੁੱਗ 'ਤੇ ਨਵੀਨਤਮ ਯੁੱਗ ਬੇਹੱਦ ਭਾਰੂ ਪੈ ਰਿਹਾ ਹੈ । ਸਮੇਂ ਦੇ ਬਦਲਾਅ ਨਾਲ ਬਹੁਤ ਕੁਝ ਬਦਲ ਰਿਹਾ ਹੈ । ਨਿਰਸੰਦੇਹ ਵਿਗਿਆਨ ਨੇ ਅਥਾਹ ਤਰੱਕੀ ਕਰ ਲਈ ਹੈ। ਇਸ ਅਥਾਹ ਤਰੱਕੀ ਨੇ ਬਹੁਤ ਸਾਰੇ ਨਵੇਂ ਰਾਹ ਖੋਲ੍ਹ ਦਿੱਤੇ ਹਨ । ਇਸ ਨਾਲ ਇਨਸਾਨ ਦੀਆਂ ਖਾਹਿਸ਼ਾਂ ਦਾ ਵਧਣਾ ਤਾਂ ਸੁਭਾਵਿਕ ਹੀ ਸੀ, ਪਰ ਅਫਸੋਸ ਵਿਸ਼ਵੀਕਰਨ 'ਚ ਵਿਸਥਾਰ ਨਾਲ ਆਪਸੀ ਭਾਈਚਾਰਕ ਸਾਂਝ ਲਗਾਤਾਰ ਨਿਘਾਰ ਵੱਲ ਜਾ ਰਹੀ ਹੈ। ਲਹੂ ਦਾ ਰੰਗ ਸਫ਼ੇਦ ਹੋ ਚੁੱਕਿਆ ਹੈ । ਬਿਨਾਂ ਗਰਜ਼ ਕੋਈ ਕਿਸੇ ਨਾਲ ਵੀ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ । ਪੁੱਤ ਆਪਣੇ ਹੀ ਮਾਂ-ਬਾਪ ਨੂੰ ਜਾਣੋਂ ਹੀ ਮਾਰ ਰਿਹਾ ਹੈ । ਮਾਂ-ਬਾਪ ਆਪਣੀ ਔਲਾਦ ਨੂੰ ਮਾਰਨ ਤੋਂ ਰਤਾ ਕੁ ਦੇਰ ਨਹੀਂ ਕਰ ਰਹੇ। ਇਕੋਂ ਕੁੱਖ 'ਚੋਂ ਪੈਦਾ ਹੋਏ ਭੈਣ-ਭਰਾ ਇਕ-ਦੂਜੇ ਦੀ ਜਾਨ ਦੇ ਪਿਆਸੇ ਹੁੰਦੇ ਜਾ ਰਹੇ ਹਨ । ਇਸੇ ਹੀ ਤਰ੍ਹਾਂ ਹੁਣ ਤਾਏ-ਚਾਚੇ, ਭੂਆ-ਭਤੀਜੇ , ਇਥੋਂ ਤੱਕ ਪਤੀ-ਪਤਨੀ ਦਾ ਵੀ ਆਪਸੀ ਪਿਆਰ ਘਟਦਾ ਹੀ ਜਾ ਰਿਹਾ ਹੈ । ਇਹੋ ਜਿਹੇ ਖਤਰਨਾਕ ਰੁਝਾਨ ਦੇ ਪੈਦਾ ਹੋਣ ਦੇ ਬਹੁਤ ਸਾਰੇ ਕਾਰਨ ਹਨ।

ਪਦਾਰਥਵਾਦ, ਭੌਤਿਕਵਾਦ ਦੇ ਵਧਣ ਨਾਲ ਮਨੁੱਖੀ ਰਿਸ਼ਤਿਆਂ ਦੇ ਘਾਣ ਦੀ ਸ਼ੁਰੂਆਤ ਹੋਈ । ਹੁਣ ਪਰਵਾਰਕ ਮੈਂਬਰਾਂ 'ਚ ਆਪਸੀ ਤਾਲਮੇਲ/ਪਿਆਰ ਖ਼ਤਮ ਹੁੰਦਾ ਜਾ ਰਿਹਾ ਹੈ । ਜ਼ਿਕਰਯੋਗ ਗੱਲ ਇਹ ਹੈ ਕਿ ਜਾਇਦਾਦ, ਨਜਾਇਜ਼ ਸਬੰਧ, ਈਰਖਾ, ਰੰਜਿਸ਼, ਹੰਕਾਰ ਲਾਲਚ, ਲਾਲਸਾ ਆਦਿ ਨੇ ਆਪਸੀ ਭਾਈਚਾਰਕ ਸਾਂਝ 'ਚ ਤਰੇੜਾਂ ਲੈ ਆਂਦੀਆਂ ਹਨ । ਹਰੇਕ ਨੂੰ ਆਪਣੇ-ਆਪ 'ਤੇ ਬਹੁਤ ਗਰੂਰ ਹੁੰਦਾ ਜਾ ਰਿਹਾ ਹੈ । ਜੇਕਰ ਇਸ ਵਰਤਾਰੇ ਨੂੰ ਹੁਣੇ ਹੀ ਠੱਲ੍ਹ ਨਾ ਪਾਈ ਗਈ ਤਾਂ ਇਹ ਸਭ ਲਈ ਬੇਹੱਦ ਘਾਤਕ ਸਾਬਤ ਹੋਵੇਗਾ। ਦਰਅਸਲ ਅਜੋਕੇ ਸਮੇਂ ਇਛਾਈ ਨਾਂਅ ਦੀ ਕੋਈ ਚੀਜ਼ ਹੀ ਨਹੀਂ ਰਹੀ । ਸਭ ਪਾਸੇ ਬੁਰਾਈ ਦਾ ਹੀ ਬੋਲਬਾਲਾ ਹੈ।

ਰਿਸ਼ਤਿਆਂ ਦੇ ਨਿਘਾਰ ਨੂੰ ਰੋਕਣ ਲਈ ਹਉਮੈ ਨੂੰ ਛੱਡਣਾ ਪਵੇਗਾ। ਆਪਣੀ ਹਉਮੈ ਦੀ ਸੰਤੁਸ਼ਟੀ ਲਈ ਕਦੇ ਵੀ ਦੂਜੇ ਵਿਅਕਤੀ ਨੂੰ ਝੁਕਾਉਣ ਦੀ ਕੋਸ਼ਿਸ਼ ਨਾ ਕਰੀਏ। ਰਿਸ਼ਤੇ ਨਿਭਾਉਣ ਲਈ ਆਪਣੀ ਗਲਤੀ ਦਾ ਅਹਿਸਾਸ ਕਰਨਾ ਬਹੁਤ ਜ਼ਰੂਰੀ ਹੈ। ਮਾਫੀ ਮੰਗਣ 'ਚ ਸ਼ਰਮ ਨਹੀਂ ਕਰਨੀ ਚਾਹੀਦੀ। ਅੱਜ ਅਸੁਰੱਖਿਆ, ਸੰਚਾਰ ਦੀ ਘਾਟ, ਗਲਤਫਹਿਮੀ ਅਤੇ ਭਾਵਨਾਤਮਕ ਦੂਰੀਆਂ ਕਾਰਨ ਰਿਸ਼ਤਿਆਂ 'ਚ ਲਗਾਤਾਰ ਖਟਾਸ ਆ ਰਹੀ ਹੈ। ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਆਪਸੀ ਵਿਸ਼ਵਾਸ ਦੀ ਭਾਵਨਾ ਬਣੀ ਰਹਿਣੀ ਚਾਹੀਦੀ ਹੈ । ਸ਼ੰਕਾਵਾਂ ਤੋਂ ਹਮੇਸ਼ਾ ਦੂਰ ਰਹਿਣਾ ਚਾਹੀਦਾ ਹੈ । ਅੱਜ-ਕੱਲ੍ਹ ਆਪਸੀ ਗੂੜ੍ਹੇ ਰਿਸ਼ਤਿਆਂ 'ਚ ਵੀ ਬਹੁਤ ਤੇਜ਼ੀ ਨਾਲ ਕਤਲ ਦੇ ਕਈ ਮਾਮਲੇ ਸਾਹਮਣੇ ਆ ਰਹੇ ਹਨ।

ਬਹੁਤ ਸਮਾਂ ਪਹਿਲਾਂ ਸੰਜਮ, ਧੀਰਜ ਅਤੇ ਰੂਹਾਨੀ ਭਾਵਨਾ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਸੀ। ਉਹ ਭਾਵਨਾਵਾਂ ਹੁਣ ਅਲੋਪ ਹੁੰਦੀਆਂ ਜਾ ਰਹੀਆਂ ਹਨ। ਸਾਡੀਆਂ ਸਮਾਜਿਕ ਅਤੇ ਰਵਾਇਤੀ ਪਰੰਪਰਾਵਾਂ ਦਾ ਢਹਿ ਜਾਣਾ ਵੀ ਪਰਵਾਰਕ ਰਿਸ਼ਤਿਆਂ ਦੇ ਟੁੱਟਣ ਦੀ ਜੜ੍ਹ ਹੈ। ਪਦਾਰਥਕ ਸੱਭਿਆਚਾਰ ਦੇ ਫੈਲਾਅ ਕਾਰਨ ਜੀਵਨ ਦੀਆਂ ਸਾਰੀਆਂ ਕਦਰਾਂ-ਕੀਮਤਾਂ ਦਾ ਪਤਨ ਹੋ ਰਿਹਾ ਹੈ। ਪਹਿਲਾਂ ਰਿਸ਼ਤਿਆਂ 'ਚ ਉਤਰਾਅ-ਚੜ੍ਹਾਅ ਆਉਣ 'ਤੇ ਘਰ ਦੇ ਬਜ਼ੁਰਗ ਗੱਲ ਨੂੰ ਆਪਣੀ ਸੂਝਬੂਝ ਨਾਲ ਨਜਿੱਠਣ 'ਚ ਕਾਮਯਾਬ ਹੋ ਜਾਂਦੇ ਸਨ, ਪਰ ਹੁਣ ਬਜ਼ੁਰਗਾਂ ਦੀ ਪੁੱਛ ਕਿੱਥੇ ? ਜਿਵੇਂ-ਜਿਵੇਂ ਸਾਡੀ ਜ਼ਿੰਦਗੀ 'ਚ ਸਮਾਜ ਦੀ ਭੂਮਿਕਾ ਖ਼ਤਮ ਹੁੰਦੀ ਗਈ ਅਤੇ ਸਾਂਝੇ ਪਰਵਾਰ ਟੁੱਟਦੇ ਗਏ ਤਾਂ ਇਕੱਲੇ ਪਰਵਾਰ ਰਿਸ਼ਤਿਆਂ ਦੀਆਂ ਸਮੱਸਿਆਵਾਂ ਦਾ ਸ਼ਿਕਾਰ ਹੋਣ ਲੱਗੇ। ਅਜਿਹੀਆਂ ਘਟਨਾਵਾਂ ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਬਣਾ ਕੇ ਹੀ ਰੋਕਿਆ ਜਾ ਸਕਦਾ ਹੈ।

ਅੱਜ ਦਾ ਨੌਜਵਾਨ ਵਰਗ ਕੁਰਾਹੇ ਪੈ ਚੁੱਕਿਆ ਹੈ ਅਤੇ ਨੈਤਿਕ ਕਦਰ ਕੀਮਤਾਂ ਦੇ ਉਲਟ ਚੱਲ ਕੇ ਲਿਵ-ਇਨ-ਰਿਲੇਸ਼ਨਸ਼ਿਪ 'ਚ ਰਹਿ ਰਿਹਾ ਹੈ। ਇਸੇ ਲਈ ਆਨਰ ਕਿਲਿੰਗ ਜਿਹੇ ਭਿਆਨਕ ਹਾਦਸੇ ਵੇਖਣ ਨੂੰ ਮਿਲ ਰਹੇ ਹਨ । ਇਹੋ ਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਜਲਦੀ ਨਿਆਂ ਦੀ ਲੋੜ ਹੈ। ਆਪਸੀ ਸਬੰਧਾਂ ਵਿੱਚ ਸਮਾਜਿਕ ਸਹਿਮਤੀ ਨੂੰ ਲਾਜ਼ਮੀ ਬਣਾਉਣ ਦੀ ਲੋੜ ਹੈ ।ਰਿਸ਼ਤਿਆਂ 'ਚ ਕਤਲੇਆਮ ਹੋਣਾ ਹੁਣ ਆਮ ਜਿਹੀ ਗੱਲ ਬਣ ਗਈ ਹੈ। ਇਨ੍ਹਾਂ ਘਟਨਾਵਾਂ 'ਚ ਬੇਹਤਾਸ਼ਾ ਵਾਧਾ ਹੋਣਾ ਸਾਡੇ ਸੱਭਿਅਕ ਸਮਾਜ ਲਈ ਬਹੁਤ ਘਾਤਕ ਸਿੱਧ ਹੋ ਸਕਦਾ ਹੈ । ਜੀਵਨ ਦੀਆਂ ਕਦਰਾਂ-ਕੀਮਤਾਂ 'ਚ ਗਿਰਾਵਟ ਕਾਰਨ ਰਿਸ਼ਤੇ ਲੀਰੋ-ਲੀਰ ਹੋ ਰਹੇ ਹਨ । ਸੰਖੇਪ 'ਚ ਇਹੀ ਕਿਹਾ ਜਾ ਸਕਦਾ ਹੈ ਕਿ ਰੋਜ਼ਾਨਾ ਜੀਵਨ 'ਚ ਸਿੱਖਿਆ ਦੇ ਨਾਲ-ਨਾਲ ਨੌਜਵਾਨਾਂ ਨੂੰ ਵਧੀਆ ਸੰਸਕਾਰ ਦਿੱਤੇ ਜਾਣ। ਉਨ੍ਹਾਂ ਨੂੰ ਜੀਵਨ ਦੀਆਂ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣਾ ਜ਼ਰੂਰੀ ਹੈ। ਇਸ ਨਾਲ ਹੀ ਆਪਸੀ ਰਿਸ਼ਤੇ ਧੀਰਜ ਅਤੇ ਸੰਜਮ ਨਾਲ ਭਰੋਸੇਮੰਦ ਰਹਿਣਗੇ।

ਜ਼ਿਕਰਯੋਗ ਹੈ ਕਿ ਰਿਸ਼ਤੇ ਸਿਰਫ਼ ਨਿਭਾਉਣ ਲਈ ਨਹੀਂ ਹੁੰਦੇ, ਸਗੋਂ ਜਿਉਣ ਲਈ ਵੀ ਹੁੰਦੇ ਹਨ। ਰਿਸ਼ਤਿਆਂ ਦੀਆਂ ਛੋਟੀਆਂ-ਛੋਟੀਆਂ ਸਮੱਸਿਆਵਾਂ ਨੂੰ ਸਬਰ, ਸਮਝਦਾਰੀ ਅਤੇ ਸੰਜਮ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣਾ ਹਰ ਮਾਂ-ਬਾਪ ਦੀ ਜ਼ਿੰਮੇਵਾਰੀ ਹੈ । ਇਸ ਨਾਲ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਜਨੂੰਨ ਵਿੱਚ ਕੀਤੇ ਗਏ ਕਤਲ ਵਰਗੇ ਅਪਰਾਧਾਂ ਨੂੰ ਰੋਕਿਆ ਜਾ ਸਕਦਾ ਹੈ। ਰਿਸ਼ਤਿਆਂ 'ਚ ਕਤਲ ਦਾ ਸਿਲਸਿਲਾ ਲਗਾਤਾਰ ਰੁਕਣ ਦੀ ਥਾਂ ਵਧਦਾ ਹੀ ਜਾ ਰਿਹਾ ਹੈ । ਇਸ ਨੂੰ ਰੋਕਣ ਲਈ ਇਕ-ਦੂਜੇ ਦਾ ਆਦਰ-ਸਤਿਕਾਰ ਕਰੀਏ ਅਤੇ ਆਪਸੀ ਵਿਸ਼ਵਾਸ 'ਚ ਵਾਧਾ ਕਰੀਏ, ਕਿਉਂਕਿ ਆਪਸੀ ਵਿਸ਼ਵਾਸ 'ਤੇ ਹੀ ਸੱਚੇ-ਸੁੱਚੇ ਰਿਸ਼ਤੇ ਟਿਕੇ ਰਹਿੰਦੇ ਹਨ।

**# ਸੰਪਰਕ : 94172-80333**

**ਬਰਸੀ 'ਤੇ ਵਿਸ਼ੇਸ਼**

# ਮਹਾਨ ਗ਼ਦਰੀ ਯੋਧੇ ਅਤੇ ਅਜ਼ਾਦ ਹਿੰਦ ਫੌਜ ਦੇ ਜਰਨੈਲ ਬਾਬਾ ਹਰੀ ਸਿੰਘ ਉਸਮਾਨ (ਬੱਦੋਵਾਲ)

**ਜਸਦੇਵ ਸਿੰਘ ਲਲਤੋਂ**

ਬਾਬਾ ਹਰੀ ਸਿੰਘ ਉਸਮਾਨ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਬੱਦੋਵਾਲ ਵਿਖੇ 20 ਅਕਤੂਬਰ 1879 ਨੂੰ ਹੋਇਆ। ਪੂਰੇ 19 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਕੇ 20-10-1898 ਤੋਂ ਲੈ ਕੇ 01-04-1905 ਤੱਕ ਕਰੀਬ ਸਾਢੇ ਛੇ ਸਾਲ ਸਰਕਾਰੀ ਨੌਕਰੀ ਕੀਤੀ । ਅਣਖੀਲੇ ਸੁਭਾਅ ਦੇ ਮਾਲਕ ਹੋਣ ਕਰਕੇ ਫੌਜੀ ਗੁਲਾਮੀ ਨੂੰ ਲੱਤ ਮਾਰ ਕੇ ਪਿੰਡ ਵਾਪਸ ਆ ਗਏ ਤੇ ਢਾਈ ਸਾਲ ਖੇਤੀਬਾੜੀ ਦਾ ਕੰਮ ਕੀਤਾ । 30 ਅਕਤੂਬਰ 1907 ਨੂੰ ਰੋਟੀ-ਰੋਜ਼ੀ ਦੀ ਭਾਲ ਵਿੱਚ ਫਿਲਪਾਈਨ ਲਈ ਰਵਾਨਾ ਹੋ ਗਏ । ਦੋ ਸਾਲ ਫਿਲਪਾਈਨ ਦੇ ਸ਼ਹਿਰ ਮਨੀਲਾ ਵਿੱਚ ਮਜ਼ਦੂਰੀ ਤੇ ਪਹਿਰੇਦਾਰੀ ਕੀਤੀ । ਅੱਗੋਂ ਅਮਰੀਕਾ ਜਾ ਕੇ ਕੈਲੀਫੋਰਨੀਆ, ਇੰਪੀਰੀਅਲ ਵੈਲੀ 'ਚ ਮਜ਼ਦੂਰੀ ਕਰਨ ਪਿੱਛੋਂ ਅਮਰੀਕਾ-ਮੈਕਸੀਕੋ ਹੱਦ 'ਤੇ ਮੈਕਸੀਕਾਲੀ ਕਸਬੇ ਨੇੜੇ 200 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਕਪਾਹ ਦੀ ਖੇਤੀ ਕਰਨ ਲੱਗੇ । ਬੇਹੱਦ ਤੇ ਮਿਹਨਤੀ ਤੇ ਸਿਰੜੀ ਸੀ ਹਰੀ ਸਿੰਘ । ਖੂਨ-ਪਸੀਨਾ ਇੱਕ ਕਰਕੇ ਸਾਢੇ ਚਾਰ ਸਾਲਾਂ ਵਿੱਚ ਜਮ੍ਹਾਂ ਕੀਤੇ ਕਾਫੀ ਡਾਲਰ । ਦੂਜੇ ਪਾਸੇ ਗੋਰਿਆਂ ਵੱਲੋਂ ਪੈਰ-ਪੈਰ 'ਤੇ ਗੁਲਾਮੀ ਵਾਲੇ ਸਲੂਕ ਦੇ ਸ਼ੇਲੇ ਅਣਖੀ ਹਰੀ ਸਿੰਘ ਦੇ ਦਿਲ-ਦਿਮਾਗ ਨੂੰ ਕਰਦੇ ਜ਼ਖਮੀ । ਅਜਿਹੇ ਹਾਲਾਤ ਅੰਦਰ ਸਾਨਫਰਾਂਸਿਸਕੋ ਦੇ 'ਯੁਗਾਂਤਰ ਆਸ਼ਰਮ' (ਹੈਡਕੁਆਟਰ ਗ਼ਦਰ ਪਾਰਟੀ) 'ਚੋ ਨਿਕਲਦੇ 'ਗ਼ਦਰ' ਅਖਬਾਰ ਦਾ ਪਹਿਲਾ ਪਰਚਾ ਹਰੀ ਸਿੰਘ ਨੂੰ ਮਿਲਿਆ। ਆਪ ਨੇ ਪੜ੍ਹੇ ਹੇਠ ਲਿਖੇ ਚਾਰ ਸਬਕ :-

ਪਹਿਲਾ ਸਬਕ :- ਹਥਿਆਰਬੰਦ ਇਨਕਲਾਬ, ਦੂਜਾ ਸਬਕ :- ਧਰਮ ਆਪੋ-ਆਪਣਾ, ਤੀਜਾ ਸਬਕ :- ਸਭ ਗੁਲਾਮ ਦੇਸ਼ਾਂ ਦੀ ਆਜ਼ਾਦੀ ਦੇ ਘੋਲਾਂ ਵਿੱਚ ਹਿੱਸਾ ਲੈਣਾ, ਚੌਥਾ ਸਬਕ:- ਤਨਖਾਹ ਮੌਤ ਤੇ ਇਨਾਮ ਆਜ਼ਾਦੀ । ਚਾਰੇ ਸਬਕ ਕਰ ਲਏ ਹਰੀ ਸਿੰਘ ਨੇ ਪਾਠ ਦੀ ਤਰ੍ਹਾਂ ਯਾਦ । ਲੱਗਾ ਕੰਮ ਕਰਦਾ 'ਗ਼ਦਰ ਦੀ ਕਵਿਤਾ ਗਾਉਣ' :-

*'ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ,*
*ਆਉ ਸ਼ੇਰੋ ਗ਼ਦਰ ਮਚਾਈਏ ਵੇਲਾ ਨਹੀਂ ਖੁੰਝਾਵਣ ਦਾ।'*

ਆਜ਼ਾਦੀ ਦੀ ਮਚਦੀ ਲਾਟ ਦੇ ਸੱਜਰੇ ਬਣੇ ਪਰਵਾਨੇ ਨੇ ਸੋਚਿਆ ਕਿ ਹੁਣ ਵੇਲਾ ਖੁੰਝਣ ਨਹੀਂ ਦੇਣਾ। 15 ਅਕਤੂਬਰ 1914 ਨੂੰ 'ਯੁਗਾਂਤਰ ਆਸ਼ਰਮ' ਪੁੱਜ ਕੇ ਬਣ ਗਏ ਗ਼ਦਰ ਪਾਰਟੀ ਦੇ ਪੱਕੇ ਮੈਂਬਰ ਤੇ ਬੰਦ ਪਏ ਅਖਬਾਰ 'ਗ਼ਦਰ' ਨੂੰ ਮੁੜ ਚਾਲੂ ਕਰਨ ਵਾਲੇ ਨਵੇਂ ਸੰਪਾਦਕ । ਗ਼ਦਰ ਪਾਰਟੀ ਦੇ ਫੈਸਲੇ ਮੁਤਾਬਕ ਆਪਣੇ ਸਾਥੀਆਂ - ਹਰਨਾਮ ਚੰਦ, ਕਿਸ਼ਨ ਚੰਦ, ਮੰਗੂ ਤੇ ਰਘਵੀਰ ਸਮੇਤ ਆਪ 'ਜਹਾਂਗੀਰ' ਗੁਪਤ ਨਾਂਅ ਹੇਠ 15 ਅਪ੍ਰੈਲ 1915 ਨੂੰ ਜਰਮਨ ਕੌਂਸਲ ਦੀ ਮਦਦ ਨਾਲ ਅਮਰੀਕਾ ਤੋਂ ਹਿੰਦ ਦੀ ਗ਼ਦਰ ਪਾਰਟੀ ਵਾਸਤੇ ਹਥਿਆਰਾਂ ਦਾ ਭਰਿਆ ਸਮੁੰਦਰੀ ਜ਼ਹਾਜ ਲੈ ਕੇ ਰਵਾਨਾ ਹੋ ਗਏ । 5 ਮਹੀਨੇ ਦੀਆਂ ਘੁੰਮਣ-ਘੇਰੀਆਂ ਪਿੱਛੋਂ ਫੜੇ ਗਏ ਸਤੰਬਰ 1915 'ਚ, ਪ੍ਰੰਤੂ ਜਕਾਰਤਾ (ਜਾਵਾ) ਵਿਖੇ ਜਰਮਨ ਕੌਂਸਲ ਦੀ ਸਹਾਇਤਾ ਨਾਲ ਬਚ ਨਿਕਲੇ । ਜਾਵਾ ਦੇ ਪੱਛਮੀ ਹਿੱਸੇ ਦੇ ਪਹਾੜੀ ਖੇਤਰ 'ਗੰਗਹਾਲੂ' ਦੇ ਜੰਗਲਾਂ ਵਿੱਚ 01-01-16 ਤੋਂ 01-01-38 ਤੱਕ 'ਉਸਮਾਨ ਖਾਂ' ਦੇ ਨਾਂਅ ਹੇਠ ਤੀਜੇ ਰੂਪ 'ਚ ਗੁਪਤਵਾਸ ਜੀਵਨ ਬਤੀਤ ਕਰਦੇ ਰਹੇ । ਉਥੋ ਦੇ 'ਸੂਡਾਨਿਸ਼' ਲੋਕਾਂ ਦੀ ਬੋਲੀ /ਸੱਭਿਆਚਾਰ ਨੂੰ ਬਹੁਤ ਹੀ ਜਲਦੀ ਗ੍ਰਹਿਣ ਕਰਨ ਉਪਰੰਤ ਇੱਕ ਬੀਬੀ ਨਾਲ ਵਿਆਹ ਕਰਵਾਇਆ, ਜਿਸ ਦੀ ਕੁੱਖੋਂ ਤਿੰਨ ਧੀਆਂ ਤੇ ਦੋ ਪੁੱਤਰਾਂ ਨੇ ਜਨਮ ਲਿਆ । ਆਪ ਨੇ ਇਸ ਵਕਤ 25 ਏਕੜ ਦੀ ਜ਼ਮੀਨ 'ਤੇ ਖੇਤੀ ਕੀਤੀ। ਸ਼ੰਘਾਈ ਦੀ ਅੰਗਰੇਜ ਪੁਲਸ 'ਤੇ ਸੀ ਆਈ ਡੀ ਤਿੰਨ ਸਾਲ ਆਪ ਨੂੰ ਜਾਵਾ 'ਚ



ਭਾਲ-ਭਾਲ ਕੇ ਫੇਲ੍ਹ ਹੋ ਗਈ ਤੇ ਵਾਪਸ ਮੁੜ ਗਈ। ਆਪ ਦੇ ਰੌਸ਼ਨ ਦਿਮਾਗ 'ਚ ਗ਼ਦਰ ਸੁਪਨਾ ਸਦਾ ਜਿਉਂਦਾ ਰਿਹਾ ।

ਇੰਗਲੈਂਡ ਤੇ ਜਾਪਾਨ ਦੇ ਵਿਚਕਾਰ ਜੰਗ ਦੇ ਆਸਾਰ ਬਣਦੇ ਹੀ ਆਪ ਨੇ ਹਿੰਦ 'ਚ ਗ਼ਦਰ ਕਰਨ ਦੇ ਦੂਜੇ ਮੌਕਾ ਮੇਲ ਨੂੰ ਬੁੱਝ ਲਿਆ । ਸਿੱਟੇ ਵਜੋਂ 01-01-1938 ਨੂੰ ਆਪ ਆਪਣੀ ਪਤਨੀ 'ਤੇ ਬੱਚਿਆਂ ਨੂੰ ਸੁੱਤੇ ਪਏ ਹੀ ਛੱਡ ਗਏ । ਗ਼ਦਰ ਦੇ ਦੂਜੇ ਪੜਾਅ ਦੀ ਤਿਆਰੀ ਲਈ ਚੱਲ ਪਏ । ਸ਼ੰਘਾਈ ਤੇ ਸਿੰਘਾਪੁਰ ਨੂੰ ਗੜ੍ਹ ਬਣਾਉਂਦੇ ਹੋਏ ਆਜ਼ਾਦ ਹਿੰਦ ਲੀਗ ਤੇ ਫੌਜ 'ਚ ਕ੍ਰਾਂਤੀਕਾਰੀ ਕੰਮ ਦੀ ਉਸਾਰੀ ਕਰਦੇ ਹੋਏ ਜਨਵਰੀ 1938 ਤੋਂ ਨਵੰਬਰ 1944 ਤੱਕ ਅਨੇਕਾਂ ਰਾਜਸੀ ਤੌਰ 'ਤੇ ਚੇਤਨ ਗ਼ਦਰੀ ਫੌਜੀ ਤਿਆਰ ਕੀਤੇ ਅਤੇ ਹਾਂਗਕਾਂਗ , ਪਿਨਾਂਗ, ਸਿੰਘਾਪੁਰ, ਰੰਗੂਨ ਤੇ ਬੈਂਕਾਕ 'ਚ ਪ੍ਰਚਾਰ ਕਰਨ ਲਈ ਅਤੇ ਹਿੰਦ 'ਚ ਗ਼ਦਰ ਦਾ ਯੁੱਧ ਕਰਨ ਲਈ ਭੇਜੇ, ਜਿਹਨਾਂ 'ਚੋਂ ਕਈ ਅੰਗਰੇਜ ਹਕੂਮਤ ਨੇ ਫਾਂਸੀ ਲਾਏ, ਗੋਲੀਆਂ ਨਾਲ ਸ਼ਹੀਦ ਕੀਤੇ ਤੇ ਕਾਲੇ ਪਾਣੀ ਭੇਜੇ । ਬਾਕੀ ਗ਼ਦਰ ਲਈ ਜੂਝਦੇ ਰਹੇ । ਆਪ ਦਾ ਪਹਿਲਾ ਸਪੁੱਤਰ ਵੱਡਾ ਹੈਰੀ (ਵੱਡਾ ਹਰੀ ਸਿੰਘ) ਆਜ਼ਾਦ ਹਿੰਦ ਫੌਜ ਦੇ ਲੈਫਟੀਨੈਂਟ ਦੇ ਰੂਪ 'ਚ ਇੰਫਾਲ ਫਰੰਟ 'ਤੇ ਅੰਗਰੇਜ਼ਾਂ ਵਿਰੁੱਧ ਹਿੰਦ ਦੀ ਮੁਕਤੀ ਲਈ ਲੜਦਾ ਹੋਇਆ ਸ਼ਹੀਦ ਹੋ ਗਿਆ ।

ਦੂਜਾ ਸਪੁੱਤਰ ਛੋਟਾ ਹੈਰੀ (ਛੋਟਾ ਹਰੀ ਸਿੰਘ) ਨੇ ਫੌਜ ਦੇ ਖੁਫੀਆ ਕਾਰਜਾਂ ਬਦਲੇ ਅੰਗਰੇਜ਼, ਡੱਚ 'ਤੇ ਜਾਵਾ ਹਾਕਮਾਂ ਦੇ ਅਸਹਿ ਤੇ ਅਕਹਿ ਤਸੀਹੇ ਝੱਲੇ। 1945 'ਚ ਮੁੜ ਜਾਵਾ ਵਾਪਸੀ 'ਤੇ ਨਵੰਬਰ 45 'ਚ ਮੁਸਲਿਮ ਕੱਟੜਪੰਥੀਆਂ ਵੱਲੋਂ ਸੁਣਾਈ ਸਜ਼ਾ ਏ ਮੌਤ ਹੋਣ ਤੋਂ ਪਹਿਲਾਂ ਆਪ ਤੇ ਛੋਟਾ ਹੈਰੀ ਦੋਨੋਂ ਬਚਣ 'ਚ ਸਫਲ ਹੋ ਗਏ । ਜਨਵਰੀ ਤੋਂ ਸਤੰਬਰ '48 ਤੱਕ ਡੱਚ ਸਾਮਰਾਜੀਆਂ ਦੀ ਕੈਦ ਕੱਟੀ ਤੇ 1 ਅਕਤੂਬਰ 1948 ਨੂੰ ਵਾਪਸ ਬੱਦੋਵਾਲ ਪਰਤੇ। ਗੁੰਮਨਾਮ ਪ੍ਰੰਤੂ ਚੜ੍ਹਦੀ ਕਲਾ ਵਾਲਾ, ਲੋਕ ਸੇਵਾ ਵਾਲਾ, ਕ੍ਰਾਂਤੀ 'ਚ ਅਟੱਲ ਵਿਸ਼ਵਾਸ ਵਾਲਾ, ਦੇਸ਼ ਨੂੰ ਸਮਰਪਣ ਵਾਲਾ ਫਕੀਰੀ ਜੀਵਨ ਜਿਉਂਦੇ ਹੋਏ 15 ਅਗਸਤ 1969 ਨੂੰ ਬੱਦੋਵਾਲ ਵਿਖੇ ਵਤਨ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ । ਆਪ ਜੀ ਦਾ ਮਹਾਨ ਤੇ ਉੱਚੇ-ਸੁੱਚੇ ਕਿਰਦਾਰ ਵਾਲਾ ਜੀਵਨ ਤੇ ਬੇਮਿਸਾਲ ਕੁਰਬਾਨੀਆਂ ਸੂਹੇ ਰਾਹਾਂ ਦੇ ਰਾਹੀਆਂ ਨੂੰ ਸਦਾ-ਸਦਾ ਲਈ ਉਤਸ਼ਾਹ, ਜੋਸ਼, ਪ੍ਰੇਰਨਾ ਤੇ ਸਿੱਖਿਆ ਦਾ ਅਮੁੱਖ ਸੋਮਾ ਬਣੀਆਂ ਰਹਿਣਗੀਆਂ । ਸ਼ੁੱਕਰਵਾਰ 18 ਅਕਤੂਬਰ ਨੂੰ ਮਹਾਨ ਕਰਾਂਤੀਕਾਰੀ ਜਰਨੈਲ ਦੀ ਯਾਦ ਵਿਚ ਉਨ੍ਹਾ ਦੇ ਵਾਰਿਸ ਬੱਦੋਵਾਲ ਵਿਖੇ ਸਲਾਨਾ ਸਮਾਗਮ ਰਚਾਉਣਗੇ ।

**# ਸੰਪਰਕ : 96464-02470**

# ਉੱਘੇ ਕਮਿਊਨਿਸਟ ਤੇ ਮੁਲਾਜ਼ਮ ਆਗੂ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ 37ਵੀਂ ਬਰਸੀ ਮਨਾਈ

ਮੋਗਾ (ਇਕਬਾਲ ਸਿੰਘ ਖਹਿਰਾ)

ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਵੱਲੋਂ ਹਰ ਸਾਲ ਦੀ ਤਰ੍ਹਾਂ ਬੱਸ ਸਟੈਂਡ ਵਿਖੇ ਆਪਣੇ ਮਹਿਬੂਬ ਆਗੂ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ 37ਵੀਂ ਬਰਸੀ ਮਨਾਈ ਗਈ।ਇਸ ਮੌਕੇ ਰੋਡਵੇਜ਼ ਦੇ ਕਾਮਿਆਂ ਦੇ ਨਾਲ ਨਾਲ ਬਿਜਲੀ ਬੋਰਡ, ਪੀ.ਆਰ.ਟੀ.ਸੀ. ਮੁਲਾਜ਼ਮ, ਆਂਗਣਵਾੜੀ, ਆਸ਼ਾ ਵਰਕਰ, ਮਜ਼ਦੂਰ, ਕਿਸਾਨ, ਨਰੇਗਾ, ਨੌਜਵਾਨ, ਵਿਦਿਆਰਥੀਆਂ ਦੀਆਂ ਜਥੇਬੰਦੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ।ਕਾਮਰੇਡ ਧਾਲੀਵਾਲ ਦੀ ਸੋਚ ਨੂੰ ਪ੍ਰਣਾਏ ਲੋਕ 'ਬਾਈ ਨਛੱਤਰ ਧਾਲੀਵਾਲ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ' ਤੇ 'ਕਾਮਰੇਡ ਨਛੱਤਰ ਸਿੰਘ ਧਾਲੀਵਾਲ ਅਮਰ ਹੈ' ਦੇ ਨਾਅਰੇ ਲਾਉਂਦਿਆਂ ਲੋਕ ਕਾਫਲੇ ਬੰਨ੍ਹ ਕੇ ਪੰਡਾਲ ਵਿੱਚ ਸ਼ਾਮਲ ਹੋਏ।ਸਭ ਤੋਂ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਸਿੰਘ ਭੋਲਾ ਨੇ ਆਏ ਹੋਏ ਲੋਕਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਨੇ ਦੇਸ਼ ਦੀ ਏਕਤਾ, ਅਖੰਡਤਾ ਤੇ ਕਿਰਤੀ ਲੋਕਾਂ ਦੇ ਹੱਕਾਂ ਹਿੱਤਾਂ ਦੀ ਖਾਤਰ ਦਿੱਤੀ ਕੁਰਬਾਨੀ ਦਾ ਪੰਜਾਬ ਰੋਡਵੇਜ਼ ਦੇ ਕਾਮਿਆਂ ਦੇ ਨਾਲ ਨਾਲ ਸਮੂਹ ਕਿਰਤੀ ਲੋਕਾਂ ਨੇ ਸੱਚਮੁੱਚ ਮੁੱਲ ਪਾਇਆ ਹੈ।ਉਨ੍ਹਾਂ ਦੀ 37ਵੀਂ ਬਰਸੀ 'ਤੇ ਇੰਨੀ ਵੱਡੀ ਗਿਣਤੀ ਵਿੱਚ ਤੁਹਾਡਾ ਪਹੁੰਚਣਾ, ਉਨ੍ਹਾਂ ਦੀ ਹਰਮਨਪਿਆਰਤਾ ਦੀ ਗਵਾਹੀ ਭਰਦਾ ਹੈ। ਉਨ੍ਹਾਂ ਕਿਹਾ ਕਿ ਕਾਮਰੇਡ ਧਾਲੀਵਾਲ ਦੇ ਸੁਪਨਿਆਂ ਦਾ ਸਮਾਜਵਾਦੀ ਪ੍ਰਬੰਧ ਸਿਰਜਣਾ ਅੱਜ ਸਮੇਂ ਦੀ ਮੁੱਖ ਲੋੜ ਹੈ।

ਇਸ ਮੌਕੇ ਏਟਕ ਦੇ ਸਕੱਤਰ ਕਾਮਰੇਡ ਵਿੱਦਿਆ ਸਾਗਰ ਗਿਰੀ ਨੇ ਕਿਹਾ ਕਿ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਸੋਚ 'ਤੇ ਪਹਿਰਾ ਦੇ ਕੇ ਹੀ ਅੱਜ ਆਪਾਂ ਪਬਲਿਕ ਸੈਕਟਰ ਦੀ ਰਾਖੀ ਕਰ ਸਕਦੇ ਹਾਂ।ਉਨ੍ਹਾਂ ਆਖਿਆ ਕਿ ਸਿਰਫ ਪਬਲਿਕ ਸੈਕਟਰ ਹੀ ਲੋਕਾਂ ਨੂੰ

## ਕਾਮਰੇਡ ਧਾਲੀਵਾਲ ਦੀ ਸੋਚ 'ਤੇ ਪਹਿਰਾ ਦੇ ਕੇ ਹੀ ਪਬਲਿਕ ਸੈਕਟਰ ਦੀ ਰਾਖੀ ਕਰ ਸਕਦੇ ਹਾਂ : ਕਾਮਰੇਡ ਗਿਰੀ



ਸਹੂਲਤਾਂ ਦੇ ਸਕਦਾ ਹੈ।ਪ੍ਰਾਈਵੇਟ ਸੈਕਟਰ ਤਾਂ ਹਰ ਖੇਤਰ ਵਿੱਚ ਲੋਕਾਂ ਦੀ ਲੁੱਟ ਹੀ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਪਬਲਿਕ ਸੈਕਟਰ ਨੂੰ ਤਬਾਹ ਕਰਕੇ ਕੁਝ ਘਰਾਣਿਆਂ ਨੂੰ ਫਾਇਦਾ ਪਹੁੰਚਾ ਰਹੀਆਂ ਹਨ।ਇਸ ਰੁਝਾਨ ਨੂੰ ਠੱਲ੍ਹ ਸਿਰਫ ਕਾਮਰੇਡ ਧਾਲੀਵਾਲ ਦੀ ਸੋਚ ਵਾਲੀਆਂ ਕਮਿਊਨਿਸਟ ਪਾਰਟੀਆਂ ਨੂੰ ਮਜ਼ਬੂਤ ਕਰਕੇ ਹੀ ਪਾਈ ਜਾ ਸਕਦੀ ਹੈ।ਇਸ ਮੌਕੇ ਉੱਘੇ ਲੇਖਕ ਤੇ ਮਾਰਕਸਵਾਦੀ ਚਿੰਤਕ ਡਾਕਟਰ ਸੁਖਦੇਵ ਸਿੰਘ ਸਿਰਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਕਾਰਨ ਕਿਰਤ ਕਰਨ ਵਾਲੇ ਲੋਕ ਗਰੀਬੀ ਦੀਆਂ ਡੂੰਘੀਆਂ ਖੱਡਾਂ ਵਿੱਚ ਡਿੱਗ ਰਹੇ ਹਨ ਤੇ ਮੋਦੀ ਦੇ ਕੁਝ ਕੁ ਜੋਟੀਦਾਰ ਅਮੀਰੀ ਦੀਆਂ ਚੋਟੀਆਂ ਸਰ ਕਰ ਰਹੇ ਹਨ ਹੈ।ਉਨ੍ਹਾਂ ਕਿਹਾ ਕਿ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਹੋ ਰਹੀਆਂ ਬਗਾਵਤਾਂ ਦੱਸਦੀਆਂ ਹਨ ਕਿ ਲੋਕ ਇਸ ਘਟੀਆ ਸਰਮਾਏਦਾਰੀ ਪ੍ਰਬੰਧ ਦਾ ਬਦਲ ਚਾਹੁੰਦੇ ਹਨ।ਕਾਮਰੇਡ ਧਾਲੀਵਾਲ ਦੀ ਸੋਚ ਹੀ ਦੇਸ਼ ਨੂੰ ਸਹੀ ਬਦਲ ਦੇ ਸਕਦੀ ਹੈ।

ਇਸ ਮੌਕੇ ਬਨੇਗਾ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਨੇ ਕਿਹਾ ਕਿ ਅੱਜ ਪੈਦਾਵਾਰੀ ਸ਼ਕਤੀਆਂ ਏ ਆਈ (ਆਰਟੀਫਿਸ਼ਲ ਇੰਟੈਲੀਜੈਂਸ) ਤੱਕ ਪਹੁੰਚ ਗਈ ਗਈਆਂ ਹਨ।ਇਨ੍ਹਾਂ ਹਾਲਤਾਂ ਵਿੱਚ ਸਾਡੇ ਅੱਗੇ ਸਵਾਲ ਕਿਰਤ ਕਰਨ ਵਾਲੇ ਲੋਕਾਂ ਨੂੰ ਰੁਜ਼ਗਾਰ ਵਿੱਚ ਲੈ ਕੇ ਜਾਣ ਦਾ ਹੈ। ਬੇਰੁਜ਼ਗਾਰੀ ਦੇ ਹੱਲ ਲਈ ਸਾਨੂੰ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦਾ ਮਾਰਕਸਵਾਦੀ ਫਲਸਫਾ ਰਾਹ ਦਰਸਾਉਂਦਾ ਹੈ ਕਿ ਸਾਨੂੰ ਹਰ ਹੱਥ ਨੂੰ ਰੁਜ਼ਗਾਰ ਦੇਣ ਲਈ ਕਾਨੂੰਨ ਦੁਆਰਾ ਸਥਾਪਤ ਕੰਮ ਦਿਹਾੜੀ ਘੱਟ ਕਰਨੀ ਪਵੇਗੀ।

ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਤੇ ਵਰਕਿੰਗ ਪ੍ਰਧਾਨ ਸੁਖਦੇਵ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਨੂੰ ਯਾਦ ਕਰਦਿਆਂ ਪਬਲਿਕ ਸੈਕਟਰ ਦੀ ਮਜ਼ਬੂਤੀ ਲਈ ਇੱਕਜੁੱਟ ਹੋਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਸਰਮਾਏਦਾਰ ਪੱਖੀ ਨੀਤੀਆਂ ਕਾਰਨ ਰੋਡਵੇਜ਼ ਪੀ.ਆਰ.ਟੀ.ਸੀ. ਬਿਜਲੀ ਬੋਰਡ ਤੇ ਹੋਰ ਵੱਡੇ ਪਬਲਿਕ ਅਦਾਰੇ ਖਤਮ ਹੋਣ ਕਿਨਾਰੇ ਹਨ।ਆਮ ਲੋਕ ਇਲਾਜ ਮਹਿੰਗਾ ਹੋਣ ਕਾਰਨ ਬਿਨ-ਇਲਾਜੇ ਮਰਨ ਲਈ ਮਜਬੂਰ ਹਨ।ਸਰਵ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਮਹੇਸ਼ਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਨੌਜਵਾਨ ਰੁਜ਼ਗਾਰ ਨਾ ਮਿਲਣ ਕਾਰਨ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵੱਲ ਜਾ ਰਹੇ ਹਨ, ਜਿਸ ਦਾ ਕਿ ਸਰਕਾਰਾਂ ਨੂੰ ਕੋਈ ਫਿਕਰ ਨਹੀਂ।ਉਨ੍ਹਾਂ ਕਿਹਾ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਨੌਜਵਾਨਾਂ ਨੂੰ ਕੰਮ ਦੀ ਗਰੰਟੀ ਦਿੰਦਾ ਭਗਤ ਸਿੰਘ ਨੈਸ਼ਨਲ ਰੁਜ਼ਗਾਰ ਗਰੰਟੀ ਐਕਟ ਬਨੇਗਾ ਬਣਨਾ ਚਾਹੀਦਾ ਹੈ ਤਾਂ ਹੀ ਜਵਾਨੀ ਨੂੰ ਬਚਾਇਆ ਜਾ ਸਕਦਾ ਹੈ।ਇਸ ਵੇਲੇ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਧਾਲੀਵਾਲ ਡਾਇਰੀ ਵੀ ਰਿਲੀਜ਼ ਕੀਤੀ ਗਈ ਅਤੇ ਉਨ੍ਹਾਂ ਦੇ ਪਿੰਡ ਬੱਧਨੀ ਖੁਰਦ ਦੇ ਹੋਣਹਾਰ ਵਿਦਿਆਰਥੀਆਂ ਤੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਇਪਟਾ ਮੋਗਾ ਦੀ ਟੀਮ ਵੱਲੋਂ ਕਾਮਰੇਡ ਜਗਰੂਪ ਦਾ ਲਿਖਿਆ ਅਤੇ ਅਵਤਾਰ ਚੜਿੱਕ ਤੇ ਰਮਨ ਗਿੱਲ ਦੀ ਨਿਰਦੇਸ਼ਨਾਂ ਹੇਠ ਨਾਟਕ ਫੈਸਲਾ, ਗੀਤ ਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।ਅਵਤਾਰ ਚੜਿੱਕ ਤੇ ਇਕਬਾਲ ਚੜਿੱਕ ਨੇ ਭੰਡਾਂ ਦੀ ਪੇਸ਼ਕਾਰੀ ਦੌਰਾਨ ਸੰਜੀਦਾ ਮੁੱਦਿਆਂ ਨੂੰ ਲੋਕਾਂ ਦੇ ਰੂਬਰੂ ਕੀਤਾ।ਸਟੇਜ ਦੀ ਕਾਰਵਾਈ ਕਾਮਰੇਡ ਜਗਦੀਸ਼ ਸਿੰਘ ਚਾਹਲ ਨੇ ਚਲਾਈ।ਅੰਤ ਵਿੱਚ ਆਈ ਹੋਈ ਲੋਕਾਂ ਦਾ ਧੰਨਵਾਦ ਜਥੇਬੰਦੀ ਦੇ ਸਰਪ੍ਰਸਤ ਕਾਮਰੇਡ ਗੁਰਦੀਪ ਸਿੰਘ ਮੋਤੀ ਨੇ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਪੰਜਾਬ ਦੇ ਚੇਅਰਮੈਨ ਅਵਤਾਰ ਸਿੰਘ ਤਾਰੀ, ਪ੍ਰਧਾਨ ਦੀਦਾਰ ਸਿੰਘ ਮੰਡ, ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ, ਉੱਘੇ ਸਾਹਿਤਕਾਰ ਡਾਕਟਰ ਸੁਰਜੀਤ ਸਿੰਘ ਬਰਾੜ, ਬਿਕਰਮਜੀਤ ਸਿੰਘ ਛੀਨਾ, ਗੁਰਦੀਪ ਸਿੰਘ ਮੁੱਲਾਂਪੁਰ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, ਸਕੱਤਰ ਜਗਸੀਰ ਖੋਸਾ, ਗੁਰਪ੍ਰੀਤ ਸਿੰਘ ਧੂਹੜ, ਕਾਮਰੇਡ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਦੀ ਸੁਰਿੰਦਰ ਸਿੰਘ ਬਰਾੜ, ਕਾਮਰੇਡ ਗੁਰਮੀਤ ਸਿੰਘ ਧਾਲੀਵਾਲ, ਬਿਜਲੀ ਬੋਰਡ ਦੇ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ, ਬਲਰਾਜ ਸਿੰਘ ਭੰਗੂ, ਕਾਮਰੇਡ ਬਚਿੱਤਰ ਸਿੰਘ ਧੋਥੜ, ਮੁਲਾਜ਼ਮ ਆਗੂ ਰਣਜੀਤ ਸਿੰਘ ਰਾਣਵਾਂ, ਪੀ.ਆਰ.ਟੀ.ਸੀ ਯੂਨੀਅਨ ਦੇ ਪ੍ਰਧਾਨ ਦਲਜੀਤ ਸਿੰਘ, ਸੁਖਦੇਵ ਰਾਮ ਸੁੱਖੀ, ਪ੍ਰੇਮ ਚਾਵਲਾ ਸਕੱਤਰ, ਅਵਤਾਰ ਸਿੰਘ ਗਗੜਾ ਆਗੂ ਪੈਨਸ਼ਨਰ ਯੂਨੀਅਨ, ਪੰਜਾਬ ਗੌਰਮਿੰਟ ਟੀਚਰ ਯੂਨੀਅਨ ਦੇ ਸੁਰਿੰਦਰ ਪ੍ਰਆਰੀ, ਆਸ਼ਾ ਵਰਕਰ ਯੂਨੀਅਨ ਦੇ ਪ੍ਰਧਾਨ ਅਮਰਜੀਤ ਕੌਰ ਰਣ, ਗੁਰਮੇਲ ਸਿੰਘ ਨਾਹਰ, ਨੌਜਵਾਨ ਆਗੂ ਕਰਮਵੀਰ ਕੌਰ ਬੱਧਨੀ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਅਮਰੀਕ ਸਿੰਘ ਮਸੀਤਾਂ, ਕਾਮਰੇਡ ਬਚਿੱਤਰ ਸਿੰਘ ਧੋਥੜ, ਵਿਦਿਆਰਥੀ ਆਗੂ ਨਵਜੋਤ ਬਿਲਾਸਪੁਰ, ਸਵਰਾਜ ਖੋਸਾ, ਹਰਪ੍ਰੀਤ ਸਿੰਘ ਨਿਹਾਲ ਸਿੰਘ ਵਾਲਾ, ਆਂਗਨਵਾੜੀ ਆਗੂ ਗੁਰਚਰਨ ਕੌਰ ਮੋਗਾ, ਇਕਬਾਲ ਸਿੰਘ ਪਠਾਣਕੋਟ, ਪੋਹਲਾ ਸਿੰਘ ਬਰਾੜ, ਡਾਕਟਰ ਇੰਦਰਵੀਰ ਗਿੱਲ, ਨੌਜਵਾਨ ਆਗੂ ਬੋਹੜ ਸਿੰਘ ਬੁੱਟਰ, ਕੁਲਵੰਤ ਸਿੰਘ ਸਾਬਕਾ ਸਰਪੰਚ ਬੱਧਨੀ ਖੁਰਦ, ਹਰਨੇਕ ਸਿੰਘ ਰੋਡੇ, ਕਿਸਾਨ ਆਗੂ ਸੂਰਤ ਸਿੰਘ ਧਰਮਕੋਟ, ਗੁਰਮੇਲ ਸਿੰਘ ਨਾਹਰ, ਉੱਘੇ ਲੇਖਕ ਸੁਖਮੰਦਰ ਸਿੰਘ ਤੂਰ, ਬਲਬੀਰ ਸਿੰਘ ਰਾਮੂੰਵਾਲੀਆ, ਐਪਸੋ ਆਗੂ ਇੰਜ: ਸਵਰਨ ਸਿੰਘ ਖੋਸਾ, ਚਮਕੌਰ ਸਿੰਘ ਬਘਿਆਣਾ, ਹਰਬੰਸ ਸਾਗਰ, ਅਸ਼ੋਕ ਕੌਸ਼ਲ, ਜੁਗਰਾਜ ਰਾਮਾ ਬਰਨਾਲਾ, ਕਾਮਰੇਡ ਗੁਰਮੀਤ ਸਿੰਘ ਵਾਂਦਰ, ਕਾਮਰੇਡ ਸ਼ੇਰ ਸਿੰਘ ਦੌਲਤਪੁਰਾ ਸਰਪੰਚ, ਕਾਮਰੇਡ ਮਹਿੰਦਰ ਸਿੰਘ ਧੂੜਕੋਟ, ਸਿੰਕਦਰ ਸਿੰਘ ਮਧੇਕੇ, ਹਰੀ ਬਹਾਦਰ ਬਿੱਟੂ, ਚਮਨ ਲਾਲ ਸੰਘੇਲੀਆ, ਸਤਵੰਤ ਸਿੰਘ ਖੋਟਾ, ਇਸਤਰੀ ਸਭਾ ਦੇ ਆਗੂ ਸਰਬਜੀਤ ਕੌਰ ਖੋਸਾ, ਪੱਪੀ ਢਿੱਲਵਾਂ, ਅਮਨਦੀਪ ਕੌਰ ਆਸ਼ਾ ਹਾਜ਼ਰ ਸਨ।

# ਮੁੱਖ ਮੰਤਰੀ ਦੇ ਜਨਮ ਦਿਨ 'ਤੇ ਖੂਨਦਾਨ ਕੈਂਪ ਲਾਇਆ



ਜਗਰਾਉਂ (ਸੰਜੀਵ ਅਰੋੜਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਜਨਮ ਦਿਨ 'ਤੇ ਕਰਨ ਸਿਗਲਾ ਹਸਪਤਾਲ ਵਿਖੇ ਖੂਨਦਾਨ ਕੈਂਪ ਲਾਇਆ ਗਿਆ। ਕੈਂਪ ਦੌਰਾਨ ਹਲਕਾ ਵਿਧਾਇਕ ਮੈਡਮ ਸਰਵਜੀਤ ਕੌਰ ਮਾਣੂੰਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਖੂਨਦਾਨੀਆਂ ਨੂੰ ਖੂਨ ਦਾਨ ਕਰਨ 'ਤੇ ਪ੍ਰਸ਼ੰਸਾ ਪੱਤਰ ਦਿੱਤੇ। ਇਸ ਮੌਕੇ ਵਿਧਾਇਕਾ ਮੈਡਮ ਮਾਣੂੰਕੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵਾਨ ਮਾਨ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੰਦੇ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਪੰਜਾਬ ਅੰਦਰ ਕੀਤੇ ਜਾ ਰਹੇ ਕੰਮ ਆਪਣਾ ਆਪ 'ਚ ਵੱਡੀ ਮਿਸਾਲ ਹਨ। ਉਨ੍ਹਾਂ ਕਰਨ ਸਿਗਲਾ ਹਸਪਤਾਲ ਵਿਖੇ ਸ੍ਰ. ਮਾਨ ਦੇ ਜਨਮ ਦਿਨ 'ਤੇ ਲਗਾਏ ਖੂਨਦਾਨ ਕੈਂਪ 'ਤੇ ਧੰਨਵਾਦ ਕੀਤਾ। ਇਸ ਮੌਕੇ ਰਿਟਾ: ਸੀਐਮਓ ਡਾ: ਹਰੀ ਕ੍ਰਿਸ਼ਨ ਸਿਗਲਾ ਤੇ ਡਾ: ਕਰਨ ਸਿਗਲਾ ਨੇ ਕਿਹਾ ਕਿ ਹਸਪਤਾਲ ਵਿਖੇ ਖੂਨੂੰ ਬਲੱਡ ਬੈਂਕ 'ਚ ਹਰ ਲੋੜਵੰਦ ਨੂੰ ਖੂਨ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਖੂਨ ਦਾਨ ਮਹਾਂ ਦਾਨ ਹੈ, ਇਸ ਲਈ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਖੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ।

# ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਵਿਰੁੱਧ ਬਿਜਲੀ ਕਾਮਿਆਂ ਤੇ ਪੈਨਸ਼ਨਰਾਂ ਵੱਲੋਂ ਰੋਸ ਰੈਲੀਆਂ



ਲੁਧਿਆਣਾ (ਭਾਟੀਆ, ਕਥੂਰੀਆ)-ਪੰਜਾਬ ਸਰਕਾਰ ਵੱਲੋਂ ਪਾਵਰਕਾਮ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀਆਂ ਵਿਉਂਤਬੰਦੀਆਂ ਵਿਰੁੱਧ ਸ਼ੁੱਕਰਵਾਰ ਅਦਾਰੇ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਸੰਕੇਤਕ ਤੌਰ 'ਤੇ ਬਿਜਲੀ ਦਫਤਰਾਂ ਵਿੱਚ ਡਵੀਜ਼ਨ ਪੱਧਰ 'ਤੇ ਰੋਹ ਭਰਪੂਰ ਰੋਸ ਰੈਲੀਆਂ ਕਰਕੇ ਜਾਇਦਾਦਾਂ ਵੇਚਣ ਦੀ ਪੰਜਾਬ ਸਰਕਾਰ ਦੀ ਘਟੀਆ ਤੇ ਲੋਕ ਵਿਰੋਧੀ ਨੀਤੀ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਭਾਰੀ ਗੁੱਸੇ ਦਾ ਪ੍ਰਗਟਾਵਾ ਕੀਤਾ। ਬਿਜਲੀ ਕਾਮਿਆਂ ਤੇ ਪੈਨਸ਼ਨਰਾਂ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਅਧਾਰਤ ਬਣੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ), ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਸੱਦੇ 'ਤੇ ਡਵੀਜ਼ਨ ਪੱਧਰ 'ਤੇ ਹੋਈਆਂ ਰੋਸ ਰੈਲੀਆਂ ਬਾਰੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਾਂਝੇ ਧੜੇ ਦੇ ਆਗੂਆਂ ਰਤਨ ਸਿੰਘ ਮਜਾਰੀ ਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਦੱਸਿਆ ਕਿ ਪੰਜਾਬ ਸਰਕਾਰ ਆਪਣੀਆਂ ਰਾਜਸੀ ਲੋੜਾਂ ਲਈ ਅਦਾਰੇ ਦੀਆਂ ਬਹੁਤ ਹੀ ਮਹੱਤਵਪੂਰਨ ਜਾਇਦਾਦਾਂ ਨੂੰ ਹੜੱਪਣ ਲਈ ਕਾਇਦੇ ਕਾਨੂੰਨਾਂ ਦੀ ਪ੍ਰਵਾਹ ਕੀਤੇ ਬਗੈਰ ਹਾਕਮ ਧਿਰ ਬਹੁਤ ਕਾਹਲੇ ਕਦਮੀਂ ਕਦਮ ਉਠਾ ਰਹੀ ਹੈ।ਰੋਸ ਰੈਲੀਆਂ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਤੇ ਪੈਨਸ਼ਨਰ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਕੁਲਵਿੰਦਰ ਸਿੰਘ ਢਿੱਲੋਂ, ਸਰਿੰਦਰਪਾਲ ਲਹੌਰੀਆ, ਰਵੇਲ ਸਿੰਘ ਸਹਾਏਪੁਰ, ਬਲਜੀਤ ਸਿੰਘ ਮੋਦਲਾ, ਗੁਰਭੇਜ ਸਿੰਘ ਢਿੱਲੋਂ, ਦਵਿੰਦਰ ਸਿੰਘ ਪਿਸੌਰ, ਰਣਜੀਤ ਸਿੰਘ ਢਿੱਲੋਂ, ਜਸਬੀਰ ਸਿੰਘ ਆਂਡਲੂ, ਕੌਰ ਸਿੰਘ ਸੋਹੀ, ਰਾਧੇ ਸ਼ਿਆਮ, ਦਲੀਪ ਕੁਮਾਰ, ਬਾਬਾ ਅਮਰਜੀਤ ਸਿੰਘ, ਗੁਰਪਿਆਰ ਸਿੰਘ, ਪਵਨਪ੍ਰੀਤ ਸਿੰਘ ਆਦਿ ਨੇ ਪੰਜਾਬ ਸਰਕਾਰ ਨੂੰ ਤਾੜਨਾ ਕੀਤੀ ਕਿ ਜੇਕਰ ਜਾਇਦਾਦਾਂ ਵੇਚਣ ਦਾ ਘਾਤਕ ਫੈਸਲਾ ਵਾਪਸ ਨਾ ਲਿਆ ਤਾਂ ਸਰਕਾਰ ਨੂੰ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

## ਕਾਤਰਾਂ

### ਜੇਲ੍ਹ 'ਚੋਂ ਮੋਬਾਇਲ ਫੋਨ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚੋਂ ਤਲਾਸ਼ੀ ਦੌਰਾਨ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਖਿਲਾਫ 52-ਏ ਪਰੀਜ਼ਨ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਸੁਪਰਡੈਂਟ ਨੇ ਇਕ ਪੱਤਰ ਨੰਬਰ 7340 ਰਾਹੀਂ 15 ਅਕਤੂਬਰ 2025 ਦੀ ਰਾਤ ਨੂੰ ਹਾਈ ਰਸਿਕ ਹਾਵਲਾਤੀ ਤਰਨਬੀਰ ਸਿੰਘ ਉਰਫ ਵਰਿਰਰ ਸਿੰਘ ਉਰਫ ਖਾਨਪੁਰੀਆ ਪੁੱਤਰ ਅਰਵਿੰਦਰ ਸਿੰਘ ਵਾਸੀ ਗਲੀ ਮਸਤ ਖੂਹ ਮੰਡੀ ਚੌਕ ਅੰਮ੍ਰਿਤਸਰ ਹਾਲ ਮਲੋਸੀਆ ਕੋਲੋਂ 1 ਟੱਚ ਸਕਰੀਨ ਮੋਬਾਇਲ ਫੋਨ ਸਮੇਤ ਸਿਮ ਬਰਾਮਦ ਹੋਇਆ ਹੈ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਅਕਾਲ ਅਕਾਦਮੀ ਢੀਂਡਸਾ ਵਿਖੇ ਹੋਇਆ ਮਹਾਨ ਅੰਮ੍ਰਿਤ ਸੰਚਾਰ

ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਸਿੱਖਿਆ ਸੰਸਥਾ ਅਕਾਲ ਅਕੈਡਮੀ ਢੀਂਡਸਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਤ ਮਹਾਨ ਅੰਮ੍ਰਿਤ ਸੰਚਾਰ ਕਰਵਾਇਆ ਗਿਆ।ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨ ਨੇ ਆ ਕੇ ਅੰਮ੍ਰਿਤਪਾਨ ਕਰਵਾਇਆ, ਜਿਸ ਵਿੱਚ ਕੁੱਲ 120 ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ।ਇਸ ਅੰਮ੍ਰਿਤ ਸੰਚਾਰ ਸਮਾਗਮ ਦੌਰਾਨ ਗੁਰਮੀਤ ਸਿੰਘ ਮੁੱਖ ਸੇਵਾਦਾਰ ਕਲਗੀਧਰ ਟਰੱਸਟ ਬੜੂ ਸਾਹਿਬ ਨੇ ਸ਼ਿਰਕਤ ਕੀਤੀ ਤੇ ਭਾਈ ਮਨਜੀਤ ਸਿੰਘ ਬੁਰਜ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਭੇਟਾ ਰਹਿਤ ਕਕਾਰ ਦਿੱਤੇ ਗਏ ਅਤੇ ਮੁਫਤ ਸਾਹਿਤ ਵੰਡਿਆ ਗਿਆ।ਇਸ ਮੌਕੇ ਅਕੈਡਮੀ ਦੇ ਪ੍ਰਿੰਸੀਪਲ ਮੈਡਮ ਅਰਵਿੰਦਰਪਾਲ ਕੌਰ ਤੇ ਪੰਜ ਪਿਆਰੇ ਸਾਹਿਬਾਨਾਂ ਵੱਲੋਂ ਗੁਰੂ ਕੇ ਜਹਾਜ਼ ਚੜ੍ਹਨ ਵਾਲੇ ਪ੍ਰਾਣੀਆਂ ਨੂੰ ਵਧਾਈ ਦਿੱਤੀ ਗਈ ਅਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਗੁਰੂ ਸਾਹਿਬ ਸਦਾ ਹੀ ਇਨ੍ਹਾਂ 'ਤੇ ਕਿਰਪਾ ਬਣਾਈ ਰੱਖਣ ਅਤੇ ਗੁਰਸਿੱਖੀ ਜੀਵਨ ਦੀ ਦਾਤ ਬਖਸ਼ਿਸ਼ ਕਰਨ।

### ਬੀਐੱਸਐੱਫ ਵੱਲੋਂ ਹੈਰੋਇਨ ਦਾ ਪੈਕੇਟ ਬਰਾਮਦ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਬੀਐੱਸਐੱਫ ਨੇ ਪਿੰਡ ਦਰਵੇਸ਼ੇ ਕੇ ਦੇ ਇਲਾਕੇ ਵਿਚੋਂ ਸਰਚ ਦੌਰਾਨ ਇਕ ਪੈਕੇਟ ਹੈਰੋਇਨ ਜਿਸ ਦਾ ਵਜ਼ਨ 504 ਗ੍ਰਾਮ ਹੈ, ਬਰਾਮਦ ਕੀਤਾ। ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਇਕ ਪੱਤਰ ਵੱਲੋਂ ਨੰਬਰ ਓਪੀਐੱਸ/ਐੱਫਆਈਆਰ/ਕੰਪਨੀ 99/ਬਟਾਲੀਅਨ/2025 ਵੱਲੋਂ ਇੰਸਪੈਕਟਰ ਸੁਨੀਲ ਕੁਮਾਰ ਅਗਰਵਾਲ ਬੀਓਪੀ ਪਛਾੜੀਆਂ ਫਿਰੋਜ਼ਪੁਰ ਮੌਸੂਲ ਹੋਇਆ ਕਿ ਅੱਜ ਬੀਐੱਸਐੱਫ ਦੇ ਕਰਮਚਾਰੀਆਂ ਵੱਲੋਂ ਦੌਰਾਨੇ ਸਰਚ ਦਰਵੇਸ਼ੇ ਕੇ ਦੇ ਇਲਾਕੇ ਵਿਚੋਂ ਇਕ ਪੈਕੇਟ ਬਰਾਮਦ ਕੀਤਾ ਗਿਆ, ਜਿਸ ਵਿਚੋਂ 504 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਪੈਨਸ਼ਨਰਜ਼ ਐਸੋਸੀਏਸ਼ਨ ਨੇ ਹੜ੍ਹ ਪੀੜਤਾਂ ਲਈ ਇਕੱਠੇ ਕੀਤੇ ਅਠਾਰਾਂ ਲੱਖ ਰੁਪਏ

## ਸੂਬਾ ਕਮੇਟੀ ਨੇ ਰਾਹਤ ਫੰਡ ਜਾਰੀ ਰੱਖਣ ਦਾ ਕੀਤਾ ਫੈਸਲਾ : ਭਜਨ ਸਿੰਘ ਗਿੱਲ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ:) ਪੰਜਾਬ ਦੀ ਹੜ੍ਹ ਪੀੜਤਾਂ ਲਈ ਇਕੱਤਰ ਕੀਤੀ ਲੱਗਪਗ 18 ਲੱਖ ਰੁਪਏ ਦੀ ਰਾਸ਼ੀ ਪਹੁੰਚਦੀ ਕਰਨ ਲਈ ਸੂਬਾ ਪੱਧਰੀ ਮੀਟਿੰਗ ਸੁਤੰਤਰਤਾ ਸੈਨਾਨੀ ਭਵਨ ਮੋਗਾ ਵਿਖੇ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਦੱਸਿਆ ਕਿ ਜਥੇਬੰਦੀ ਦੀ 9 ਸਤੰਬਰ ਦੀ ਮੀਟਿੰਗ ਦੇ ਫੈਸਲੇ ਨੂੰ ਲਾਗੂ ਕਰਦਿਆਂ, ਜਥੇਬੰਦੀ ਦੇ ਸਮੂਹ ਜ਼ਿਲ੍ਹਿਆਂ ਨੇ ਹੜ੍ਹ ਪੀੜਤਾਂ ਲਈ ਉਨ੍ਹਾਂ ਦੀ ਪੀੜਾ ਤੇ ਦੁਸ਼ਵਾਰੀਆਂ ਨੂੰ ਮਹਿਸੂਸ ਕਰਦਿਆਂ ਆਪਣੀ ਪੂਰੀ ਹਿੰਮਤ ਤੇ ਲਗਨ ਨਾਲ ਲੱਗਭੱਗ ਅਠਾਰਾਂ ਲੱਖ ਰੁਪਏ ਇਕੱਤਰ ਕੀਤਾ।ਜਥੇਬੰਦੀ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਸਕੱਤਰ ਅਜੀਤ ਸਿੰਘ ਸੋਢੀ ਤੇ ਸੂਬਾ ਵਿੱਤ ਸਕੱਤਰ ਸ਼ੁਬੇਗ ਸਿੰਘ ਨੇ ਕਿਹਾ ਕਿ ਸਾਨੂੰ ਰਾਹਤ ਵੰਡ ਵਿੱਚ ਸਕੂਲੀ ਬੱਚਿਆਂ ਦੇ ਹੋਏ ਨੁਕਸਾਨ ਤੇ ਦਿਹਾੜੀਦਾਰ ਮਜ਼ਦੂਰਾਂ ਤੱਕ ਵੀ ਪਹੁੰਚ ਕਰਨੀ ਚਾਹੀਦਾ ਹੈ।ਜੋ ਦੇਵ ਸ਼ਰਮਾ ਤੇ ਦਿਆਲ ਸਿੰਘ ਪੁਰੀ ਨੇ ਘੱਗਰ ਦਰਿਆ ਨਾਲ ਹੋਏ ਹੜ੍ਹ ਦੇ ਨੁਕਸਾਨ ਦੇ ਵੇਰਵੇ ਸਾਂਝੇ ਕਰਦਿਆਂ ਆਪਣੇ ਸੁਝਾਅ ਦਿੱਤੇ ਕਿ ਕੁਝ ਰਕਮ ਇਸ ਇਲਾਕੇ ਲਈ ਵੀ ਭੇਜੀ ਜਾਵੇ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਬਹਾਦਰ ਸਿੰਘ ਤੇ ਨਰਿੰਦਰ ਸਿੰਘ ਗੋਲੀ ਨੇ ਹੁਸ਼ਿਆਰਪੁਰ ਪਠਾਨਕੋਟ ਵਾਲੇ ਇਲਾਕਿਆਂ ਵਿੱਚ ਹੜ੍ਹਾਂ ਦੀ ਲਪੇਟ ਵਿੱਚ ਆਏ ਲੋਕਾਂ ਦੇ ਦਰਦ ਦੀ ਦਾਸਤਾਨ ਬੜੇ ਹੀ ਭਾਵੁਕ ਸ਼ਬਦਾਂ ਵਿੱਚ ਪੇਸ਼ ਕੀਤੀ ਤੇ ਵੰਡ ਇੱਕਤਰ ਕਰਨ ਸਮੇਂ ਲੋਕਾਂ ਦੁਆਰਾ ਦਿੱਤੇ ਭਰਵੇ ਸਹਿਯੋਗ ਨੂੰ ਸਲਾਮ ਕੀਤਾ।ਕਪੂਰਥਲਾ ਤੋਂ ਜ਼ਿਲ੍ਹਾ ਪ੍ਰਧਾਨ ਸੁੱਚਾ ਸਿੰਘ, ਗੁਰਦੀਪ ਸਿੰਘ ਤੇ ਸੁੱਚਾ ਸਿੰਘ ਸੁਲਤਾਨਪੁਰ ਲੋਧੀ ਨੇ ਆਪਣੇ ਆਪਣੇ ਇਲਾਕੇ ਵਿੱਚ ਹੋਏ ਫਸਲਾਂ, ਘਰਾਂ ਤੇ ਸਕੂਲਾਂ ਦੇ ਨੁਕਸਾਨ ਦੀ ਦਿਲ ਦਹਿਲਾਊ ਹਾਲਤ ਬਿਆਨ ਕੀਤੀ ਤੇ ਦਿਹਾੜੀਦਾਰ ਕਾਮਿਆਂ ਦੀ ਤਰਾਸਦੀ ਬਿਆਨ ਕਰਦਿਆਂ ਦੱਸਿਆ ਕਿ ਕਿਵੇਂ ਉਨ੍ਹਾਂ ਦੇ ਘਰ ਬਾਰ ਤਬਾਹ ਹੋ ਗਏ, ਦਿਹਾੜੀਆਂ ਨਾ ਮਿਲਣ ਕਰਕੇ ਪਰਵਾਰਾਂ ਦੀ ਤਰਸਯੋਗ ਹਾਲਤ ਦੀ ਦਾਸਤਾਨ ਬਿਆਨ ਕੀਤੀ।ਆਤਮ ਤੇਜ ਸ਼ਰਮਾ, ਸੁਲੱਖਣ ਸਿੰਘ ਭਗਤਾ ਭਾਈ ਨੇ ਜਥੇਬੰਦੀ ਦੁਆਰਾ ਕੀਤੇ ਜਾ ਰਹੇ ਯਤਨਾਂ ਦੀ ਪ੍ਰਸੰਸਾ ਕਰਦਿਆਂ ਇਸ ਫੰਡ ਨੂੰ ਹੋਰ ਇੱਕ ਮਹੀਨਾ ਜਾਰੀ ਰੱਖਣ ਦਾ ਸੁਝਾਅ ਦਿੱਤਾ ਤਾਂ ਕਿ ਵੱਧ ਤੋਂ ਵੱਧ ਹੜ੍ਹ ਪੀੜਤ ਪਰਵਾਰਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਗਾਈ ਜਾ ਸਕੇ।ਮੋਗਾ ਤੋਂ ਹਾਜ਼ਰ ਸਾਥੀਆਂ ਸੁਰਿੰਦਰ ਪਾਲ ਸਿੰਘ, ਬਿੱਕਰ ਸਿੰਘ ਮਾਛੀਕੇ, ਜਸਵੰਤ ਸਿੰਘ ਕੋਟਲਾ, ਇੰਦਰਜੀਤ ਸਿੰਘ ਮੋਗਾ ਨੇ ਵਿਸ਼ਵਾਸ ਦਿਵਾਇਆ ਕਿ ਉਹ ਜਥੇਬੰਦੀ ਵੱਲੋਂ ਕੀਤੇ ਜਾ ਰਹੇ ਯਤਨਾਂ ਵਿੱਚ ਆਪਣਾ ਪੂਰਾ ਯੋਗਦਾਨ ਪਾਉਂਦੇ ਰਹਿਣਗੇ ਤੇ ਲੋੜਵੰਦ ਲੋਕਾਂ ਲਈ ਹੋਰ ਰਾਹਤ ਫੰਡ ਇਕੱਠਾ ਕਰਨ ਲਈ ਭਰਪੂਰ ਯਤਨ ਕਰਨਗੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੈੱਸ ਸਕੱਤਰ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਕੀਤਾ।ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਨੇ ਸਮੂਹ ਹਾਜ਼ਰ ਮੈਂਬਰਾਂ ਦਾ ਹੜ੍ਹ ਪੀੜਤਾਂ ਲਈ ਸਹਾਇਤਾ ਫੰਡ ਇਕੱਤਰ ਕਰਨ ਲਈ ਧੰਨਵਾਦ ਕਰਦਿਆਂ ਇਸ ਕਾਰਜ ਨੂੰ ਹੜ੍ਹ ਪੀੜਤਾਂ ਦੀ ਹਾਲਤ ਸੁਧਰਨ ਤੱਕ ਜਾਰੀ ਰੱਖਣ ਦੇ ਫੈਸਲੇ ਦੀ ਸਮੂਹ ਹਾਜ਼ਰ ਮੈਂਬਰਾਂ ਤੋਂ ਪ੍ਰਵਾਨਗੀ ਲਈ ਅਤੇ ਕਪੂਰਥਲਾ, ਹੁਸ਼ਿਆਰਪੁਰ, ਪਠਾਨਕੋਟ, ਫਿਰੋਜ਼ਪੁਰ, ਫਾਜ਼ਿਲਕਾ, ਸੰਗਰੂਰ ਪਟਿਆਲਾ ਦੇ ਘੱਗਰ ਦਰਿਆ ਨਾਲ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਮਜ਼ਦੂਰ ਤਬਕੇ ਤੇ ਸਕੂਲੀ ਬੱਚਿਆਂ ਤੱਕ ਇਹ ਫੰਡ ਪਹੁੰਚਾਉਣ ਦੇ ਫੈਸਲੇ ਨੂੰ ਲਾਗੂ ਕਰਨ ਦਾ ਵਿਸ਼ਵਾਸ ਦਿਵਾਇਆ।ਉਨ੍ਹਾਂ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਹੜ੍ਹ ਪੀੜਤਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ।ਇਸ ਮੌਕੇ ਸੁਰਿੰਦਰ ਸਿੰਘ ਹੁਸ਼ਿਆਰਪੁਰ, ਸਰਬਜੀਤ ਸਿੰਘ ਦਾਊਧਰ, ਬਲਦੇਵ ਕ੍ਰਿਸ਼ਨ ਮੁਕੇਰੀਆਂ, ਭਰਪੂਰ ਸਿੰਘ ਭੋਜੋਵਾਲ ਤੇ ਹੋਰ ਆਗੂ ਮੀਟਿੰਗ ਵਿੱਚ ਸ਼ਾਮਲ ਹੋਏ।

# ਕੈਂਟਰ ਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਦੀ ਮੌਤ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਛਾਉਣੀ ਸਮੁੰਦਰੀ ਪੈਟਰੋਲ ਪੰਪ ਦੇ ਕੋਲ ਕੈਂਟਰ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਕੈਂਟਰ ਚਾਲਕ ਖਿਲਾਫ 106 (1), 281, 324 (4) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਜ ਕੁਮਾਰ ਪੁੱਤਰ ਅਜੀਤ ਸਿੰਘ ਵਾਸੀ ਜੋਆਏ ਸਿੰਘ ਵਾਲਾ ਨੇ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ 'ਤੇ ਉਸ ਦੇ ਮਾਮੇ ਦਾ ਲੜਕਾ ਸਿਕੰਦਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਰੇਲਵੇ ਬਸਤੀ ਵਾਰਡ ਨੰਬਰ 15 ਗੁਰੂ ਹਰਸਹਾਏ ਉਮਰ ਕਰੀਬ 50 ਸਾਲ ਆਪਣੇ ਮੋਟਰਸਾਈਕਲ ਸਪਲੈਂਡਰ ਪਲੱਸ ਨੰਬਰ ਪੀਬੀ 77, 7266 'ਤੇ ਫਿਰੋਜ਼ਪੁਰ ਆਇਆ ਸੀ ਤੇ ਉਹ ਫਿਰੋਜ਼ਪੁਰ ਕੈਂਟ ਤੋਂ ਕੰਮ ਕਰਕੇ ਆਪੋ ਆਪਣੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਵਾਪਸ ਪਿੰਡ ਨੂੰ ਜਾ ਰਹੇ ਸੀ। ਰਾਜ ਕੁਮਾਰ ਨੇ ਦੱਸਿਆ ਕਿ ਕਰੀਬ 3.40 ਪੀਐੱਮ ਵਜੇ ਜਦੋਂ ਸਿਕੰਦਰ ਸਿੰਘ ਸਮੁੰਦਰੀ ਪੈਟਰੋਲ ਪੰਪ ਕੋਲ ਪਹੁੰਚਿਆਂ ਤਾਂ ਇੱਕ ਤੇਜ਼ ਰਫਤਾਰ ਕੈਂਟਰ ਜੋ ਕੇ ਤੇਲ ਦਾ ਭਰਿਆ ਹੋਇਆ ਹੈ, ਟਾਟਾ 1613 ਨੰਬਰ ਪੀਬੀ 05 ਏਬੀ 2574 ਨੇ ਸਿਕੰਦਰ ਸਿੰਘ ਦੇ ਮੋਟਰਸਾਈਕਲ ਨੂੰ ਟੱਕਰ ਮਾਰੀ ਤਾਂ ਸਿਕੰਦਰ ਸਿੰਘ ਡਿੱਗ ਪਿਆ ਤਾਂ ਕੈਂਟਰ ਦਾ ਟਾਇਰ ਸਿਕੰਦਰ ਸਿੰਘ ਦੇ ਸਿਰ ਦੇ ਉਪਰੋਂ ਲੰਘ ਗਿਆ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕੈਂਟਰ ਚਾਲਕ ਕੈਂਟਰ ਛੱਡ ਕੇ ਮੌਕੇ ਤੋਂ ਭੱਜ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਕੈਂਟਰ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਲੁੱਟ-ਖੋਹ ਦੀ ਤਿਆਰੀ ਕਰਦੇ 5 ਮੁਲਜ਼ਮ ਤੇਜ਼ਧਾਰ ਹਥਿਆਰਾਂ ਸਮੇਤ ਕਾਬੂ



ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਫਰੀਦਕੋਟ ਪੁਲਸ ਨੇ ਸੰਗਠਿਤ ਅਪਰਾਧ ਖਿਲਾਫ ਚੱਲ ਰਹੀ ਆਪਣੀ ਮੁਹਿੰਮ ਤਹਿਤ ਇੱਕ ਹੋਰ ਵੱਡੀ ਸਫਲਤਾ ਹਾਸਲ ਕੀਤੀ ਹੈ।ਪੁਲਸ ਨੇ ਲੁੱਟ-ਖੋਹ ਕਰਨ ਦੀ ਫਿਰਾਕ ਵਿੱਚ ਬੈਠੇ ਇੱਕ ਗਰੋਹ ਦੇ 5 ਦੋਸ਼ੀਆਂ ਨੂੰ ਹਥਿਆਰਾਂ ਸਮੇਤ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਹੈ।ਪਲਸ ਵੱਲੋਂ ਮਿਲੀ ਜਾਣਕਾਰੀ ਅਨੁਸਾਰ 16 ਅਕਤੂਬਰ ਨੂੰ ਇੰਸਪੈਕਟਰ ਰਾਜੇਸ਼ ਕੁਮਾਰ ਮੁੱਖ ਅਫਸਰ ਥਾਣਾ ਸਦਰ ਫਰੀਦਕੋਟ ਦੀ ਨਿਗਰਾਨੀ ਹੇਠ ਪੁਲਸ ਨੂੰ ਭਰੋਸੇਯੋਗ ਇਤਲਾਹ ਮਿਲੀ ਸੀ ਕਿ ਲੁੱਟ-ਖੋਹ ਕਰਨ ਦੇ ਆਦੀ ਇਹ ਮੁਲਜ਼ਮ ਪਿੰਡ ਕਲੇਰ ਤੋਂ ਅੱਗੇ ਨੈਸ਼ਨਲ ਹਾਈਵੇ 'ਤੇ ਇੱਕ ਬੰਦ ਪਏ ਇੱਟਾਂ ਵਾਲੇ ਭੱਠੇ ਕੋਲ ਮਾਰੂ ਹਥਿਆਰ ਲੈ ਕੇ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਹਨ।ਇਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਪੁਲਸ ਪਾਰਟੀ ਨੇ ਮੌਕੇ 'ਤੇ ਰੇਡ ਕੀਤੀ ਅਤੇ 5 ਦੋਸ਼ੀਆਂ ਨੂੰ ਉਸੇ ਸਮੇਂ ਗ੍ਰਿਫਤਾਰ ਕਰ ਲਿਆ, ਜਦੋਂ ਉਹ ਲੁੱਟ-ਖੋਹ ਦੀ ਯੋਜਨਾ ਬਣਾ ਰਹੇ ਸਨ।ਗ੍ਰਿਫਤਾਰ ਕੀਤੇ ਮੁਲਜ਼ਮ ਜ਼ਿਲ੍ਹਾ ਬਠਿੰਡਾ ਨਾਲ ਸਬੰਧਤ ਹਨ, ਜਿਨ੍ਹਾਂ ਦੀ ਪਛਾਣ ਮਨਜਿੰਦਰ ਸਿੰਘ ਉਰਫ ਮਨੀ, ਸੁਖਮੰਦਰ ਸਿੰਘ ਉਰਫ ਬਿੱਲਾ, ਪ੍ਰਦੀਪ ਸਿੰਘ, ਬਲਰਾਜ ਸਿੰਘ ਉਰਫ ਪ੍ਰਧਾਨ ਤੇ ਕੁਲਵਿੰਦਰ ਸਿੰਘ ਉਰਫ ਢਿੱਲੋ ਵਜੋਂ ਹੋਈ ਹੈ।ਉਕਤ ਮੁਲਜ਼ਮਾਂ ਪਾਸੋਂ ਇਕ ਹੌਂਡਾ ਸਿਟੀ ਕਾਰ, ਇੱਕ ਮੋਟਰਸਾਈਕਲ, 3 ਕਾਪੇ, 1 ਖੰਡਾ ਤੇ 1 ਲੋਹੇ ਦੀ ਗਰਾਰੀ ਬਰਾਮਦ ਕੀਤੇ ਗਏ। ਥਾਣਾ ਸਦਰ ਫਰੀਦਕੋਟ ਵਿਖੇ ਉਸਤ ਮੁਲਜ਼ਮਾਂ ਖਿਲਾਫ ਮੁਕੱਦਮਾ ਨੰਬਰ 236 ਮਿਤੀ 16.10.2025 ਅ/ਧ 310(4), 310(5), 111(3) ਬੀ.ਐਨ.ਐਸ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।ਪੁਲਸ ਵੱਲੋਂ ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਐੱਮ ਡੀ ਪਬਲਿਕ ਸਕੂਲ ਦੇ ਬੱਚਿਆਂ ਗਰੀਨ ਦਿਵਾਲੀ ਦਾ ਦਿੱਤਾ ਸੁਨੇਹਾ



ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)-ਸਭ ਧਰਮਾਂ ਦਾ ਸਾਂਝਾ ਤਿਓਹਾਰ ਦਿਵਾਲੀ ਇੱਕ ਪਵਿੱਤਰ ਤਿਓਹਾਰ ਹੈ। ਇਸ ਵਿੱਚ ਲੋਕ ਮਠਿਆਈਆਂ ਤੋਂ ਇਲਾਵਾ ਪਟਾਕੇ ਚਲਾਉਂਦੇ ਹਨ, ਜੋ ਕਿ ਇੱਕ ਪ੍ਰਦੂਸ਼ਣ ਦਾ ਰੂਪ ਵੀ ਧਾਰਨ ਕਰ ਜਾਂਦੇ ਹਨ। ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਐੱਮ ਡੀ ਪਬਲਿਕ ਸਕੂਲ ਸੁਨਾਮ ਦੇ ਬੱਚਿਆਂ ਤੇ ਅਧਿਆਪਕਾਂ ਵੱਲੋਂ ਸੁਨਾਮ ਦੇ ਵੱਖ ਵੱਖ ਥਾਵਾਂ ਉੱਪਰ ਪਹੁੰਚ ਕੇ ਗਰੀਨ ਦਿਵਾਲੀ ਮਨਾਉਣ ਦਾ ਸੁਨੇਹਾ ਦਿੱਤਾ ਗਿਆ। ਇਸੇ ਤਰ੍ਹਾਂ ਅੱਜ ਉਹ ਸੁਨਾਮ ਅਦਾਲਤ ਵਿੱਚ ਵੀ ਪਹੁੰਚੇ, ਜਿੱਥੇ ਕਿ ਜੱਜ ਸ੍ਰੀ ਦਲੀਪ ਕੁਮਾਰ ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਸੁਨਾਮ, ਐੱਸ ਡੀ ਐੱਮ ਪ੍ਰਮੋਦ ਸਿੰਗਲਾ ਸੁਨਾਮ ਨੂੰ ਵੀ ਐੱਮ ਡੀ ਪਬਲਿਕ ਸਕੂਲ ਦੇ ਬੱਚਿਆਂ ਵੱਲੋਂ ਗਰੀਨ ਦਿਵਾਲੀ ਦਾ ਸੁਨੇਹਾ ਦਿੱਤਾ ਗਿਆ। ਸੁਨਾਮ ਅਦਾਲਤ ਦੇ ਸੀਨੀਅਰ ਜੱਜ ਸ੍ਰੀ ਦਲੀਪ ਕੁਮਾਰ ਤੋਂ ਇਲਾਵਾ ਅਦਾਲਤਾਂ ਵਿੱਚ ਜੱਜ ਸ੍ਰੀ ਅਨੰਤ ਦੀਪ ਸਿੰਘ, ਜੱਜ ਪੁਨੀਤ ਵਰਮਾ, ਜੱਜ ਸ੍ਰੀਮਤੀ ਕੁਲਵਿੰਦਰ ਕੌਰ ਵੱਲੋਂ ਵੀ ਬੱਚਿਆਂ ਨੂੰ ਗਰੀਨ ਦੀਵਾਲੀ ਮਨਾਉਣ ਦਾ ਸੁਨੇਹਾ ਦਿੱਤਾ ਗਿਆ। ਐੱਸ ਡੀ ਐੱਮ ਸ੍ਰੀ ਪ੍ਰਮੋਦ ਸਿੰਗਲਾ ਤੇ ਜੱਜ ਸਾਹਿਬਾਨਾਂ ਵੱਲੋਂ ਬੱਚਿਆਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ ਗਈਆਂ ਤੇ ਚੰਗੇ ਭਵਿੱਖ ਲਈ ਅਸ਼ੀਰਵਾਦ ਦਿੱਤਾ ਗਿਆ। ਇਸ ਸਮੇਂ ਬੱਚਿਆਂ ਨਾਲ ਉਕਤ ਸਕੂਲ ਦੀਆਂ ਅਧਿਆਪਕਾਂ ਵੀ ਮੌਜੂਦ ਸਨ। ਇਸ ਸਮੇਂ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਰਨਵੀਰ ਸਿੰਘ ਵਸ਼ਿਸ਼ਟ ਤੇ ਸੀਨੀਅਰ ਐਡਵੋਕੇਟ ਰਵਿੰਦਰ ਭਾਰਤਵਾਜ ਨੇ ਵੀ ਬੱਚਿਆਂ ਨਾਲ ਸਹਿਯੋਗ ਕੀਤਾ।

# ਆਰ ਜੇ ਐੱਮ ਸੀ ਦੀ ਸਿਆਸਤ ਗਰਮਾਈ : ਘਪਲਾ ਕਰਨ ਵਾਲੇ ਸੀਏ ਦੀ ਕੀਤੀ ਛੁੱਟੀ

## ਕਲੱਬ ਮੈਨੇਜਮੈਂਟ ਨੇ 15 ਸਾਲ ਦਾ ਰਿਕਾਰਡ ਪੁਲਸ ਨੂੰ ਦੇਣ ਲਈ 6 ਮੈਂਬਰੀ ਕਮੇਟੀ ਬਣਾਈ



ਪਟਿਆਲਾ (ਰਾਜਿੰਦਰ ਥਿੰਦ)

ਰਾਜਿੰਦਰਾ ਜਿੰਮਖਾਨਾ ਤੇ ਮਹਿੰਦਰਾ ਕਲੱਬ ਦੀ ਸਿਆਸਤ ਇੱਕ ਵਾਰ ਫਿਰ ਗਰਮਾ ਗਈ ਹੈ।ਪਿਛਲੇ ਦਿਨੀਂ ਕਲੱਬ ਵਿੱਚ ਘਪਲਾ ਕਰਨ ਵਾਲੇ ਕਲੱਬ ਦੇ ਹੀ ਸੀਏ, ਜਿਸ ਖਿਲਾਫ ਪਹਿਲਾਂ ਹੀ ਪਟਿਆਲਾ ਪੁਲਸ ਨੇ ਧੋਖਾਧੜੀ ਦਾ ਕੇਸ ਦਰਜ ਕੀਤਾ ਹੋਇਆ ਹੈ, ਨੂੰ ਹੁਣ ਕਲੱਬ ਮੈਨੇਜਮੈਂਟ ਤੋਂ ਬਾਅਦ ਗੌਰਮਿੰਟ ਆਫ ਇੰਡੀਆ ਦੇ ਮਨੀਸਟਰੀ ਆਫ ਕੋਆਪ੍ਰੇਟਿਵ ਅਫੇਅਰਜ਼ ਵਿਭਾਗ ਦੇ ਆਰ.ਓ.ਸੀ. ਨੇ ਵੀ ਸੀ ਏ ਦੀ ਛੁੱਟੀ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਇਹ ਮਾਮਲਾ ਸੁਰਖੀਆਂ ਵਿੱਚ ਰਿਹਾ।ਕਲੱਬ ਦਾ ਪਿਛਲੇ 35 ਸਾਲਾਂ ਤੋਂ ਚੱਲੇ ਆ ਰਹੇ ਸੀਏ ਅਸ਼ੋਕ ਗੋਇਲ 'ਤੇ ਘਪਲੇ ਦੇ ਦੋਸ਼ ਲੱਗੇ, ਜਿਸ ਦੀ ਪਟਿਆਲਾ ਪੁਲਸ ਨੇ ਬਰੀਕੀ ਨਾਲ ਜਾਂਚ ਕੀਤੀ।ਉਸ ਤੋਂ ਬਾਅਦ ਹੀ ਸੀ ਏ ਖਿਲਾਫ ਧੋਖਾਧੜੀ ਤੇ ਰਿਕਾਰਡ ਨੂੰ ਖੁਰਦ ਬੁਰਦ ਕਰਨ ਦੀਆਂ ਧਾਰਾਵਾਂ ਤਹਿਤ ਕੇਸ ਰਜਿਸਟਰਡ ਹੋ ਗਿਆ ਸੀ।

ਅੱਜ ਮਹਾਰਾਣੀ ਕਲੱਬ ਵਿਖੇ ਫਰੈਂਡਜ਼ ਕਲਬ ਦੇ ਚੇਅਰਮੈਨ ਡਾ. ਮਨਮੋਹਣ ਸਿੰਘ, ਕਲੱਬ ਦੇ ਪ੍ਰਧਾਨ ਦੀਪਕ ਕੰਪਾਨੀ, ਮੀਤ ਪ੍ਰਧਾਨ ਵਿਕਾਸ ਪੁਰੀ, ਸੀਨੀਅਰ ਮੈਂਬਰ ਹਰਪ੍ਰੀਤ ਸੰਧੂ, ਰਾਹੁਲ ਮਹਿਤਾ, ਗੁਰਮੁੱਖ ਸਿੰਘ ਢਿੱਲੋਂ ਤੇ ਹੋਰ ਦਰਜਨ ਭਰ ਮੈਂਬਰਾਂ ਨੇ ਭਰਵੀਂ ਪ੍ਰੈੱਸ ਕਾਨਫਰੰਸ ਦੌਰਾਨ ਆਖਿਆ ਕਿ ਹੁਣ ਤੱਕ ਸੀਏ ਇਹ ਦੋਸ਼ ਲਗਾ ਰਿਹਾ ਸੀ ਕਿ ਕਲੱਬ ਮੈਨੇਜਮੈਂਟ ਨੇ ਉਸ ਨਾਲ ਧੱਕਾ ਕੀਤਾ ਹੈ, ਪਰ ਹੁਣ ਪੂਰੇ ਦੇਸ਼ ਅੰਦਰ ਇਨ੍ਹਾਂ ਕਲੱਬਾਂ ਦਾ ਸੰਵਿਧਾਨ ਲਿਖ ਰਹੀ ਗੌਰਮਿੰਟ ਆਫ ਇੰਡੀਆ ਦੇ ਵਿਭਾਗ ਮਨੀਸਟਰੀ ਆਫ ਕੋਆਪ੍ਰੇਟਿਵ ਅਫੇਅਰਜ਼ ਦੀ ਆਰ.ਓ.ਸੀ. ਨੇ ਵੀ ਸੀਏ ਅਸ਼ੋਕ ਗੋਇਲ ਨੂੰ ਡਿਸਮਿਸ ਕਰ ਦਿੱਤਾ ਹੈ।

ਕਲੱਬ ਦੀ ਸਮੁੱਚੀ ਮੈਨੇਜਮੈਂਟ ਟੀਮ ਨੇ ਪੂਰੇ ਇਕ ਸੁਰ ਵਿੱਚ ਕਿਹਾ ਕਿ ਆਰਓਸੀ ਤੋਂ ਉੱਪਰ ਕਲੱਬ ਦਾ ਕੋਈ ਵੀ ਸੰਵਿਧਾਨ ਨਹੀਂ ਹੈ।ਉਨ੍ਹਾਂ ਆਖਿਆ ਕਿ ਹੁਣ ਬਹੁਤ ਜਲਦ ਹੀ ਐਮਰਜੈਂਸੀ ਈਜੀਐੱਮ ਰੱਖ ਕੇ ਨਵਾਂ ਸੀਏ ਤੈਨਾਤ ਹੋਵੇਗਾ ਤੇ ਕਲੱਬ ਦੀ ਜਨਰਲ ਇਲੈਕਸ਼ਨ ਵੀ ਆਰ.ਓ.ਸੀ. ਦੀਆਂ ਹਦਾਇਤਾਂ ਅਨੁਸਾਰ ਹੀ 20 ਦਸੰਬਰ 2025 ਨੂੰ ਕਰਵਾਈ ਜਾਵੇਗੀ।ਕਲੱਬ ਮੈਂਬਰਾਂ ਨੇ ਆਖਿਆ ਕਿ ਇਹ ਕਲੱਬ 2900 ਮੈਂਬਰਾਂ ਦਾ ਕਲੱਬ ਹੈ, ਇਸ ਵਿੱਚ ਜੇਕਰ ਕੋਈ ਡਾਇਰੈਕਟਰ ਵੀ ਘਪਲਾ ਜਾਂ ਗਲਤੀ ਕਰੇਗਾ ਤਾਂ ਉਹ ਵੀ ਸਜ਼ਾ ਭੁਗਤੇਗਾ ਤੇ ਡਿਸਮਿਸ ਹੋਵੇਗਾ।

# ਸਕੂਲਾਂ ਨੇ ਮੁੱਖ ਮੰਤਰੀ ਫੰਡ 'ਚ ਹੜ੍ਹ ਪੀੜਤਾਂ ਦੀ ਮਦਦ ਲਈ ਰਾਸ਼ੀ ਭੇਜੀ



ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ ਪੁਰਾਣਾਂ ਦੇ ਸਕੂਲਾਂ ਨੇ ਮਿਸ਼ਨ ਚੜ੍ਹਦੀ ਕਲਾ ਤਹਿਤ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਮੁੱਖ ਮੰਤਰੀ ਫੰਡ ਰੰਗਲਾ ਪੰਜਾਬ ਖਾਤੇ ਵਿੱਚ ਇੱਕ ਲੱਖ ਰੁਪਏ ਦੀ ਰਾਸ਼ੀ ਭੇਜੀ ਗਈ।ਇਹ ਰਕਮ ਬਾਘਾ ਪੁਰਾਣਾ ਐੱਸ.ਡੀ.ਐੱਮ. ਬੇਅੰਤ ਸਿੰਘ ਸਿੱਧੂ ਨੂੰ ਭੇਟ ਕੀਤੀ ਗਈ।ਇਸ ਮੌਕੇ ਇੰਸਪੈਕਟਰ ਜਤਿੰਦਰ ਸਿੰਘ ਥਾਣਾ ਬਾਘਾ ਪੁਰਾਣਾ ਹਾਜ਼ਰ ਸਨ।ਇਸ ਵਿੱਚ ਯੋਗਦਾਨ ਪਾਉਣ ਵਾਲੇ ਸਕੂਲ ਹਾਰਵਰਡ ਕਾਨਵੈਂਟ ਸਕੂਲ ਬਾਘਾ ਪੁਰਾਣਾ, ਲਾਰੈਂਸ ਕਾਨਵੈਂਟ ਸਕੂਲ ਬਾਘਾ ਪੁਰਾਣਾ, ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ, ਪੰਜਾਬ ਕੋ-ਐਜੂਕੇਸ਼ਨ ਸਕੂਲ ਬਾਘਾ ਪੁਰਾਣਾ ਤੇ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਸ਼ਾਮਲ ਹਨ।ਇਨ੍ਹਾਂ ਸਕੂਲਾਂ ਨੇ ਪਹਿਲਾਂ ਵੀ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਪੰਜਾਬ ਲੈਵਲ ਦੀ ਸੰਸਥਾ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਨੂੰ ਆਪਣਾ ਯੋਗਦਾਨ ਭੇਜਿਆ।ਇਸ ਸੰਸਥਾ ਦੇ ਚੇਅਰਮੈਨ ਜਗਜੀਤ ਸਿੰਘ ਧੂਰੀ ਰਾਹੀਂ ਹੜ੍ਹ ਪੀੜਤ ਲੋਕਾਂ ਦੀ ਮਦਦ ਵਿੱਚ ਸਹਿਯੋਗ ਪਾਇਆ ਤੇ ਹੁਣ ਮੋਗਾ ਜ਼ਿਲ੍ਹੇ ਦੇ ਸਕੂਲ ਮੁੱਖ ਮੰਤਰੀ ਫੰਡ ਰੰਗਲਾ ਪੰਜਾਬ ਵਿੱਚ ਯੋਗਦਾਨ ਪਾ ਰਹੇ ਹਨ ਤਾਂ ਜੋ ਉਨ੍ਹਾਂ ਲੋਕਾਂ ਦੀ ਮੱਦਦ ਹੋ ਸਕੇ।ਰਾਸ਼ੀ ਭੇਟ ਕਰਨ ਮੌਕੇ ਅਜੇਪਾਲ ਸਿੰਘ, ਨਵਦੀਪ ਸਿੰਘ ਬਰਾੜ, ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ, ਮਨੋਜ ਕੁਮਾਰ, ਸੰਦੀਪ ਮਹਿਤਾ, ਐਡਵੋਕੇਟ ਸ੍ਰ. ਨਰ ਸਿੰਘ ਬਰਾੜ ਹਾਜ਼ਰ ਸਨ।

# ਬਾਬਾ ਖੇਤਰਪਾਲ ਮੰਦਰ ਵਿਖੇ ਮੂਰਤੀ ਸਥਾਪਨਾ ਦਿਵਸ ਮੌਕੇ ਹਵਨ ਯੱਗ

## ਸਾਲਾਨਾ ਚੌਂਕੀ ਤੇ ਭੰਡਾਰਾ 15 ਨਵੰਬਰ ਨੂੰ ਮਨਾਇਆ ਜਾਵੇਗਾ : ਵਿਜੈ ਬਾਂਸਲ



ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਬਾਬਾ ਖੇਤਰਪਾਲ ਜੀ ਦੇ ਪਵਿੱਤਰ ਮੰਦਰ ਵਿਖੇ ਅੱਜ ਮੂਰਤੀ ਸਥਾਪਨਾ ਦਿਵਸ ਦੇ ਸਨਮਾਨਤ ਮੌਕੇ 'ਤੇ ਪ੍ਰਬੰਧਕ ਕਮੇਟੀ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਭਵਿਆ ਹਵਨ ਯੱਗ ਦਾ ਆਯੋਜਨ ਕੀਤਾ ਗਿਆ।ਇਸ ਪਵਿੱਤਰ ਸਮਾਗਮ ਵਿੱਚ ਸ਼ਹਿਰ ਤੇ ਆਲੇ ਦੁਆਲੇ ਦੇ ਖੇਤਰਾਂ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਹੁੰਚੇ ਤੇ ਬਾਬਾ ਜੀ ਦੇ ਚਰਨਾਂ ਵਿੱਚ ਨਮਨ ਕਰਦੇ ਹੋਏ ਆਸ਼ੀਰਵਾਦ ਪ੍ਰਾਪਤ ਕੀਤਾ।ਸਮਾਗਮ ਦੀ ਸ਼ੁਰੂਆਤ ਮੰਗਲ ਪਾਠ ਨਾਲ ਕੀਤੀ ਗਈ, ਜਿਸ ਤੋਂ ਬਾਅਦ ਵਿਧੀਵਤ ਹਵਨ ਯੱਗ ਕੀਤਾ ਗਿਆ।ਹਵਨ ਦੌਰਾਨ ਮੰਦਰ ਪ੍ਰੰਗਣ ਵਿੱਚ ਪੂਰਾ ਮਾਹੌਲ ਭਗਤੀ ਭਾਵਨਾ ਨਾਲ ਭਰਪੂਰ ਹੋਇਆ ਰਿਹਾ।ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਖੇਤਰਪਾਲ ਜੀ ਦਾ ਸਥਾਪਨਾ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ ਹੈ।ਕਮੇਟੀ ਵੱਲੋਂ ਆਏ ਸਾਰੇ ਸ਼ਰਧਾਲੂਆਂ ਲਈ ਪ੍ਰਸਾਦ ਦੀ ਵਿਵਸਥਾ ਕੀਤੀ ਗਈ ਸੀ।ਸ਼ਰਧਾਲੂਆਂ ਨੇ ਪ੍ਰਬੰਧਕ ਕਮੇਟੀ ਦੇ ਯੋਗਦਾਨ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਸਾਂਝ, ਸ਼ਾਂਤੀ ਤੇ ਆਧਿਆਤਮਿਕਤਾ ਨੂੰ ਮਜ਼ਬੂਤ ਕਰਦੇ ਹਨ।ਇਸ ਮੌਕੇ ਮੰਦਰ ਪ੍ਰਬੰਧਕ ਕਮੇਟੀ ਨੇ ਬਾਬਾ ਖੇਤਰਪਾਲ ਜੀ ਦੀ ਕਿਰਪਾ ਸਦਕਾ ਸ਼ਹਿਰ ਵਿੱਚ ਅਮਨ-ਚੈਨ ਤੇ ਸਭ ਦੇ ਸੁਖੀ ਜੀਵਨ ਦੀ ਕਾਮਨਾ ਕੀਤੀ।

ਚੇਅਰਮੈਨ ਵਿਜੈ ਬਾਂਸਲ ਤੇ ਪ੍ਰਧਾਨ ਸੰਜੀਵ ਗਰਗ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਖੇਤਰਪਾਲ ਜੀ ਦੀ ਸਾਲਾਨਾ ਚੌਂਕੀ ਤੇ ਭੰਡਾਰਾ 15 ਨਵੰਬਰ 2025 (ਦਿਨ ਸ਼ਨੀਵਾਰ) ਨੂੰ ਚੰਨੂੰਵਾਲਾ ਬਾਈਪਾਸ, ਮਹਿੰਦਰਾ ਪੈਲੇਸ ਦੇ ਨਾਲ ਵਾਲੀ ਗਲੀ, ਬਾਘਾ ਪੁਰਾਣਾ ਵਿਖੇ ਧਾਰਮਿਕ ਸ਼ਰਧਾ ਤੇ ਆਸਥਾ ਨਾਲ ਮਨਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸਮਾਗਮ ਦਾ ਆਗਾਜ਼ ਸ਼ਾਮ 7:30 ਵਜੇ ਤੋਂ ਪ੍ਰਭੂ ਦੀ ਇੱਛਾ ਅਨੁਸਾਰ ਕੀਤਾ ਜਾਵੇਗਾ।ਇਸ ਦੌਰਾਨ ਰਾਵਤਸਰ ਤੋਂ ਬਾਬਾ ਜੀ ਦੀ ਜੋਤ ਲਿਆਂਦੀ ਜਾਵੇਗੀ ਤੇ ਮੰਦਰ ਪ੍ਰਾਂਗਣ 'ਚ ਵਿਸ਼ਾਲ ਧਾਰਮਿਕ ਪ੍ਰੋਗਰਾਮ ਹੋਵੇਗਾ।ਬਾਬਾ ਜੀ ਦਾ ਗੁਨਗਾਨ ਪ੍ਰਸਿੱਧ ਭਗਤ ਲੱਕੀ ਸ਼ੇਖਾਵਤ ਜਲਾਲਾਬਾਦੀ ਵੱਲੋਂ ਕੀਤਾ ਜਾਵੇਗਾ।ਸਮਾਗਮ ਦੌਰਾਨ ਪੂਜਨ ਦੀ ਸੇਵਾ ਪ੍ਰਧਾਨ ਨਗਰ ਕੌਂਸਲ ਬਾਘਾ ਪੁਰਾਣਾ ਸੋਨੀਆ ਗੁਪਤਾ ਤੇ ਪਵਨ ਗੁਪਤਾ ਵੱਲੋਂ ਨਿਭਾਈ ਜਾਵੇਗੀ।ਇਸ ਮੌਕੇ ਸਾਰਾ ਦਿਨ ਵੱਖ-ਵੱਖ ਪ੍ਰਕਾਰ ਦੇ ਭੰਡਾਰੇ ਲਗਾ ਕੇ ਆਉਣ ਵਾਲੇ ਸ਼ਰਧਾਲੂਆਂ ਨੂੰ ਲੰਗਰ ਵਰਤਾਇਆ ਜਾਵੇਗਾ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕੂੜਾ ਕੁਲੈਕਸ਼ਨ ਲਈ 31 ਹੋਪਰ ਟਿੱਪਰਾਂ ਨੂੰ ਦਿੱਤੀ ਹਰੀ ਝੰਡੀ

## ਬੂੜਾ ਗੁੱਜਰ ਰੋਡ ਤੋਂ ਰੇਲਵੇ ਰੋਡ ਤੱਕ ਬਣਨ ਵਾਲੀ ਸੜਕ ਦਾ ਰੱਖਿਆ ਨੀਂਹ ਪੱਥਰ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਦੇ ਸਥਾਨਕ ਸਰਕਾਰਾਂ ਤੇ ਸੰਸਦੀ ਕਾਜ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਦਾ ਦੌਰਾ ਕੀਤਾ।ਇਸ ਦੌਰੇ ਦੌਰਾਨ ਪਹਿਲਾਂ ਉਨ੍ਹਾਂ ਵੱਲੋਂ ਕੈਨਾਲ ਰੈਸਟ ਹਾਊਸ ਵਿਖੇ ਗਾਰਡ ਆਫ ਆਨਰ ਲੈਣ ਉਪਰੰਤ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਨਤਮਸਤਕ ਹੋ ਕੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਗਈ। ਉਨ੍ਹਾਂ ਸਵੱਛ ਭਾਰਤ ਮਿਸ਼ਨ ਅਧੀਨ ਪੰਜਾਬ ਸਰਕਾਰ ਦੇ ਸਹਿਯੋਗ ਸਦਕਾ ਦਫਤਰ ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ ਵਿਖੇ ਕੂੜਾ ਕੁਲੈਕਸ਼ਨ ਲਈ ਖਰੀਦੇ ਗਏ 31 ਹੋਪਰ ਟਿੱਪਰਾਂ ਤੇ 2 ਫਾਇਰਬ੍ਰਿਗੇਡ ਦੀਆਂ ਗੱਡੀਆਂ ਨੂੰ ਹਰੀ ਝੰਡੀ ਦਿੱਤੀ।ਇਸ ਮੌਕੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਹੋਪਰ ਟਿੱਪਰਾਂ ਰਾਹੀਂ ਸ਼ਹਿਰ ਦੇ ਹਰ ਵਾਰਡ 'ਚ ਕੂੜੇ ਦੀ ਕੁਲੈਕਸ਼ਨ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਦੇ ਫੰਡਾਂ ਲਈ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਸ਼ਹਿਰ ਵਾਸੀਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਬੂੜਾ ਗੁੱਜਰ ਤੋਂ ਰੇਲਵੇ ਰੋਡ ਤੱਕ ਤਕਰੀਬਨ 96 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੀ ਸੜਕ ਦਾ ਦਾ ਨੀਂਹ ਪੱਥਰ ਰੱਖਿਆ।ਉਨ੍ਹਾ ਦੱਸਿਆ ਕਿ ਸ਼ਹਿਰ ਦੇ ਸੀਵਰੇਜ ਸਿਸਟਮ ਵਿੱਚ ਸੁਧਾਰ ਲਿਆਉਣ ਲਈ ਤਕਰੀਬਨ 27 ਕਰੋੜ ਰੁਪਏ ਦਾ ਬਜਟ ਪਾਸ ਹੋ ਚੁੱਕਾ ਹੈ।ਇਹ ਕੰਮ ਜਲਦ ਹੀ ਸ਼ੁਰੂ ਕਰਵਾਇਆ ਜਾਵੇਗਾ।ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਦੇ ਬਾਹਰ ਸੈਰਗਾਹ ਵਾਲੀ ਜਗ੍ਹਾ ਦਾ ਵੀ ਜਾਇਜ਼ਾ ਲੈਂਦਿਆਂ ਕਿਹਾ ਕਿ ਜਲਦੀ ਹੀ ਇਸ ਦਾ ਸੁੰਦਰੀਕਰਨ ਕਰਕੇ ਸ਼ਹਿਰ ਵਾਸੀਆਂ ਨੂੰ ਸਵੱਛ ਵਾਤਾਵਰਨ ਮੁਹੱਈਆ ਕਰਵਾਉਣ ਤੇ ਸੈਰ ਕਰਨ ਲਈ ਉਨ੍ਹਾਂ ਦੇ ਸਪੁਰਦ ਕੀਤਾ ਜਾਵੇਗਾ।ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਦੱਸਿਆ ਕਿ ਇਨਾਂ ਪ੍ਰੋਜੈਕਟਾਂ ਅਧੀਨ ਕੀਤਾ ਜਾਣ ਵਾਲਾ ਖਰਚ ਐਮ.ਡੀ.ਐਫ ਗਰਾਂਟ ਅਧੀਨ ਪ੍ਰਾਪਤ ਹੋਇਆ ਹੈ, ਜਿਸ ਨਾਲ ਕਮੇਟੀ ਅਧੀਨ ਆਉਂਦੀਆਂ ਸਾਰੀਆਂ ਸੜਕਾਂ ਦਾ ਨਿਰਮਾਣ ਕਰਵਾਇਆ ਜਾਵੇਗਾ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ, ਕਾਰਜ ਸਾਧਕ ਅਫਸਰ ਵਰੁਣ ਕੁਮਾਰ ਸਹੋਤਾ, ਡੀਐੱਸਪੀ ਅਮਨਦੀਪ ਸਿੰਘ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਕੁਮਾਰ ਚਰਨਾ, ਇੱਕਬਾਲ ਸਿੰਘ, ਸੁਖਜਿੰਦਰ ਸਿੰਘ ਬਬਲੂ ਬਰਾੜ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਪਾਰਟੀ ਵਰਕਰ ਹਾਜ਼ਰ ਸਨ।

# ਪੰਜਾਬ ਪਬਲਿਕ ਸਕੂਲ ਨੇ 65ਵਾਂ ਸੰਸਥਾਪਕ ਦਿਵਸ ਮਨਾਇਆ

## ਰਾਜਪਾਲ ਪੰਜਾਬ ਨੇ ਸਮਾਗਮ 'ਚ ਕੀਤੀ ਸ਼ਿਰਕਤ



ਨਾਭਾ (ਵਰਿੰਦਰ ਵਰਮਾ)-ਪੰਜਾਬ ਪਬਲਿਕ ਸਕੂਲ ਨਾਭਾ ਨੇ 17 ਅਕਤੂਬਰ ਨੂੰ ਆਪਣਾ 65ਵਾਂ ਸੰਸਥਾਪਕ ਦਿਵਸ ਮਨਾਇਆ।ਇਸ ਮੌਕੇ ਮੁੱਖ ਮਹਿਮਾਨ ਸ੍ਰੀ ਗੁਲਾਬ ਚੰਦ ਕਟਾਰੀਆ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਅਤੇ ਸਕੂਲ ਬੋਰਡ ਆਫ਼ ਗਵਰਨਰਜ਼ ਦੇ ਚੇਅਰਮੈਨ ਦੇ ਆਉਣ ਨਾਲ ਕਾਰਵਾਈ ਸ਼ੁਰੂ ਹੋਈ।ਉਨ੍ਹਾਂ ਨੇ ਐੱਨ.ਸੀ.ਸੀ. ਕੈਡਿਟਾਂ ਤੋਂ ਸਲਾਮੀ ਲਈ ਤੇ ਗਾਰਡ ਆਫ਼ ਆਨਰ ਦਾ ਨਰੀਖਣ ਕੀਤਾ।ਇਸ ਮੌਕੇ ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਅਸੈਂਬਲੀ ਦਾ ਸੰਚਾਲਨ ਕੀਤਾ ਤੇ ਸਕੂਲ ਰਿਪੋਰਟ ਪੇਸ਼ ਕੀਤੀ।ਹੈੱਡਮਾਸਟਰ ਰਿਪੋਰਟ ਪੇਸ਼ ਕਰਦੇ ਹੋਏ, ਡਾ. ਡੀ. ਸੀ. ਸ਼ਰਮਾ ਨੇ ਸਕੂਲ ਸਰਪ੍ਰਸਤਾਂ ਦਾ ਸਾਲ ਦੌਰਾਨ ਸੰਸਥਾ ਦੇ ਵਿਕਾਸ ਲਈ ਹਰ ਸੰਭਵ ਮਦਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।ਇਸ ਸਾਲ ਦਾ ਲਾਈਫਟਾਈਮ ਅਚੀਵਮੈਂਟ ਅਵਾਰਡ ਸ੍ਰੀ ਵਾਈ. ਪੀ. ਜੌਹਰੀ, ਸਾਬਕਾ ਗਣਿਤ ਅਧਿਆਪਕ ਤੇ ਡਿਪਟੀ ਹੈੱਡਮਾਸਟਰ ਨੂੰ ਦਿੱਤਾ ਗਿਆ।ਰੋਲ ਆਫ਼ ਆਨਰ ਲੈਫਟੀਨੈਂਟ ਜਨਰਲ ਜਤਿੰਦਰ ਸਿੰਘ ਬਾਜਵਾ (ਸੇਵਾ ਮੁਕਤ), ਪੀ.ਵੀ.ਐਸ.ਐਮ., ਯੂ.ਵਾਈ.ਐੱਸ.ਐੱਮ., ਐੱਸ. ਐੱਮ. ਨੂੰ ਦਿੱਤਾ ਗਿਆ, ਜੋ ਕਿ ਸਕੂਲ ਦੇ ਇੱਕ ਪ੍ਰਸਿੱਧ ਸਾਬਕਾ ਵਿਦਿਆਰਥੀ ਸਨ।ਸਾਲ 2025 ਲਈ ਸੀਨੀਅਰ ਕਾਕ ਹਾਊਸ ਲਈ ਰਾਸ਼ਟਰਪਤੀ ਚੈਂਪੀਅਨਸ਼ਿਪ ਟਰਾਫੀ ਜਮਨਾ ਹਾਊਸ ਨੇ ਜਿੱਤੀ।ਇਸ ਮੌਕੇ ਜੂਨੀਅਰ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਐਰੋਬਿਕਸ ਦਾ ਪ੍ਰਦਰਸ਼ਨ ਕੀਤਾ ਤੇ ਐੱਨ.ਸੀ.ਸੀ. ਕੈਡਿਟਾਂ ਦੁਆਰਾ ਗਾਰਡ ਆਫ਼ ਆਨਰ ਤੇ ਪਰੇਡ ਪੇਸ਼ ਕੀਤੀ ਗਈ।ਸਕੂਲ ਬੈਂਡ ਨੇ ਇੱਕ ਬੇਮਿਸਾਲ ਪ੍ਰਦਰਸ਼ਨ ਪੇਸ਼ ਕੀਤਾ।ਪੰਜਾਬ ਪਬਲਿਕ ਸਕੂਲ ਨਾਭਾ ਦੇ ਘੋੜ ਸਵਾਰਾਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਆਏ ਹੋਏ ਮਹਿਮਾਨਾਂ ਦਾ ਮਨ ਮੋਹ ਲਿਆ।ਇਸ ਮੌਕੇ ਬੋਲਦੇ ਹੋਏ ਮੁੱਖ ਮਹਿਮਾਨ ਰਾਜਪਾਲ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਸਟਾਫ ਤੇ ਵਿਦਿਆਰਥੀਆਂ ਨੂੰ ਇੱਕ ਸ਼ਾਨਦਾਰ ਸ਼ੋਅ ਪੇਸ਼ ਕਰਨ ਲਈ ਵਧਾਈ ਦਿੱਤੀ।ਧੰਨਵਾਦ ਦਾ ਪ੍ਰਸਤਾਵ ਪੇਸ਼ ਕਰਦੇ ਹੋਏ ਸਕੂਲ ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਦਾ ਉਨ੍ਹਾਂ ਦੇ ਉਤਸ਼ਾਹ ਭਰੇ ਸ਼ਬਦਾਂ ਲਈ ਧੰਨਵਾਦ ਕੀਤਾ।ਸ੍ਰੀ ਜੈ ਸਿੰਘ ਗਿੱਲ ਆਈ.ਏ.ਐੱਸ. (ਸੇਵਾਮੁਕਤ) ਪ੍ਰਧਾਨ, ਕਾਰਜਕਾਰੀ ਕਮੇਟੀ, ਬੋਰਡ ਆਫ਼ ਗਵਰਨਰਜ਼, ਮਾਨਯੋਗ ਬੋਰਡ ਮੈਂਬਰ ਤੇ ਹੋਰ ਪ੍ਰਮੁੱਖ ਪਤਵੰਤੇ ਇਸ ਮੌਕੇ ਮੌਜੂਦ ਸਨ।

18-OCT-PAGE-1.qxd 10/17/2025 9:44 PM Page 2



## ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 355ਵਾਂ ਜਨਮ ਉਤਸਵ ਸ਼ਰਧਾ ਨਾਲ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 355ਵਾਂ ਜਨਮ ਦਿਹਾੜਾ ਸਤੰਤ ਲਛਮਣ ਦਾਸ ਸੀਨੀ: ਸੈਕੰ: ਸਕੂਲ ਤਲਵੰਡੀ ਕਲਾਂ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ। ਉਪਰੰਤ ਦੇਗ ਵਰਤਾਈ ਗਈ।ਇਸ ਮੌਕੇ ਬੋਲਦਿਆਂ ਮੈਡਮ ਰਮਨਦੀਪ ਕੌਰ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸਿੱਖ ਇਤਿਹਾਸ ਨੂੰ ਵੱਡਮੁੱਲੀ ਦੇਣ ਹੈ ਤੇ ਉਨ੍ਹਾਂ ਨੇ ਵਿਲੱਖਣ ਇਤਿਹਾਸ ਦੀ ਰਚਨਾ ਕੀਤੀ।ਬਾਬਾ ਜੀ ਨੇ ਹਥਿਆਰਬੰਦ ਟ੍ਰੇਂਡ ਫੌਜਾਂ ਦਾ ਮੁਕਾਬਲਾ ਆਮ ਲੋਕਾਂ ਵਿੱਚ ਜੋਸ਼ ਭਰ ਕੇ ਕੀਤਾ।ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕੇ ਤੇ ਮੋਹਰ ਚਲਾਏ।ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਨੇ ਬੰਦਾ ਸਿੰਘ ਬਹਾਦਰ ਦੀ ਜੀਵਨੀ ਬਾਰੇ ਗੀਤ ਤੇ ਕਵਿਤਾ ਪੇਸ਼ ਕੀਤੀ।ਇਸ ਮੌਕੇ ਪ੍ਰਿੰਸੀਪਲ ਬਲਦੇਵ ਬਾਵਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਲਿਆ।ਉਨ੍ਹਾਂ ਪਹਿਲਾਂ ਸਿੱਖ ਰਾਜ ਸਥਾਪਤ ਕੀਤਾ ਤੇ ਦੱਬੇ ਕੁਚਲੇ ਮਿਹਨਤੀ ਲੋਕਾਂ ਨੂੰ ਰਾਜਭਾਗ ਉੱਪਰ ਬਿਠਾਇਆ।ਬਾਬਾ ਜੀ ਨੇ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਕੇ ਜਗੀਰਦਾਰਾਂ ਦੀ ਚੁੰਗਲ ਵਿੱਚੋਂ ਛੁਡਵਾਇਆ।ਇਸ ਮੌਕੇ ਸਮਾਗਮ ਵਿੱਚ ਮੈਡਮ ਜਸਮਿੰਦਰ ਕੌਰ, ਅੰਮ੍ਰਿਤਪਾਲ ਕੌਰ, ਗੁਰਿੰਦਰਪਾਲ ਸਿੰਘ, ਗੁਰਚਰਨ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ।

## ਡਿੰਪੀ ਢਿੱਲੋਂ ਨੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਾਈ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਹਲਕਾ ਵਿਧਾਇਕ ਗਿੱਦੜਬਾਹਾ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਭਾਰੀ ਬਾਰਿਸ਼ ਕਾਰਨ ਹੋਏ ਖਰਾਬੇ ਸਬੰਧੀ ਗਿੱਦੜਬਾਹਾ ਦੀ ਮੰਡੀ ਵਾਲੀ ਧਰਮਸ਼ਾਲਾ ਵਿਖੇ 95 ਲਾਭਪਾਤਰੀਆਂ ਨੂੰ ਤਕਰੀਬਨ 16 ਲੱਖ ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ।ਇਸ ਮੌਕੇ ਬੋਲਦਿਆਂ ਵਿਧਾਇਕ ਡਿੰਪੀ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਤੇ ਲੋੜਵੰਦਾਂ ਨੂੰ ਹੜ੍ਹਾਂ ਨਾਲ ਸਬੰਧਤ ਮੁਆਵਜ਼ੇ ਦੇਣ ਦੀ ਅਨੋਖੀ ਪਹਿਲਕਦਮੀ ਹੈ।ਇਸ ਮੌਕੇ ਤਹਿਸੀਲਦਾਰ ਗਿੱਦੜਬਾਹਾ ਦੀਪਕ ਭਰਦਵਾਜ, ਨਾਇਬ ਤਹਿਸੀਲਦਾਰ ਦੋਦਾ ਜਸਵਿੰਦਰ ਕੌਰ, ਗੁਰਭੇਜ ਸਿੰਘ ਪਟਵਾਰੀ, ਮਨਪ੍ਰੀਤ ਸਿੰਘ ਪਟਵਾਰੀ ਗਿੱਦੜਬਾਹਾ, ਜਗਤਾਰ ਸਿੰਘ ਨਿੱਜੀ ਸਹਾਇਕ ਤੋਂ ਇਲਾਵਾ ਸਬੰਧਤ ਪਿੰਡਾਂ ਦੇ ਪੰਚ, ਸਰਪੰਚ ਹਾਜ਼ਰ ਸਨ।

## ਫ਼ੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਦੀ ਚੋਣ



**ਮਾਨਸਾ (ਆਤਮਾ ਸਿੰਘ ਪਮਾਰ)**-ਫ਼ੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਜ਼ਿਲ੍ਹਾ ਇਕਾਈ ਮਾਨਸਾ ਦੀ ਚੋਣ ਮੇਜਰ ਸਿੰਘ ਬਾਜੇਵਾਲਾ, ਬੂਟਾ ਸਿੰਘ, ਹਰਬੰਸ ਸਿੰਘ ਫਰਵਾਹੀ ਤੇ ਰਾਮ ਸਿੰਘ ਖੋਖਰ ਦੀ ਪ੍ਰਧਾਨਗੀ ਹੇਠ ਵਾਟਰ ਵਰਕਸ ਨਹਿਰੂ ਕਾਲਜ ਮਾਨਸਾ ਵਿਖੇ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਚੇਅਰਮੈਨ ਮੇਜਰ ਸਿੰਘ ਬਾਜੇਵਾਲਾ, ਸਰਪ੍ਰਸਤ ਬੂਟਾ ਸਿੰਘ ਖੀਵਾ, ਸਲਾਹਕਾਰ ਰਾਮ ਸਿੰਘ, ਹਰਬੰਸ ਸਿੰਘ ਫਰਵਾਹੀ, ਸੁਖਦੇਵ ਸਿੰਘ ਧਰਮਸੋਤ, ਪ੍ਰਧਾਨ ਬਿੱਕਰ ਸਿੰਘ ਮਾਖਾ, ਜਨਰਲ ਸਕੱਤਰ ਹਿੰਮਤ ਸਿੰਘ ਦੂਲੋਵਾਲ, ਸੀਨੀਅਰ ਮੀਤ ਪ੍ਰਧਾਨ ਜਸਮੇਲ ਸਿੰਘ ਅਤਲਾ, ਸੁਖਵਿੰਦਰ ਸਿੰਘ ਸਰਦੂਲਗੜ੍ਹ, ਇਕਬਾਲ ਸਿੰਘ ਆਲੀਕੇ, ਮੀਤ ਪ੍ਰਧਾਨ ਬਲਵੰਤ ਸਿੰਘ, ਜਸਪ੍ਰੀਤ ਸਿੰਘ ਮਾਨਸਾ, ਕੈਸ਼ੀਅਰ ਗੁਰਸੇਵਕ ਸਿੰਘ ਭੀਖੀ, ਪ੍ਰੈੱਸ ਸਕੱਤਰ ਚਮਕੌਰ ਸਿੰਘ, ਸਹਾਇਕ ਪ੍ਰੈੱਸ ਸਕੱਤਰ ਸੁਖਵਿੰਦਰ ਸਿੰਘ ਅਲੀਸ਼ੇਰ, ਪ੍ਰਚਾਰ ਸਕੱਤਰ ਬੱਗਾ ਸਿੰਘ, ਬਾਰੂ ਖਾਂ ਭੀਖੀ, ਨਿਰਮਲ ਸਿੰਘ ਰਾਮਦਿੱਤੇ ਵਾਲਾ, ਜਸਪ੍ਰੀਤ ਸਿੰਘ ਵਾਲੀਆ, ਸੁਰਜੀਤ ਸਿੰਘ ਯਾਦਵ, ਜੁਆਇੰਟ ਸਕੱਤਰ ਸੁਨੀਲ ਭੀਖੀ, ਲਛਮਣ ਸਿੰਘ ਪਸ਼ੂ ਪਾਲਣ ਵਿਭਾਗ, ਭੁਪਿੰਦਰ ਸਿੰਘ ਆਦਿ ਆਗੂ ਸਾਥੀ ਚੁਣੇ ਗਏ।ਸਾਥੀਆਂ ਨੇ ਵਿਸ਼ਵਾਸ ਦਿਵਾਇਆ ਕਿ ਮਾਨਸਾ ਵਿਖੇ 25 ਅਕਤੂਬਰ ਨੂੰ ਹੋ ਰਹੀ ਸੂਬਾਈ ਚੋਣ 'ਚ ਵੀ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ।

## ਸੰਤ ਕਬੀਰ ਸਕੂਲ ਵਿਖੇ ਗਲੋਬਲ ਹੈਂਡਵਾਸ਼ਿੰਗ-ਡੇ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬੱਚਿਆਂ ਵਿੱਚ ਹੱਥ ਧੋਣ ਦੀ ਆਦਤ ਪਾਉਣ ਤੇ ਉਨ੍ਹਾਂ ਨੂੰ ਨਿੱਜੀ ਅਤੇ ਆਮ ਸਫਾਈ ਬਣਾਈ ਰੱਖਣ ਲਈ ਸਿੱਖਿਅਤ ਕਰਨ ਦੇ ਉਦੇਸ਼ ਨਾਲ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਨੇ ਗਲੋਬਲ ਹੈਂਡਵਾਸ਼ਿੰਗ-ਡੇ ਹੈਂਡ ਮਨਾਇਆ। ਇਸ ਮੌਕੇ ਸਕੂਲ ਦੇ ਵਿਹੜੇ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਡਾ. ਉਪਾਸਨਾ (ਆਦੇਸ਼ ਸੰਸਥਾ ਦੇ ਮਾਈਕ੍ਰੋਬਾਇਓਲੋਜਿਸਟ) ਤੇ ਉਨ੍ਹਾਂ ਦੀ ਟੀਮ ਨੇ ਵਿਦਿਆਰਥੀਆਂ ਨੂੰ ਸਾਬਣ ਨਾਲ ਹੱਥ ਧੋਣ ਦਾ ਸਹੀ ਤਰੀਕਾ ਸਿਖਾਇਆ ਤੇ ਦੱਸਿਆ ਕਿ ਕਿਵੇਂ ਸਾਫ਼ ਹੱਥ ਸਾਡੀ ਸਿਹਤ ਦੀ ਰੱਖਿਆ ਕਰਦੇ ਹਨ। ਸਕੂਲ ਦੇ ਐੱਮ ਡੀ ਪ੍ਰੋਫੈਸਰ ਐੱਮ. ਐੱਲ. ਅਰੋੜਾ, ਡਾਇਰੈਕਟਰ ਡਾ. ਨੰਦਿਤਾ ਗਰੋਵਰ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਕਿਹਾ ਕਿ ਸਾਫ਼ ਹੱਥ ਸਾਡੇ ਜੀਵਨ ਦੀ ਕੁੰਜੀ ਹਨ ਅਤੇ ਸਾਰਿਆਂ ਨੂੰ ਹਰ ਰੋਜ਼ ਭੋਜਨ ਤੋਂ ਪਹਿਲਾਂ ਤੇ ਬਾਅਦ ਵਿੱਚ ਹੱਥ ਧੋਣ ਦੀ ਆਦਤ ਪਾਉਣੀ ਚਾਹੀਦੀ ਹੈ।

## 'ਐਜੂਕੇਟ ਪੰਜਾਬ' ਨੇ 8 ਪਿੰਡਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਜ਼ਿੰਮਾ ਚੁੱਕਿਆ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਐਜੂਕੇਟ ਪੰਜਾਬ ਪ੍ਰੋਜੈਕਟ ਸੰਸਥਾ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਜੀਵਨ ਮੁੜ ਪੱਟੜੀ 'ਤੇ ਲਿਆਉਣ ਲਈ ਦਿਨ-ਰਾਤ ਇੱਕ ਕੀਤਾ ਹੋਇਆ ਹੈ। ਸੰਸਥਾ ਦੇ ਵਲੰਟੀਅਰ ਪੜਾਅਵਾਰ ਇੱਕ-ਇੱਕ ਕਰਕੇ ਚੁਣੌਤੀਆਂ ਨੂੰ ਦੂਰ ਕਰ ਰਹੇ ਹਨ। ਇਸੇ ਲੜੀ ਵਜੋਂ ਸੰਸਥਾ ਨੇ ਇਨ੍ਹਾਂ ਪਿੰਡਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੀ ਜ਼ਿੰਮਾ ਚੁੱਕਿਆ ਹੈ। 'ਐਜੂਕੇਟ ਪੰਜਾਬ' ਨੇ ਫਿਰੋਜ਼ਪੁਰ ਦੇ ਅੱਠ ਪਿੰਡਾਂ ਦੇ 370 ਵਿਦਿਆਰਥੀਆਂ ਲਈ 47,40,163 ਲੱਖ ਰੁਪਏ ਫੀਸ ਵਜੋਂ ਵੰਡਣ ਦੀ ਮੁਹਿੰਮ ਦਾ ਬੁੱਧਵਾਰ ਨੂੰ ਆਗਾਜ਼ ਕੀਤਾ। ਇਸ ਯਤਨ ਤਹਿਤ ਸ਼ਹੀਦ ਭਗਤ ਸਿੰਘ ਮੈਮੋਰੀਅਲ ਪਬਲਿਕ ਹਾਈ ਸਕੂਲ, ਪਿੰਡ ਕਟੋਰਾ ਵਿੱਚ ਹੜ੍ਹ ਪ੍ਰਭਾਵਿਤ ਵਿਦਿਆਰਥੀਆਂ ਨੂੰ ਫੀਸਾਂ ਵੰਡੀਆਂ ਗਈਆਂ। ਫੀਸਾਂ ਵੰਡਣ ਦਾ ਕਾਰਜ ਵੀ ਪੜਾਅਵਾਰ ਹੋਵੇਗਾ। ਜਥੇਬੰਦੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਤਕਰੀਬਨ 500 ਵਿਦਿਆਰਥੀਆਂ ਦੀ ਪੜ੍ਹਾਈ ਲਈ ਅਗਲੇ ਸਾਲ ਤੱਕ ਵੰਡਣ ਦੀ ਮੁਹਿੰਮ ਅਰੰਭੀ ਹੈ, ਜੋ 31 ਮਾਰਚ 2026 ਤੱਕ ਜਾਰੀ ਰਹੇਗੀ। ਐਜੂਕੇਟ ਪੰਜਾਬ ਦੇ ਮੁਤਾਬਿਕ ਫਿਰੋਜ਼ਪੁਰ ਦੇ ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਫੀਸਾਂ ਸਿੱਧੀਆਂ ਸਕੂਲਾਂ ਵਿੱਚ ਜਮ੍ਹਾਂ ਕਰਾਈਆਂ ਜਾਣਗੀਆਂ। 'ਐਜੂਕੇਟ ਪੰਜਾਬ' ਨੇ ਦੱਸਿਆ ਕਿ ਉਨ੍ਹਾਂ ਨੂੰ ਇਨ੍ਹਾਂ ਪਿੰਡਾਂ ਦੀ ਸੇਵਾ ਤੇ ਮੁੜ-ਵਸੇਬੇ ਦੌਰਾਨ ਕਈ ਵੱਡੀਆਂ ਔਕੜਾਂ ਦਰਪੇਸ਼ ਰਹੀਆਂ, ਪਰ ਪ੍ਰਮਾਤਮਾ ਦੀ ਮਿਹਰ ਕਰਕੇ ਉਨ੍ਹਾਂ ਨੇ ਸਥਾਨਕ ਪ੍ਰਸ਼ਾਸਨ ਤੇ ਲੋਕਾਂ ਦੇ ਸਹਿਯੋਗ ਨਾਲ ਇਸ ਮਿਸ਼ਨ ਨੂੰ ਬੜੀ ਹੀ ਤਨਦੇਹੀ ਨਾਲ ਨੇਪਰੇ ਚਾੜ੍ਹਿਆ ਹੈ ਤੇ ਭਵਿੱਖ ਵਿਚ ਵੀ ਉਹ ਲੋਕ-ਭਲਾਈ ਦੇ ਕਾਰਜਾਂ ਨੂੰ ਵੱਧ-ਚੜ੍ਹ ਕੇ ਕਰਦੇ ਰਹਿਣਗੇ।

## ਸੈਂਟਰ ਪੱਧਰੀ ਖੇਡਾਂ 'ਚ ਸਰਸਵਤੀ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਦੋਰਾਹਾ (ਹਰਮਿੰਦਰ ਸੇਠ)**-ਸਥਾਨਕ ਸ਼ਹਿਰ ਦੋਰਾਹਾ ਦੇ ਨੇੜਲੇ ਪਿੰਡ ਸੈਂਟਰ ਜੈਪੁਰਾ ਸਰਕਾਰੀ ਪ੍ਰਾਈਮਰੀ ਸਕੂਲ ਵਿਖੇ ਸੈਂਟਰ ਪੱਧਰੀ ਖੇਡ ਮੁਕਾਬਲੇ ਕਰਵਾਏ ਗਏ।ਇਨ੍ਹਾਂ ਖੇਡਾਂ ਵਿੱਚ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਮੁਕਾਬਲਿਆਂ ਵਿੱਚ 100 ਮੀਟਰ, 200 ਮੀਟਰ ਤੇ 400 ਮੀਟਰ ਦੀਆਂ ਦੌੜਾਂ ਦੇ ਨਾਲ ਨਾਲ ਟਗ ਆਫ ਵਾਰ ਤੇ ਸ਼ਾਟਪੁੱਟ ਵਰਗੀਆਂ ਖੇਡਾਂ ਕਰਵਾਈਆਂ ਗਈਆਂ।ਇਨ੍ਹਾਂ ਖੇਡਾਂ ਵਿੱਚ ਦੋਰਾਹਾ ਸ਼ਹਿਰ ਦੀ ਸਿਰਮੌਰ ਵਿੱਦਿਅਕ ਸੰਸਥਾ ਸਰਸਵਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੀਆਂ ਕੁੜੀਆਂ ਤੇ ਮੁੰਡਿਆਂ ਦੀ ਟੀਮ ਨੇ ਟਗ ਆਫ ਵਾਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਸ਼ਾਟਪੁੱਟ ਮੁਕਾਬਲੇ ਵਿੱਚ ਇੱਕ ਮੁੰਡੇ ਤੇ ਇੱਕ ਕੁੜੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ 400 ਮੀਟਰ ਦੀ ਦੌੜ ਵਿੱਚ ਪੰਜਵੀਂ ਕਲਾਸ ਦੇ ਵਿਦਿਆਰਥੀ ਵਿਕਾਸ ਨੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਦੇ ਡਾਇਰੈਕਟਰ ਡੀ ਐੱਸ ਗੁਸਾਈਂ, ਮੈਡਮ ਆਸ਼ਾ ਗੁਸਾਈਂ, ਮੁਖੀ ਪ੍ਰੀਤਿਸ਼ ਗੁਸਾਈਂ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਹੜ੍ਹ ਪ੍ਰਭਾਵਿਤ 14 ਪਿੰਡਾਂ ਦੇ 230 ਲਾਭਪਾਤਰੀਆਂ ਨੂੰ ਮੁਆਵਜ਼ਾ ਰਾਸ਼ੀ ਸੌਂਪੀ

■ ਆਪ ਸਰਕਾਰ ਹੜ੍ਹ ਪੀੜਤਾਂ ਦੇ ਦੁੱਖ 'ਚ ਨਾਲ ਖੜ੍ਹੀ : ਵਿਧਾਇਕ ਬਾਜ਼ੀਗਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਘੱਗਰ ਦਰਿਆ ਵਿੱਚ ਆਏ ਹਿਮਾਨਕ ਹੜ੍ਹਾਂ ਦੀ ਵਜ੍ਹਾ ਕਰਕੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਪਿੰਡਾਂ ਵਿੱਚ ਹੋਏ ਨੁਕਸਾਨ ਦੀ ਪੂਰਤੀ ਕਰਦਿਆਂ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਹਲਕੇ ਹੜ੍ਹਾਂ ਤੋਂ ਪ੍ਰਭਾਵਿਤ 14 ਪਿੰਡਾਂ ਦੇ 230 ਲਾਭਪਾਤਰੀਆਂ ਨੂੰ ਹੜ੍ਹ ਪੀੜਤਾਂ ਦੀ ਮੁਆਵਜ਼ਾ ਰਾਸ਼ੀ 69.56 ਲੱਖ ਰੁਪਏ ਦੀ ਉਨ੍ਹਾਂ ਦੇ ਖਾਤਿਆਂ ਵਿੱਚ ਪਾਈ ਗਈ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ।

ਸਥਾਨਕ ਕਿਰਤੀ ਕਾਲਜ ਨਿਆਲ ਵਿਖੇ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਕਰਵਾਏ ਸਮਾਰੋਹ ਦੌਰਾਨ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਦੇ ਹੜ੍ਹ ਪੀੜਤਾਂ ਦੇ ਦੁੱਖ 'ਚ ਸਾਥ ਦੇ ਕੇ ਸਮੇਂ ਸਿਰ ਮੁਆਵਜ਼ਾ ਦਿੰਦਿਆਂ ਪੀੜਤਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਈ ਹੈ।ਉਨ੍ਹਾਂ ਕਿਹਾ ਕਿ 20 ਹਜ਼ਾਰ ਰੁਪਏ ਦਾ ਮੁਆਵਜ਼ਾ ਪੂਰੇ ਦੇਸ਼ ਵਿੱਚ ਕਿਸੇ ਵੀ ਰਾਜ ਵਿੱਚ ਨਹੀਂ ਦਿੱਤਾ ਗਿਆ ਤੇ ਇਹ ਪੰਜਾਬ ਸਰਕਾਰ ਦੀ ਸੂਬੇ ਦੇ ਪੀੜਤ ਲੋਕਾਂ ਨਾਲ ਖੜ੍ਹੇ ਹੋਣ ਦੀ ਮਿਸਾਲ ਹੈ।

ਉਨ੍ਹਾਂ ਦੱਸਿਆ ਕਿ ਹਲਕਾ ਸ਼ੁਤਰਾਣਾ ਦੇ ਪਿੰਡਾਂ ਸ਼ੇਰਗੜ੍ਹ, ਸ਼ਾਦੀਪੁਰ ਮੋਮੀਆਂ, ਦਫਤਰੀਵਾਲਾ, ਬਿਉਗੜ੍ਹ, ਹਰਿਆਉ ਕਲਾਂ, ਢਾਬੀ ਗੁੱਜਰਾਂ, ਬਾਦਸ਼ਾਹਪੁਰ, ਜੋਗੇਵਾਲਾ, ਦੁਗਾਲ ਖੁਰਦ, ਗੁਲਾਹੜ, ਗਨੇਸ਼ਪੁਰਾ ਸਿਉਨਾ, ਨਿਰਮਲ ਕੋਟ ਤੇ ਅਰਨੇਟੂ ਦੇ ਪ੍ਰਭਾਵਿਤ ਕਿਸਾਨਾਂ ਤੇ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਗਈ ਹੈ।ਇਸ ਤੋਂ ਬਿਨਾਂ 6 ਪਿੰਡ ਹੋਰ ਹਨ, ਜਿਨ੍ਹਾਂ ਦੇ ਕਿਸਾਨਾਂ ਦੇ ਖਾਤਿਆਂ ਵਿੱਚ ਮੁਆਵਜ਼ਾ ਰਾਸ਼ੀ ਪਾਈ ਜਾ ਰਹੀ ਹੈ ਅਤੇ ਦੀਵਾਲੀ ਤੋਂ ਪਹਿਲਾਂ-ਪਹਿਲਾਂ ਸਾਰੀ ਰਾਸ਼ੀ ਪਾ ਦਿੱਤੀ ਜਾਵੇਗੀ।ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਸ਼ੁਤਰਾਣਾ ਦੇ ਸੀਨੀਅਰ ਆਗੂ ਤੇ ਅਹੁਦੇਦਾਰਾਂ ਸਮੇਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮੁਸਲਿਮ ਫਰੰਟ ਪੰਜਾਬ ਨੇ ਸਕੂਲਾਂ ਨੂੰ ਵੰਡੀਆਂ ਵਰਦੀਆਂ ਤੇ ਬੂਟ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਲਗਾਤਾਰ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਮੱਦਦ ਲਈ ਅੱਗੇ ਆ ਰਹੀਆਂ ਹਨ। ਮੁਸਲਿਮ ਫਰੰਟ ਪੰਜਾਬ ਵੱਲੋਂ ਵੀ ਹੜ੍ਹ ਪੀੜਤਾਂ ਦੀ ਮਦਦ ਕਰਦਿਆਂ ਸਰਹੱਦੀ ਪਿੰਡਾਂ ਦੇ ਸਕੂਲਾਂ ਵਿੱਚ ਪੁੱਜ ਕੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਰਦੀਆਂ ਤੇ ਬੂਟ ਵੰਡੇ ਗਏ। ਹੰਭਲਾ ਫਾਊਂਡੇਸ਼ਨ ਪੰਜਾਬ ਰਾਹੀਂ ਮੁਸਲਿਮ ਫਰੰਟ ਪੰਜਾਬ ਦੀ ਟੀਮ, ਜਿਸ ਵਿੱਚ ਡਾ. ਫ਼ਕੀਰ ਮੁਹੰਮਦ ਸਟੇਟ ਚੇਅਰਮੈਨ ਤੇ ਐੱਚ ਆਰ ਮੋਫ਼ਰ ਸੂਬਾ ਪ੍ਰਧਾਨ ਦੀ ਅਗਵਾਈ ਵਿੱਚ ਨੂਰ ਮੁਹੰਮਦ ਲੱਡੇ ਸਟੇਟ ਕੈਸ਼ੀਅਰ, ਸਵਰਨ ਗੋਰੀਆ ਸਟੇਟ ਅਸਿਸਟੈਂਟ ਜਨਰਲ ਸਕੱਤਰ, ਜਮਾਲ ਮੁਹੰਮਦ ਜ਼ਿਲ੍ਹਾ ਚੇਅਰਮੈਨ ਮੋਗਾ, ਮੁਹੰਮਦ ਵਿੱਕੀ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਬੂਟਾ ਖਾਨ ਜ਼ਿਲ੍ਹਾ ਕੈਸ਼ੀਅਰ ਮੋਗਾ, ਐਡਵੋਕੇਟ ਮੁਹੰਮਦ ਸ਼ਬਾਨ ਸਿਦੀਕੀ ਜ਼ਿਲ੍ਹਾ ਲੀਗਲ ਅਡਵਾਈਜ਼ਰ ਫਿਰੋਜ਼ਪੁਰ, ਇਕਬਾਲ ਦੀਨ ਕੈਸ਼ੀਅਰ ਹਲਕਾ ਬਾਘਾ ਪੁਰਾਣਾ ਸ਼ਾਮਲ ਸਨ, ਵੱਲੋਂ ਸਰਹੱਦੀ ਪਿੰਡ ਖੁੰਦਰ ਗੱਟੀ ਤੇ ਚਾਂਦੀ ਵਾਲਾ ਦੇ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਗਰਮ ਕੋਟੀਆਂ, ਜ਼ੁਰਾਬਾਂ ਤੇ ਸੇਗਾ ਕੰਪਨੀ ਦੇ ਬੂਟ ਭੇਟ ਕੀਤੇ ਗਏ। ਇਸ ਮੌਕੇ ਬੋਲਦਿਆਂ ਮੁਸਲਿਮ ਫਰੰਟ ਪੰਜਾਬ ਦੇ ਪ੍ਰਧਾਨ ਐੱਚ ਆਰ ਮੋਫ਼ਰ ਨੇ ਕਿਹਾ ਕਿ ਅਜਿਹੇ ਔਖੇ ਵੇਲੇ ਅਸੀਂ ਸਮੂਹ ਪੰਜਾਬੀ ਇੱਕ ਦੂਜੇ ਨਾਲ ਖੜ੍ਹੇ ਹਾਂ ਤੇ ਇਨ੍ਹਾਂ ਹੜ੍ਹ ਪੀੜਤਾਂ ਦੀ ਹਰ ਸੰਭਵ ਮੱਦਦ ਕਰਨ ਲਈ ਤੱਤਪਰ ਹਾਂ।

ਉਨ੍ਹਾਂ ਕਿਹਾ ਕਿ ਮੁਸਲਿਮ ਫਰੰਟ ਪੰਜਾਬ ਹੜ੍ਹ ਪੀੜਤਾਂ ਲਈ ਅੱਗੇ ਵੀ ਮਦਦ ਕਰਦੀ ਰਹੇਗੀ। ਪਿੰਡਾਂ ਦੇ ਸਰਪੰਚਾਂ ਤੇ ਸਕੂਲ ਸਟਾਫ਼ ਵੱਲੋਂ ਮੁਸਲਿਮ ਫਰੰਟ ਪੰਜਾਬ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹੰਭਲਾ ਫਾਊਂਡੇਸ਼ਨ ਦੇ ਪ੍ਰਧਾਨ ਡਾਕਟਰ ਸੁਰਜੀਤ ਸਿੰਘ ਸਿੱਧੂ, ਗਾਮਾ ਸਿੱਧੂ, ਜਗਦੀਪ ਵੜਿੰਗ, ਤਰਲੋਚਨ ਲੋਚੀ, ਕੰਵਲਜੀਤ ਕੌਰ, ਰਿਸ਼ੀ ਰਾਹੀ, ਗੁਰਪ੍ਰੀਤ ਭੰਬਾ ਲੰਡਾ, ਅਮਰੀਕ ਸੰਧੂ, ਪ੍ਰਾਈਵੇਟ ਸਕੂਲ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਸਿੰਘ ਕੇਸਰ, ਅਸ਼ੋਕ ਕੁਮਾਰ, ਸਰਪੰਚ ਬਗੀਚਾ ਸਿੰਘ ਚਾਂਦੀ ਵਾਲਾ, ਭਜਨ ਸਿੰਘ ਖੁੰਦਰ ਗੱਟੀ ਤੇ ਸਕੂਲਾਂ ਦਾ ਸਮੂਹ ਸਟਾਫ ਹਾਜ਼ਰ ਸੀ।

# ਮਾਨ ਨੇ ਸ਼ਹੀਦ ਭਗਤ ਸਿੰਘ ਦੀ ਦੁਰਲੱਭ ਵੀਡੀਓ ਫੁਟੇਜ ਹਾਸਲ ਕਰਨ ਲਈ ਸਹਿਯੋਗ ਮੰਗਿਆ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਦੁਰਲੱਭ ਵੀਡੀਓ ਫੁਟੇਜ ਹਾਸਲ ਕਰਨ ਵਿੱਚ ਸੂਬਾ ਸਰਕਾਰ ਦੀ ਸਹਾਇਤਾ ਲਈ ਬਰਤਾਨੀਆ ਦੇ ਕਾਨੂੰਨਦਾਨਾਂ ਤੋਂ ਸਮਰਥਨ ਦੀ ਮੰਗ ਕੀਤੀ ਹੈ। ਆਪਣੇ ਸਰਕਾਰੀ ਨਿਵਾਸ ਉੱਤੇ ਇੰਗਲੈਂਡ ਤੇ ਵੇਲਜ਼ ਦੀ ਬਾਰ ਕੌਂਸਲ ਦੇ ਵਫ਼ਦ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਵਿੱਚ ਇਸ ਮਹਾਨ ਸ਼ਹੀਦ ਦਾ ਕੋਈ ਵੀ ਵੀਡੀਓ ਰਿਕਾਰਡ ਮੌਜੂਦ ਨਹੀਂ ਹੈ।ਉਨ੍ਹਾਂ ਕਿਹਾ ਕਿ ਪਤਾ ਚੱਲਿਆ ਹੈ ਕਿ ਸਕਾਟਲੈਂਡ ਯਾਰਡ ਕੋਲ ਸ਼ਹੀਦ ਭਗਤ ਸਿੰਘ ਦੀਆਂ ਦੁਰਲੱਭ ਵੀਡੀਓ, ਖ਼ਾਸ ਤੌਰ ਉੱਤੇ ਗ੍ਰਿਫ਼ਤਾਰੀ ਤੇ ਸੁਣਵਾਈ ਦੀਆਂ ਵੀਡੀਓਜ਼ ਹੋ ਸਕਦੀਆਂ ਹਨ।ਮਾਨ ਨੇ ਆਖਿਆ ਕਿ ਇਨ੍ਹਾਂ ਵੀਡੀਓਜ਼ ਦਾ ਸਾਰੇ ਭਾਰਤੀਆਂ ਖ਼ਾਸ ਤੌਰ ਉੱਤੇ ਪੰਜਾਬੀਆਂ ਲਈ ਬਹੁਤ ਜ਼ਿਆਦਾ ਮਹੱਤਵ ਹੈ, ਜੋ ਭਗਤ ਸਿੰਘ ਦਾ ਬਹੁਤ ਜ਼ਿਆਦਾ ਸਤਿਕਾਰ ਕਰਦੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਇਹ ਵੀਡੀਓ ਫੁਟੇਜ ਹਾਸਲ ਕਰਨ ਲਈ ਕੋਸ਼ਿਸ਼ਾਂ ਕਰ ਰਹੀ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਤੋਂ ਪ੍ਰੇਰਨਾ ਲੈ ਸਕਣ। ਉਨ੍ਹਾਂ ਇੰਗਲੈਂਡ ਤੇ ਵੇਲਜ਼ ਦੀ ਬਾਰ ਕੌਂਸਲ ਨੂੰ ਅਪੀਲ ਕੀਤੀ ਕਿ ਸ਼ਹੀਦ ਭਗਤ ਸਿੰਘ ਦੀ ਸ਼ਾਨਾਮੱਤੀ ਵਿਰਾਸਤ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣਨ ਵਾਸਤੇ ਉਹ ਸੂਬਾ ਸਰਕਾਰ ਦੇ ਇਸ ਲੋਕ ਭਲਾਈ ਕਾਰਜ ਵਿੱਚ ਸਹਿਯੋਗ ਦੇਣ।ਇਸ ਦੌਰਾਨ ਇੰਗਲੈਂਡ ਤੇ ਵੇਲਜ਼ ਦੀ ਬਾਰ ਕੌਂਸਲ ਦੀ ਚੇਅਰ ਬਾਰਬਰਾ ਮਿੱਲਜ਼ ਕੇ.ਸੀ., ਬਾਰ ਦੀ ਚੇਅਰ ਦੀ ਸਲਾਹਕਾਰ ਪੀਰਨ ਢਿੱਲੋਂ-ਸਟਾਰਕਿੰਗਜ਼, ਕੰਸਲਟੈਂਟ ਮੇਲੀਸ਼ਾ ਚਾਰਲਜ਼ ਅਤੇ ਬੈਰਿਸਟਰ 4ਪੀ.ਬੀ. ਬਲਜਿੰਦਰ ਬਾਠ ਤੇ ਹੋਰਾਂ ਨੇ ਮੁੱਖ ਮੰਤਰੀ ਨੂੰ ਪੂਰਨ ਸਮਰਥਨ ਤੇ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੀ ਆਰਥਿਕ ਤਰੱਕੀ ਤੇ ਲੋਕਾਂ ਦੀ ਭਲਾਈ ਯਕੀਨੀ ਬਣਾਉਣ ਲਈ ਕੀਤੀਆਂ ਅਹਿਮ ਪਹਿਲਕਦਮੀਆਂ ਦੀ ਵੀ ਸ਼ਲਾਘਾ ਕੀਤੀ।

# ਕਤਲ ਦੇ ਮੁਕੱਦਮੇ 'ਚ ਸ਼ਾਮਲ ਵਿਅਕਤੀ ਨੂੰ 24 ਘੰਟਿਆਂ ਅੰਦਰ ਕੀਤਾ ਕਾਬੂ



**ਮਾਨਸਾ (ਆਤਮਾ ਸਿੰਘ ਪਮਾਰ)**-ਸ਼੍ਰੀ ਭਾਗੀਰਥ ਸਿੰਘ ਮੀਨਾ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਸ ਨੇ ਦੱਸਿਆ ਕਿ ਮਾਨਸਾ ਪੁਲਿਸ ਵੱਲੋਂ ਦਿਨ-ਦਿਹਾੜੇ ਹੋਏ ਕਤਲ ਦੇ ਮੁਲਜ਼ਮ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਗ੍ਰਿਫ਼ਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ।

ਸ੍ਰੀ ਮਨਮੋਹਨ ਸਿੰਘ ਵੱਲੋਂ ਦੱਸਿਆ ਕਿ 15 ਅਕਤੂਬਰ ਨੂੰ ਥਾਣਾ ਸਿਟੀ 2 ਪੁਲਸ ਨੂੰ ਇਤਲਾਹ ਮਿਲੀ ਕਿ ਪਿੰਡ ਲੱਲੂਆਣਾ ਤੋਂ ਮਾਨਸਾ ਖੁਰਦ ਰੋਡ ਪਰ ਬਾ ਹੱਦ ਮਾਨਸਾ ਖੁਰਦ ਵਿਖੇ ਕਰਮਜੀਤ ਕੌਰ ਪਤਨੀ ਮਹਿੰਦਰ ਸਿੰਘ ਵਾਸੀ ਖੋਖਰ ਖੁਰਦ ਦਾ ਦਿਨ-ਦਿਹਾੜੇ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ ਹੈ, ਜਿਸ ਸਬੰਧੀ ਤੁਰੰਤ ਕਾਰਵਾਈ ਕਰਦਿਆਂ ਮ੍ਰਿਤਕ ਦੇ ਲੜਕੇ ਹਰਮਨਦੀਪ ਸਿੰਘ ਦੇ ਬਿਆਨ ਪਰ ਮੁੱ: 208 ਮਿਤੀ 15.10.2025 ਅ/ਧ 103, 109, 115(2), ਬੀ.ਐਨ.ਐਸ, ਥਾਣਾ ਸਿਟੀ 2 ਮਾਨਸਾ ਸ਼ੱਕ ਦੇ ਅਧਾਰ 'ਤੇ ਬਰਖਿਲਾਫ਼ ਭਣੋਈਏ ਦਰਸ਼ਨ ਸਿੰਘ ਪੁੱਤਰ ਰਾਮ ਸਿੰਘ ਵਾਸੀ ਵਾ.ਨੰ. 06 ਬੁਢਲਾਡਾ ਦਰਜ਼ ਰਜਿਸਟਰ ਕੀਤਾ ਗਿਆ।ਮੁਕੱਦਮੇ ਦੀ ਅਹਿਮੀਅਤ ਨੂੰ ਦੇਖਦਿਆਂ ਸੀਨੀਅਰ ਕਪਤਾਨ ਪੁਲਿਸ ਮਾਨਸਾ ਵੱਲੋਂ ਬੂਟਾ ਸਿੰਘ ਫਕਸ਼, ਉਪ ਕਪਤਾਨ ਪੁਲਿਸ (ਸ: ਡ) ਮਾਨਸਾ ਤੇ ਅੰਮ੍ਰਿਤਪਾਲ ਸਿੰਘ ਭਾਟੀ, ਉਪ ਕਪਤਾਨ ਪੁਲਿਸ (ਡੀ) ਮਾਨਸਾ ਦੀ ਦੇਖ ਰੇਖ ਹੇਠ ਥਾਣੇਦਾਰ ਬਲਕੌਰ ਸਿੰਘ ਇੰਚਰਾਜ ਸੀ.ਆਈ.ਏ ਸਟਾਫ ਮਾਨਸਾ ਤੇ ਥਾਣੇਦਾਰ ਗੁਰਤੇਜ ਸਿੰਘ ਮੁੱਖ ਅਫਸਰ ਥਾਣਾ ਸਿਟੀ 2 ਮਾਨਸਾ ਦੀਆਂ ਟੀਮਾਂ ਦਾ ਗਠਿਤ ਕੀਤੀਆਂ ਗਈਆਂ, ਜਿਨ੍ਹਾਂ ਵੱਲੋਂ ਮੁਸ਼ਤੈਦੀ ਨਾਲ ਕੰਮ ਕਰਦੇ ਹੋਏ ਮੁਕੱਦਮੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ ਅਤੇ ਮਕੱਦਮੇ 'ਚ ਅਸਲ ਦੋਸ਼ੀ ਹਰਮੇਲ ਸਿੰਘ ਉਰਫ ਮੇਲੀ ਪੁੱਤਰ ਗੁਰਜੰਟ ਸਿੰਘ ਵਾਸੀ ਸੂਚ ਜ਼ਿਲ੍ਹਾ ਬਠਿੰਡਾ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਅਤੇ ਵਾਰਦਾਤ ਸਮੇਂ ਵਰਤਿਆ ਹਥਿਆਰ (ਕਾਪਾ) ਵੀ ਬਰਾਮਦ ਕੀਤਾ ਗਿਆ ਹੈ। ਤਫ਼ਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਮੁੱਦਈ ਹਰਮਨਦੀਪ ਸਿੰਘ ਉਕਤ ਦੀ ਭੈਣ ਗਗਨਦੀਪ ਕੌਰ ਦੀ ਨਣਦ ਹੈਪੀ ਕੌਰ ਦੇ ਸਬੰਧ ਹਰਮੇਲ ਸਿੰਘ ਉਰਫ ਮੇਲੀ ਉਕਤ ਨਾਲ ਬਣ ਗਏ ਸਨ ਤੇ ਕੁਝ ਸਮਾਂ ਇਕੱਠਾ ਰਹਿਣ ਤੋਂ ਬਾਅਦ ਹੈਪੀ ਕੌਰ ਵਾਪਸ ਬੁਢਲਾਡਾ ਆ ਕੇ ਰਹਿਣ ਲੱਗ ਪਈ।ਪਰ ਹਰਮੇਲ ਸਿੰਘ ਮੇਲੀ ਉਕਤ ਹੈਪੀ ਕੌਰ ਨੂੰ ਵਾਪਸ ਲਿਜਾਣਾ ਚਾਹੁੰਦਾ ਸੀ, ਜਿਸ ਕਰਕੇ ਹਰਮੇਲ ਸਿੰਘ ਉਰਫ ਮੇਲੀ ਨੂੰ ਸ਼ੱਕ ਸੀ ਕਿ ਮੁੱਦਈ ਦੀ ਭੈਣ ਗਗਨਦੀਪ ਕੌਰ ਇਨ੍ਹਾਂ 'ਚ ਅੜਿੱਕਾ ਬਣ ਰਹੀ ਹੈ, ਜਿਸ ਕਰਕੇ 15 ਅਕਤੂਬਰ ਨੂੰ ਮੁੱਦਈ ਹਰਮਨਦੀਪ ਸਿੰਘ ਉਕਤ ਦਾ ਭਰਾ ਕਮਲਜੀਤ ਸਿੰਘ, ਮਾਤਾ ਕਰਮਜੀਤ ਕੌਰ, ਗਗਨਦੀਪ ਕੌਰ ਤੇ ਭਾਣਜਾ ਸੁਭਦੀਪ ਸਿੰਘ ਨੂੰ ਸਹੁਰਾ ਘਰ ਤੋਂ ਲੈ ਕੇ ਮੋਟਰਸਾਇਕਲ ਪਰ ਪਿੰਡ ਖੋਖਰ ਖੁਰਦ ਨੂੰ ਆ ਰਹੇ ਸੀ ਤਾਂ ਹਰਮੇਲ ਸਿੰਘ ਉਰਫ ਮੇਲੀ ਉਕਤ ਨੇ ਪਿੱਛੋਂ ਮੋਟਰਸਾਇਕਲ ਪਰ ਆ ਕੇ ਨੇੜੇ ਮਾਨਸਾ ਖੁਰਦ ਤੇਜ਼ ਹਥਿਆਰ ਨਾਲ ਹਮਲਾ ਕਰ ਦਿੱਤਾ ਜਿਸ ਨਾਲ ਕਰਮਜੀਤ ਕੌਰ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਭਰਾ ਕਮਲਜੀਤ ਸਿੰਘ ਤੇ ਭੈਣ ਗਗਨਦੀਪ ਕੌਰ ਨੂੰ ਜ਼ਿਆਦਾ ਸੱਟਾਂ ਲੱਗਣ ਕਾਰਨ ਦਾਖਲ ਹਸਪਤਾਲ ਕਰਾਇਆ ਗਿਆ।

# ਜਥੇਬੰਦੀਆਂ ਨੇ ਪ੍ਰਸ਼ਾਸਨ ਦੀ ਅਪੀਲ ਮੰਨਦਿਆਂ ਨਹੀਂ ਕੀਤਾ ਰੋਡ ਜਾਮ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**-ਰੇਹੜੀ ਫੜ੍ਹੀ ਵਾਲਿਆਂ ਵਾਸਤੇ ਬਣੇ ਸ਼ੈੱਡ ਵਿੱਚੋਂ ਰੇਹੜੀ ਫੜ੍ਹੀ ਦਾ ਕੰਮ ਕਰਨ ਵਾਲਿਆਂ ਦੀਆਂ ਰੇਹੜੀਆਂ ਜਬਰੀ ਚੁਕਵਾਉਣ ਖ਼ਿਲਾਫ਼ ਭਾਰਤੀ ਕਮਿਊਨਿਸਟ ਪਾਰਟੀ ਤੇ ਹੋਰ ਵੱਖ-ਵੱਖ ਜਥੇਬੰਦੀਆਂ ਵੱਲੋਂ ਪਿਛਲੇ 19 ਦਿਨਾਂ ਤੋਂ ਲਗਾਤਾਰ ਧਰਨਾ ਚੱਲਦਾ ਆ ਰਿਹਾ ਹੈ।ਪਿਛਲੇ ਦਿਨੀਂ ਵੱਖ-ਵੱਖ ਜਥੇਬੰਦੀਆਂ ਵੱਲੋਂ ਰੇਹੜੀ ਫੜੀ ਵਾਲਿਆਂ ਦੀਆਂ ਰੇਹੜੀਆਂ ਲਾ ਦਿੱਤੀਆਂ ਗਈਆਂ ਸਨ, ਜਿਸ ਨੂੰ ਪ੍ਰਸ਼ਾਸਨ ਨੇ ਰਾਤ ਦੇ ਹਨੇਰੇ 'ਚ ਜ਼ਬਰਦਸਤੀ ਚੁਕਾ ਦਿੱਤਾ ਸੀ।ਰੇਹੜੀ-ਫੜ੍ਹੀ ਵਾਲਿਆਂ ਅਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਰੋਡ ਜਾਮ ਕਰਨ ਦਾ ਸੱਦਾ ਦਿੱਤਾ ਗਿਆ ਸੀ, ਜਿਸ ਦੇ ਸਬੰਧ 'ਚ ਪ੍ਰਸ਼ਾਸਨ ਵੱਲੋਂ ਇੱਕ ਮੀਟਿੰਗ ਸੱਦੀ ਗਈ ਸੀ, ਜਿਸ ਵਿੱਚ ਪ੍ਰਸ਼ਾਸਨ ਵੱਲੋਂ ਇਹ ਬੇਨਤੀ ਕੀਤੀ ਗਈ ਕਿ ਤਿਉਹਾਰਾਂ ਨੂੰ ਮੁੱਖ ਰੱਖਦੇ ਹੋਏ ਰੋਡ ਜਾਮ ਨਾ ਕੀਤਾ ਜਾਵੇ। ਰੇਹੜੀ ਫੜ੍ਹੀ ਵਾਲਿਆਂ ਨੂੰ ਹੱਕ ਦਿਵਾਉਣ ਲਈ ਬਣੀ ਕਮੇਟੀ ਨੇ ਪ੍ਰਸ਼ਾਸਨ ਦੀ ਇਸ ਗੱਲ ਨੂੰ ਮੰਨ ਲਿਆ ਤੇ ਪ੍ਰਸ਼ਾਸਨ ਨੂੰ ਇਹ ਵੀ ਬੇਨਤੀ ਕੀਤੀ ਗਈ ਕਿ ਤਿਉਹਾਰਾਂ ਨੂੰ ਮੁੱਖ ਰੱਖਦਿਆਂ ਇਨ੍ਹਾਂ ਨੂੰ ਫੜੀਆਂ (ਜ਼ਮੀਨ ਉੱਪਰ ਸਬਜ਼ੀ ਰੱਖਣ) ਰੱਖ ਕੇ ਵੇਚਣ ਦੀ ਇਜਾਜ਼ਤ ਦਿੱਤੀ ਜਾਵੇ, ਤਾਂ ਜੁ ਇਨ੍ਹਾਂ ਦੇ ਘਰ ਦੇ ਮੱਠੇ ਹੋਏ ਚੁੱਲ੍ਹੇ ਵੀ ਭਖ ਸਕਣ।ਜਾਣਕਾਰੀ ਅਨੁਸਾਰ ਪੁਲਸ ਪ੍ਰਸ਼ਾਸਨ ਇਹ ਗੱਲ ਮੰਨਣ ਲਈ ਤਿਆਰ ਸੀ ਕਿ ਪਿਛਲੇ ਕਈ ਦਿਨਾਂ ਤੋਂ ਚੱਲਦੇ ਆ ਰਹੇ ਧਰਨੇ ਕਾਰਨ ਰੇਹੜੀ-ਫੜ੍ਹੀ ਵਾਲਿਆਂ ਦੀ ਬੰਦ ਹੋਈ ਰੋਜ਼ੀ-ਰੋਟੀ ਫੜੀਆਂ ਲਾਉਣ ਨਾਲ ਤਿਉਹਾਰਾਂ ਦੇ ਦਿਨਾਂ ਵਿੱਚ ਚੱਲ ਸਕਦੀ ਹੈ।ਦੂਜੇ ਪਾਸੇ ਸਿਵਲ ਪ੍ਰਸ਼ਾਸਨ ਇਸ ਗੱਲ ਲਈ ਤਿਆਰ ਨਹੀਂ ਸੀ।ਉਨ੍ਹਾਂ ਦਾ ਕਹਿਣਾ ਸੀ ਕਿ ਹਲਕੇ ਦਾ ਵਿਧਾਇਕ ਦੋ ਦਿਨ ਬਾਅਦ ਜਲਾਲਾਬਾਦ ਆਉਣਗੇ ਤੇ ਉਨ੍ਹਾਂ ਨਾਲ ਮੀਟਿੰਗ ਕਰਾ ਕੇ ਇਸ ਮਸਲੇ ਦਾ ਹੱਲ ਕੀਤਾ ਜਾਵੇਗਾ।ਵੱਖ-ਵੱਖ ਜਥੇਬੰਦੀਆਂ ਵੱਲੋਂ ਫੜੀਆਂ ਲਾਉਣ ਦੀ ਮੰਗ ਕਰਨ ਤੇ ਸਿਵਲ ਪ੍ਰਸ਼ਾਸਨ ਵੱਲੋਂ ਸਹਿਮਤੀ ਨਹੀਂ ਦਿੱਤੀ ਗਈ।ਇਸ ਵਿਹਾਰ ਤੋਂ ਖ਼ਫ਼ਾ ਹੁੰਦਿਆਂ ਮੀਟਿੰਗ 'ਚ ਪਹੁੰਚੀਆਂ ਜਥੇਬੰਦੀਆਂ ਵੱਲੋਂ ਸ਼ਾਂਤਮਈ ਤਰੀਕੇ ਨਾਲ ਰੇਹੜੀ ਫੜ੍ਹੀ ਵਾਲਿਆਂ ਦੀਆਂ ਭੁੰਜੇ ਫੜੀਆਂ ਲਵਾ ਦਿੱਤੀਆਂ।ਰੇਹੜੀ ਫੜ੍ਹੀ ਉਜਾੜੇ ਦੇ ਪੀੜਤ ਆਗੂ ਸੁਰਿੰਦਰ ਸਿੰਘ, ਸੰਨੀ ਹਾਂਡਾ, ਸੰਯਕਤ ਕਿਸਾਨ ਮੋਰਚੇ ਦੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਬੀ ਕੇ ਯੂ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ, ਬੀ.ਕੇ.ਯੂ ਡਕੌਂਦਾ ਧਨੇਰ ਦੇ ਬਲਾਕ ਪ੍ਰਧਾਨ ਪ੍ਰਵੀਨ ਮੌਲਵੀਵਾਲਾ, ਬੀ.ਕੇ.ਯੂ ਉਗਰਾਹਾਂ ਦੇ ਜ਼ਿਲ੍ਹਾ ਸੰਗਠਨ ਸਕੱਤਰ ਜਗਸੀਰ ਸਿੰਘ ਮੀਤ ਪ੍ਰਧਾਨ ਗੁਰਮੀਤ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਚੰਨ ਸਿੰਘ ਸੈਦੋਕੇ, ਪੰਜਾਬ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਅਸ਼ੋਕ ਕੰਬੋਜ, ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ, ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਰਜਿ ਏਟਕ ਦੇ ਸੂਬਾ ਮੀਤ ਸਕੱਤਰ ਐਡਵੋਕੇਟ ਪਰਮਜੀਤ ਢਾਬਾਂ ਨੇ ਕਿਹਾ ਕਿ ਉਹ ਪ੍ਰਸ਼ਾਸਨ ਨਾਲ ਇਸ ਮਸਲੇ ਦੇ ਮੁਕੰਮਲ ਹੱਲ ਲਈ ਕਿਸੇ ਸਮੇਂ ਵੀ ਮੀਟਿੰਗ ਕਰਨ ਲਈ ਤਿਆਰ ਹਨ।ਆਗੂਆਂ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਪਿਛਲੇ ਕਰੀਬ ਵੀਹ ਦਿਨਾਂ ਤੋਂ ਰੁਜ਼ਗਾਰ ਬੰਦ ਹੋਣ ਕਾਰਨ, ਹੁਣ ਇਨ੍ਹਾਂ ਤੋਂ ਸਬਜ਼ੀਆਂ ਤੇ ਫ਼ਲ ਖਰੀਦੇ ਜਾਣ ਤਾਂ ਜੁ ਉਹ ਆਪਣਾ ਗੁਜ਼ਾਰਾ ਚਲਾ ਸਕਣ।ਜਥੇਬੰਦੀਆਂ ਨੇ ਕਿਹਾ ਕਿ ਜੇਕਰ ਇਨ੍ਹਾਂ ਗ਼ਰੀਬਾਂ ਦੀਆਂ ਸਬਜ਼ੀਆਂ ਤੇ ਫਰੂਟ ਪ੍ਰਸ਼ਾਸਨ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਜਬਰੀ ਚੁੱਕਿਆ ਜਾਂਦਾ ਹੈ ਤਾਂ ਉਸ ਦੇ ਸਬੰਧ ਵਿੱਚ ਸੰਘਰਸ਼ ਤਿੱਖਾ ਕੀਤਾ ਜਾਵੇਗਾ।

## ਮੁੱਖ ਮੰਤਰੀ ਭਗਵੰਤ ਮਾਨ ਦਾ ਜਨਮ ਦਿਨ ਮਨਾਇਆ

**ਚੀਮਾ ਮੰਡੀ (ਰਵਿੰਦਰ ਚੀਮਾ)**-ਮੁੱਖ ਮੰਤਰੀ ਭਗਵੰਤ ਮਾਨ ਦਾ ਜਨਮ ਦਿਨ ਉਨ੍ਹਾਂ ਦੇ ਜੱਦੀ ਪਿੰਡ ਸਤੌਜ ਉਨ੍ਹਾਂ ਦੇ ਗ੍ਰਹਿ ਵਿਖੇ ਸਾਦੇ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਇਸ ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਅਖੀਰ ਵਿੱਚ ਉਨ੍ਹਾਂ ਦੀ ਬੇਟੀ ਨਿਆਮਤ ਕੌਰ ਮਾਨ ਵੱਲੋਂ ਕੇਕ ਕੱਟ ਕੇ ਆਪਣੇ ਪਿਤਾ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਮਾਤਾ ਹਰਪਾਲ ਕੌਰ, ਭੈਣ ਮਨਪ੍ਰੀਤ ਕੌਰ, ਜੀਜਾ ਤਰਲੋਕ ਸਿੰਘ ਤੇ ਸਹੁਰਾ ਪਰਵਾਰ ਵੱਲੋਂ ਸਮੂਹ ਮੈਂਬਰ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਕੈਨੇਡਾ ਆਉਣ ਵਾਲਿਆਂ ...

ਪਿਛਲੇ ਸਾਲ ਦੇ ਮੁਕਾਬਲੇ ਕੈਨੇਡਾ ਪੁੱਜਣ ਵਾਲਿਆਂ ਦੀ ਗਿਣਤੀ 1.34 ਲੱਖ ਘਟ ਗਈ। ਸਿਰਫ਼ ਜੁਲਾਈ ਮਹੀਨੇ ਦਾ ਅੰਕੜਾ ਦੇਖਿਆ ਜਾਵੇ ਤਾਂ 2024 ਦੌਰਾਨ ਤਕਰੀਬਨ 30 ਹਜ਼ਾਰ ਨਵੇਂ ਕਿਰਤੀ ਕੈਨੇਡਾ ਪੁੱਜੇ ਸਨ ਪਰ ਇਸ ਸਾਲ ਅੰਕੜਾ 18,500 ਦਰਜ ਕੀਤਾ ਗਿਆ। ਇੰਟਰਨੈਸ਼ਨਲ ਸਟੂਡੈਂਟਸ ਦੇ ਮਾਮਲੇ ਵਿਚ ਵੀ ਜੁਲਾਈ 2024 ਦੌਰਾਨ 17 ਹਜ਼ਾਰ ਤੋਂ ਵੱਧ ਨੌਜਵਾਨ ਕੈਨੇਡਾ ਪੁੱਜੇ ਪਰ ਇਸ ਵਾਰ ਅੰਕੜਾ 7,685 ਰਹਿ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਦੇ ਹਾਲਾਤ ਨੂੰ ਵੇਖਦਿਆਂ 1.14 ਲੱਖ ਲੋਕ ਆਪਣੇ ਜੱਦੀ ਮੁਲਕ ਪਰਤ ਗਏ ਹਨ। 1971 ਤੋਂ ਬਾਅਦ ਪਹਿਲੀ ਵਾਰ ਕੈਨੇਡਾ ਛੱਡ ਕੇ ਜਾਣ ਵਾਲਿਆਂ ਦੀ ਗਿਣਤੀ ਮੁਲਕ ਵਿਚ ਦਾਖ਼ਲ ਹੋਣ ਵਾਲਿਆਂ ਤੋਂ ਵੱਧ ਦਰਜ ਕੀਤੀ ਗਈ। ਇਸ ਰੁਝਾਨ ਸਦਕਾ ਕੈਨੇਡੀਅਨ ਵਸੋਂ ਵਿਚ ਵਾਧੇ ਦੀ ਰਫ਼ਤਾਰ ਤਕਰੀਬਨ ਸਿਫ਼ਰ 'ਤੇ ਆ ਚੁੱਕੀ ਹੈ।

### ਤਰਨ ਤਾਰਨ 'ਚ ਵਿਰੋਧੀ...

ਜਾਵੇਗਾ।ਸਰਕਾਰ ਸਾਰੇ ਭ੍ਰਿਸ਼ਟ ਨੇਤਾਵਾਂ ਅਤੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰੇਗੀ।ਉਨ੍ਹਾਂ ਨੇ ਕਿਹਾ ਕਿ ਸੁਖਬੀਰ ਬਾਦਲ ਲੋਕਾਂ ਵਿੱਚ ਗੁਰਦੁਆਰਿਆਂ ਦੀ ਗੋਲਕਾਂ ਵਿਚੋਂ ਪੈਸਾ ਵੰਡਦੇ ਹਨ, ਨਾ ਕਿ ਆਪਣੇ ਵਪਾਰ 'ਡਬਵਾਲੀ ਟਰਾਂਸਪੋਰਟ' ਜਾਂ 'ਸੁਖ ਵਿਲਾਸ' ਵਿੱਚੋਂ। ਮੁੱਖ ਮੰਤਰੀ ਨੇ ਦ੍ਰਿੜਤਾ ਨਾਲ ਕਿਹਾ ਕਿ ਜਿਹੜੇ ਵੀ ਨੇਤਾ ਨੌਜਵਾਨਾਂ ਦੀ ਤਬਾਹੀ ਲਈ ਜ਼ਿੰਮੇਵਾਰ 'ਜਨਰੈਲ' ਹਨ, ਉਨ੍ਹਾਂ ਨਾਲ ਕੋਈ ਨਰਮੀ ਨਹੀਂ ਵਰਤੀ ਜਾਵੇਗੀ।

# ਲੱਕੜ ਦੇ ਗੁਦਾਮ 'ਚ ਲੱਗੀ ਅੱਗ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਦਾਣਾ ਮੰਡੀ ਦੇ ਪੰਜ ਕਿੱਲਿਆਂ ਵਾਲਾ ਫੜ੍ਹ ਦੇ ਨਜ਼ਦੀਕ ਇੱਕ ਗੋਦਾਮ ਵਿੱਚ ਸਵੇਰੇ ਅਚਾਨਕ ਅੱਗ ਲਗ ਗਈ, ਜਿਸਦੀ ਸੂਚਨਾ ਮਿਲਦਿਆਂ ਹੀ ਡੇਰਾ ਸੱਚਾ ਸੌਦਾ ਦੀ ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈਲਫੇਅਰ ਕਮੇਟੀ ਦੇ ਸੇਵਾਦਾਰਾਂ ਨੇ ਮੌਕੇ 'ਤੇ ਪੁੱਜ ਕੇ ਸ਼ਹਿਰ ਵਾਸੀਆਂ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਅੱਗ 'ਤੇ ਕਾਬੂ ਪਾਇਆ।

ਗੋਦਾਮ ਦੇ ਮਾਲਿਕ ਰਮਾ ਕਾਂਤ ਨੇ ਦੱਸਿਆ ਕਿ ਉਹ ਕੁਝ ਦਿਨ ਪਹਿਲਾਂ ਹੀ ਵੇਚਣ ਲਈ 250 ਕੁਇੰਟਲ ਲੱਕੜ ਲੈ ਕੇ ਆਇਆ ਸੀ, ਜਿਸ ਨੂੰ ਸਵੇਰੇ 4 ਵਜੇ ਅਚਾਨਕ ਅੱਗ ਲੱਗ ਗਈ, ਜਿਸ ਨੂੰ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਤੇ ਆਮ ਲੋਕਾਂ ਨੇ ਬਹੁਤ ਹੀ ਘੱਟ ਸਮੇਂ 'ਚ ਅੱਗ 'ਤੇ ਕਾਬੂ ਪਾ ਕੇ ਵੱਡਾ ਨੁਕਸਾਨ ਹੋਣੋਂ ਬਚਾਇਆ।

ਨਗਰ ਕੌਂਸਲ ਪ੍ਰਧਾਨ ਰਣਵੀਰ ਸਿੰਘ ਨੇ ਡੇਰਾ ਸੱਚਾ ਸੌਦਾ ਦੀ ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈਲਫੇਅਰ ਕਮੇਟੀ ਦੇ ਸੇਵਾਦਾਰਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਸੰਸਥਾ ਦੇ ਜਵਾਨ ਸ਼ਹਿਰ 'ਚ ਕਿਧਰੇ ਵੀ ਕੋਈ ਅਗਜਨੀ ਹੁੰਦੀ ਹੈ, ਤੁਰੰਤ ਪੁੱਜ ਕੇ ਬਿਨਾਂ ਕਿਸੇ ਸਵਾਰਥ ਦੇ ਇਨਸਾਨੀਅਤ ਦੀ ਸੇਵਾ ਕਰਦੇ ਹਨ, ਜਿਸ ਦੀ ਜਿੰਨੀ ਤਾਰੀਫ਼ ਕੀਤੀ ਜਾਵੇ, ਓਨੀ ਹੀ ਘੱਟ ਹੈ।

ਇਸ ਮੌਕੇ ਫਾਇਰ ਬ੍ਰਿਗੇਡ ਵੀ ਪੁੱਜੀ ਹੋਈ ਸੀ ਤੇ ਪ੍ਰਸ਼ਾਸਨ ਵਲੋਂ ਅੱਗ ਬੁਝਾਉਣ 'ਚ ਪੂਰੀ ਮਦਦ ਕੀਤੀ ਗਈ।

## ਰਾਜਿੰਦਰ ਗੁਪਤਾ ਪੰਜਾਬ ਤੋਂ ਰਾਜ ਸਭਾ ਲਈ ਬਿਨਾਂ ਮੁਕਾਬਲੇ ਚੁਣੇ



**ਬਰਨਾਲਾ (ਰਾਜਿੰਦਰ ਬਰਾੜ)**-ਮਸ਼ਹੂਰ ਉਦਯੋਗਪਤੀ ਤੇ ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮੇਰਿਟਸ ਰਾਜਿੰਦਰ ਗੁਪਤਾ ਨੂੰ ਪੰਜਾਬ ਤੋਂ ਰਾਜ ਸਭਾ ਲਈ ਬਿਨਾਂ ਕਿਸੇ ਮੁਕਾਬਲੇ ਦੇ ਚੁਣਿਆ ਗਿਆ ਹੈ। ਵੀਰਵਾਰ ਦੁਪਹਿਰ ਨਾਮਜ਼ਦਗੀ ਵਾਪਸੀ ਦੀ ਮਿਆਦ ਖਤਮ ਹੋਣ ਤੋਂ ਬਾਅਦ ਉਨ੍ਹਾਂ ਦੀ ਬਿਨਾਂ ਵਿਰੋਧ ਚੋਣ ਦਾ ਐਲਾਨ ਕਰ ਦਿੱਤਾ ਗਿਆ।ਰਾਜ ਸਭਾ ਚੋਣ ਲਈ ਰਿਟਰਨਿੰਗ ਅਫਸਰ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਮੌਜੂਦਗੀ ਵਿੱਚ ਸ੍ਰੀ ਗੁਪਤਾ ਨੂੰ ਚੋਣ ਸਰਟੀਫਿਕੇਟ ਦਿੱਤਾ ਗਿਆ।ਇਹ ਸਮਾਰੋਹ ਪੰਜਾਬ ਵਿਧਾਨ ਸਭਾ ਕੰਪਲੈਕਸ ਵਿੱਚ ਹੋਇਆ, ਜਿਸ ਦੌਰਾਨ ਸ੍ਰੀ ਗੁਪਤਾ ਦੀ ਪਤਨੀ ਤੇ ਟ੍ਰਾਈਡੈਂਟ ਗਰੁੱਪ ਦੇ ਐੱਮ. ਡੀ. ਦੀਪਕ ਨੰਦਾ ਹਾਜ਼ਰ ਸਨ। ਰਾਜਿੰਦਰ ਗੁਪਤਾ ਨੇ ਆਮ ਆਦਮੀ ਪਾਰਟੀ (ਆਪ) ਵੱਲੋਂ ਰਾਜ ਸਭਾ ਦੀ ਉਪ-ਚੋਣ ਲਈ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ ਸੀ।ਇਹ ਉਪ-ਚੋਣ ਪੰਜਾਬ ਤੋਂ ਇੱਕ ਸੀਟ ਖਾਲੀ ਹੋਣ ਕਾਰਨ ਲੋੜੀਂਦੀ ਹੋਈ ਸੀ।ਬਿਨਾਂ ਵਿਰੋਧ ਚੋਣ ਹੋਣ ਨਾਲ ਇਹ ਪ੍ਰਸਿੱਧ ਉਦਯੋਗਪਤੀ ਤੇ ਸਮਾਜ ਸੇਵੀ ਹੁਣ ਆਪਣਾ ਵਿਸ਼ਾਲ ਉਦਯੋਗਕ ਤਜਰਬਾ ਤੇ ਦੇਸ ਸੇਵਾ ਲਈ ਸਮਰਪਣ ਸੰਸਦ ਦੇ ਉੱਚ ਸਦਨ ਤੱਕ ਲੈ ਜਾਣਗੇ।ਉਨ੍ਹਾਂ ਦੀ ਚੋਣ ਨਾਲ ਪੰਜਾਬ ਦੇ ਉਦਯੋਗਕ ਖੇਤਰ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ।

## 98 ਲਾਭਪਾਤਰੀਆਂ ਨੂੰ 60 ਲੱਖ ਦੀ ਮੁਆਵਜ਼ਾ ਰਾਸ਼ੀ ਦੇ ਪੱਤਰ ਸੌਂਪੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਹਲਕਾ ਸ਼ੁਤਰਾਣਾ ਦੇ ਪਿੰਡਾਂ ਰਤਨਹੇੜੀ, ਅਸਮਾਨਪੁਰ, ਗੁਰਦਿਆਲਪੁਰਾ ਤੇ ਮਰਦਾਂਹੇੜੀ ਦੇ 98 ਲਾਭਪਾਤਰੀ ਕਿਸਾਨਾਂ ਨੂੰ ਹੜ੍ਹ ਪੀੜਤਾਂ ਲਈ 60 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ।ਐੱਸ ਡੀ ਐੱਮ ਸਮਾਣਾ ਰਿਚਾ ਗੋਇਲ ਦੀ ਪ੍ਰਧਾਨਗੀ ਹੇਠ ਪਿੰਡ ਰਤਨਹੇੜੀ ਵਿਖੇ ਕਰਵਾਏ ਸਮਾਗਮ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸਮਾਣਾ ਸਬ ਡਵੀਜ਼ਨ ਦੇ 6 ਪਿੰਡਾਂ ਦੀਆਂ ਫ਼ਸਲਾਂ ਦਾ ਘੱਗਰ ਦੇ ਪਾਣੀ ਨਾਲ ਨੁਕਸਾਨ ਹੋਇਆ ਸੀ, ਇਸ ਵਿੱਚ ਅੱਜ 4 ਪਿੰਡਾਂ ਦੀਆਂ ਫ਼ਸਲਾਂ ਦੇ ਹੜ੍ਹਾਂ ਕਰਕੇ ਹੋਏ ਖਰਾਬੇ ਦਾ ਮੁਆਵਜ਼ਾ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਦਿੱਤਾ ਗਿਆ ਹੈ।ਵਿਧਾਇਕ ਬਾਜ਼ੀਗਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਤਹਿਤ ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦਿਆਂ ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ-ਪਹਿਲਾਂ ਮੁਆਵਜ਼ਾ ਰਾਸ਼ੀ ਕਿਸਾਨਾਂ ਨੂੰ ਦੇ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਬਿਨਾਂ ਹੜ੍ਹ ਪੀੜਤ ਜ਼ਮੀਨਾਂ 'ਚ ਬੀਜਣ ਲਈ ਕਿਸਾਨਾਂ ਨੂੰ ਕਣਕ ਦਾ ਬੀਜ ਵੀ ਮੁਫ਼ਤ ਪ੍ਰਦਾਨ ਕੀਤਾ ਜਾ ਰਿਹਾ ਹੈ।ਇਸ ਦੌਰਾਨ ਐੱਸ ਡੀ ਐੱਮ ਰਿਚਾ ਗੋਇਲ ਤੋਂ ਇਲਾਵਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਵਿਰਕ ਡਰੋਲੀ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ, ਸਾਬਕਾ ਸਰਪੰਚ ਬਲਜੀਤ ਸਿੰਘ ਸਹੋਤਾ ਸਰਪੰਚ ਚਰਨਜੀਤ ਸਿੰਘ ਸੰਧੂ ਆਦਿ ਹਾਜ਼ਰ ਸਨ।

## ਡੀ ਏ ਵੀ ਸਕੂਲ ਦੇ ਨਿਸ਼ਾਨੇਬਾਜ਼ਾਂ ਸਟੇਟ ਟੂਰਨਾਮੈਂਟ 'ਚ 18 ਮੈਡਲ ਫੁੰਡੇ



**ਜਗਰਾਉਂ (ਅਮਿਤ ਖੰਨਾ)**-ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੀ.ਏ.ਵੀ. ਸਟੇਟ ਲੈਵਲ ਟੂਰਨਾਮੈਂਟ, ਜੋ ਕਿ ਪੁਲਸ ਡੀ.ਏ.ਵੀ. ਜਲੰਧਰ ਵਿਖੇ ਹੋਇਆ, ਉਸ ਵਿੱਚ ਸਕੂਲ ਦੇ ਅਰਚਰੀ ਖਿਡਾਰੀਆਂ ਨੇ ਆਪਣੀ ਨਿਸ਼ਾਨੇਬਾਜ਼ੀ ਦਾ ਸਰਵਉੱਚ ਪ੍ਰਦਰਸ਼ਨ ਕਰਕੇ 6 ਗੋਲਡ ਮੈਡਲ, 11 ਸਿਲਵਰ ਮੈਡਲ, ਇੱਕ ਬਰੋਨਜ਼ ਮੈਡਲ ਤੇ ਤਿੰਨ ਟੀਮ ਟਰਾਫ਼ੀਆਂ ਜਿੱਤ ਕੇ ਨੈਸ਼ਨਲ ਖੇਡਾਂ ਵਿੱਚ ਆਪਣੀ ਜਗ੍ਹਾ ਬਣਾਈ।ਅਨੁਸ਼ਕਾ ਸ਼ਰਮਾ ਨੇ ਅੰਡਰ-17 'ਚ ਤਿੰਨ ਸਿਲਵਰ ਮੈਡਲ ਜਿੱਤ ਕੇ ਫਸਟ ਰਨਰ ਅੱਪ ਦੀ ਟਰਾਫ਼ੀ ਪ੍ਰਾਪਤ ਕੀਤੀ।ਕੁੜੀਆਂ ਇੰਡੀਅਨ ਰਾਊਂਡ ਅੰਡਰ-14 ਵਿੱਚ ਟਵੀਸ਼ਾ ਨੇ ਤਿੰਨ ਗੋਲਡ ਮੈਡਲ ਤੇ ਪਰਾਸੀ ਰਾਣੀ ਨੇ ਤਿੰਨ ਸਿਲਵਰ ਮੈਡਲ ਪ੍ਰਾਪਤ ਕਰਕੇ ਓਵਰਆਲ ਫਸਟ ਟੀਮ ਟਰਾਫ਼ੀ ਜਿੱਤੀ।ਲੜਕਿਆਂ ਇੰਡੀਅਨ ਰਾਊਂਡ ਅੰਡਰ-14 ਵਿੱਚ ਕ੍ਰਿਸ਼ਵ ਗੁਪਤਾ ਨੇ ਤਿੰਨ ਗੋਲਡ ਮੈਡਲ ਤੇ ਕ੍ਰਿਸ਼ਵ ਦੁੱਗਲ ਨੇ ਤਿੰਨ ਸਿਲਵਰ ਮੈਡਲ ਹਾਸਲ ਕੀਤੇ।ਭਵਈਸ਼ਵਰ ਸਿੰਘ ਨੇ ਦੋ ਸਿਲਵਰ ਤੇ ਇੱਕ ਬਰੋਨਜ਼ ਮੈਡਲ ਪ੍ਰਾਪਤ ਕਰਕੇ ਅੰਡਰ-14 ਸਾਲਾ ਖਿਡਾਰੀਆਂ ਨੇ ਓਵਰਆਲ ਫਸਟ ਰਨਰਅੱਪ ਦੀ ਟਰਾਫ਼ੀ ਪ੍ਰਾਪਤ ਕੀਤੀ।ਇਹ ਛੇ ਖਿਡਾਰੀ ਨੈਸ਼ਨਲ ਖੇਡਾਂ ਲਈ ਵੀ ਚੁਣੇ ਗਏ।ਇਸ ਤੋਂ ਇਲਾਵਾ ਸੌਰਿਆ ਗੇਦਰ ਤੇ ਤਾਰੰਕ ਸ਼ਰਮਾ ਨੇ ਵੀ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ।ਇਨ੍ਹਾਂ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਜੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਖਿਡਾਰੀਆਂ ਨੂੰ ਜਿੱਤ ਹਾਸਲ ਕਰਨ 'ਤੇ ਮੁਬਾਰਕਬਾਦ ਦੇਣ ਦੇ ਨਾਲ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਇਸੇ ਤਰ੍ਹਾਂ ਵਧੀਆ ਪ੍ਰਦਰਸ਼ਨ ਕਰਦੇ ਰਹਿਣ ਲਈ ਪ੍ਰੇਰਣਾ ਦਿੱਤੀ ਗਈ।ਇਸ ਸਮੇਂ ਡੀ.ਪੀ.ਈ. ਹਰਦੀਪ ਸਿੰਘ ਬਿੰਜਲ, ਡੀ.ਪੀ.ਈ. ਸੁਰਿੰਦਰ ਪਾਲ ਵਿੱਜ ਤੇ ਡੀ.ਪੀ.ਈ. ਸੁਰਿੰਦਰ ਕੌਰ ਤੂਰ ਮੌਜੂਦ ਸਨ।

## ਮਾਈਨਿੰਗ ਨੀਤੀ 'ਚ ਸੋਧਾਂ ਦੇ ਸ਼ਾਨਦਾਰ ਨਤੀਜੇ ਆਉਣੇ ਸ਼ੁਰੂ : ਗੋਇਲ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸ਼ੁੱਕਰਵਾਰ ਕਿਹਾ ਕਿ ਸੂਬੇ ਦੀ ਖਣਨ ਨੀਤੀ ਵਿੱਚ ਕੀਤੀਆਂ ਸੋਧਾਂ ਦੇ ਸ਼ਾਨਦਾਰ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ, ਜਿਸ ਨਾਲ ਕਾਨੂੰਨੀ ਖਣਨ ਗਤੀਵਿਧੀ ਨੂੰ ਮਜ਼ਬੂਤ ਕੀਤਾ ਗਿਆ ਹੈ, ਰੇਤ ਅਤੇ ਬੱਜਰੀ ਦੀ ਸਪਲਾਈ ਵਿੱਚ ਸੁਧਾਰ ਹੋਇਆ ਹੈ ਅਤੇ ਪਾਰਦਰਸ਼ਤਾ ਰਾਹੀਂ ਸੂਬੇ ਦੇ ਮਾਲੀਏ ਵਿੱਚ ਵਾਧਾ ਹੋਇਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਲੈਂਡਓਨਰ ਮਾਈਨਿੰਗ ਸਾਈਟਸ (ਐੱਲ ਐੱਮ ਐੱਸ) ਅਤੇ ਕਰੱਸ਼ਰ ਮਾਈਨਿੰਗ ਸਾਈਟਸ (ਸੀ ਆਰ ਐੱਮ ਐੱਸ) ਦੀ ਸ਼ੁਰੂਆਤ ਨੇ ਜ਼ਮੀਨ ਮਾਲਕਾਂ ਅਤੇ ਕਰੱਸ਼ਰ ਅਪਰੇਟਰਾਂ ਨੂੰ ਸਮਰੱਥ ਬਣਾ ਕੇ ਮਾਈਨਿੰਗ ਸੈਕਟਰ ਵਿੱਚ ਬਦਲਾਅ ਲਿਆ ਦਿੱਤਾ ਹੈ। ਇਸ ਦੇ ਨਾਲ ਹੀ ਸੂਬੇ ਦੀ ਦੂਜੇ ਸੂਬਿਆਂ ਤੋਂ ਕੱਚੇ ਮਾਲ 'ਤੇ ਨਿਰਭਰਤਾ ਵਿੱਚ ਕਮੀ ਆਈ ਹੈ। ਇਸ ਪਹਿਲਕਦਮੀ ਨੇ ਹਰ ਹਿੱਸੇਦਾਰਾਂ ਨੂੰ ਕਾਨੂੰਨੀ ਦਾਇਰੇ ਵਿੱਚ ਸ਼ਾਮਲ ਕਰਕੇ ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ।

ਉਨ੍ਹਾ ਦੱਸਿਆ ਕਿ ਸੋਧੀ ਹੋਈ ਨੀਤੀ ਲਾਗੂ ਹੋਣ ਮਗਰੋਂ ਵਿਭਾਗ ਨੂੰ ਸੀ.ਆਰ.ਐੱਮ.ਐੱਸ. ਲਈ 240 ਤੋਂ ਵੱਧ ਅਰਜ਼ੀਆਂ ਅਤੇ ਐੱਲ.ਐੱਮ.ਐੱਸ. ਲਈ 95 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿੱਚੋਂ 23 ਸੀ.ਆਰ.ਐੱਮ.ਐੱਸ. ਅਤੇ 4 ਐੱਲ.ਐੱਮ.ਐੱਸ. ਲਈ ਸਹਿਮਤੀ ਪੱਤਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਅਰਜ਼ੀਆਂ ਨੂੰ ਜ਼ਿਲ੍ਹਾ ਸਰਵੇਖਣ ਰਿਪੋਰਟਾਂ ਵਿੱਚ ਸ਼ਾਮਲ ਕਰਨ ਦੀ ਪ੍ਰਕਿਰਿਆ ਪ੍ਰਗਤੀ ਅਧੀਨ ਹੈ। ਵਾਤਾਵਰਣ ਸੰਬੰਧੀ ਪ੍ਰਵਾਨਗੀਆਂ ਮੁਕੰਮਲ ਹੋਣ ਮਗਰੋਂ ਦਸੰਬਰ 2025 ਅਤੇ ਮਾਰਚ 2026 ਦੇ ਵਿਚਕਾਰ ਇਨ੍ਹਾਂ ਸਾਈਟਾਂ ਦੇ ਕਾਰਜਸ਼ੀਲ ਹੋਣ ਦੀ ਸੰਭਾਵਨਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਤ ਕੌਮੀ ਵਰਕਸ਼ਾਪ ਸੰਪੰਨ



ਸ੍ਰੀ ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਤ ਚੱਲ ਰਹੀ ਪੰਜ ਰੋਜ਼ਾ ਕਾਰਜਸ਼ਾਲਾ ਦੀ ਸੰਪੂਰਨਤਾ ਮੌਕੇ ਵਾਈਸ ਚਾਂਸਲਰ ਪ੍ਰੋਫੈਸਰ ਪਰਿਤ ਪਾਲ ਸਿੰਘ ਨੇ ਵਰਕਸ਼ਾਪ ਦੌਰਾਨ ਹੋਈ ਵਿਚਾਰ ਚਰਚਾ ਤੇ ਚਿੰਤਨ ਉੱਪਰ ਤਸੱਲੀ ਪ੍ਰਗਟਾਉਂਦਿਆਂ ਆਸ ਪ੍ਰਗਟਾਈ ਕੇ ਸਮੂਹ ਡੈਲੀਗੇਟਸ ਇਥੋਂ ਸਿੱਖੀਆਂ ਸਿਧਾਂਤਕ ਸੇਧਾਂ ਤੇ ਵਿਹਾਰਕ ਤਕਨੀਕਾਂ ਆਪਣੇ ਅਕਾਦਮਿਕ ਕੈਰੀਅਰ ਤੇ ਖੋਜ-ਕਾਰਜਾਂ ਵਿੱਚ ਲਾਗੂ ਕਰਨਗੇ।ਵਿਦਾਇਗੀ ਸੈਸ਼ਨ ਦੇ ਮੁੱਖ ਵਕਤਾ ਪ੍ਰੋਫੈਸਰ ਕੇਹਰ ਸਿੰਘ ਸਾਬਕਾ ਡਾਇਰੈਕਟਰ, ਪੰਜਾਬ ਸਕੂਲ ਸਿੱਖਿਆ ਬੋਰਡ ਨੇ ਆਖਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ ਗੁਰਬਾਣੀ ਨੂੰ ਸੌੜੇ ਬਿਰਤਾਂਤ ਵਿੱਚ ਪੇਸ਼ ਕਰਨ ਦੀ ਬਜਾਏ ਸਮੁੱਚੀ ਮਨੁੱਖਤਾ ਤੇ ਕੁੱਲ ਕਾਇਨਾਤ ਦੇ ਪ੍ਰਸੰਗ ਵਿੱਚ ਵਿਚਾਰੇ ਜਾਣ ਦੀ ਲੋੜ ਹੈ।ਮਹਿਮਾਨਾਂ ਦਾ ਸਵਾਗਤ ਕਰਦਿਆਂ ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ ਨੇ ਆਖਿਆ ਕਿ ਵਰਕਸ਼ਾਪ ਦੀ ਪੇਸ਼ ਕੀਤੀ ਗਈ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਇਹ ਵਰਕਸ਼ਾਪ ਆਪਣੇ ਮਿੱਥੇ ਟੀਚੇ ਨੂੰ ਸਰ ਕਰਨ ਵਿੱਚ ਪੂਰੀ ਤਰ੍ਹਾਂ ਸਫਲ ਹੋਈ ਹੈ।ਵਰਕਸ਼ਾਪ ਦੇ ਕਨਵੀਨਰ ਡਾ. ਹਰਦੇਵ ਸਿੰਘ, ਡੀਨ ਫੈਕਲਟੀ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ ਸਟਡੀਜ਼ ਨੇ ਵਰਕਸ਼ਾਪ ਦੌਰਾਨ ਅਕਾਦਮਿਕ ਜਗਤ, ਆਨਲਾਈਨ ਪਲੇਟਫਾਰਮ ਤੇ ਪ੍ਰਕਾਸ਼ਿਤ ਸਾਹਿਤ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪੇਸ਼ਕਾਰੀ ਦੇ ਉਸਾਰੂ ਤੇ ਕਮਜ਼ੋਰ ਪੱਖਾਂ ਬਾਰੇ ਹੋਈ ਚਰਚਾ ਉੱਪਰ ਤਸੱਲੀ ਪ੍ਰਗਟਾਉਂਦਿਆਂ ਸਮੂਹ ਵਿਦਵਾਨਾਂ ਦਾ ਧੰਨਵਾਦ ਕੀਤਾ।ਅਖੀਰਲੇ ਦਿਨ ਤਕਨੀਕੀ ਸੈਸ਼ਨ ਦੌਰਾਨ ਪ੍ਰੋਫੈਸਰ ਪਰਮਵੀਰ ਸਿੰਘ, ਸਿੱਖ ਵਿਸ਼ਵ ਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਦੱਸਿਆ ਕਿ ਗੁਰੂ ਸਾਹਿਬ ਦੀ ਮਾਲਵੇ ਦੀ ਤੇ ਪੂਰਬੀ ਭਾਰਤ ਦੀ ਯਾਤਰਾ ਵਿੱਚੋਂ ਅਧੂਰੀਆਂ ਕੜੀਆਂ ਨੂੰ ਜੋੜਨ ਦੀ ਸਖਤ ਲੋੜ ਹੈ, ਜਿਸ ਬਾਰੇ ਨਵੇਂ ਖੋਜਾਰਥੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ।ਵਰਕਸ਼ਾਪ ਦੇ ਕੋਆਰਡੀਨੇਟਰ ਰਮਨਦੀਪ ਕੌਰ, ਇੰਚਾਰਜ, ਰਾਜਨੀਤੀ ਸ਼ਾਸਤਰ ਵਿਭਾਗ ਨੇ ਪਹੁੰਚੇ ਮਹਿਮਾਨਾਂ, ਵਿਦਵਾਨਾਂ ਤੇ ਡੈਲੀਗੇਟਸ ਦਾ ਧੰਨਵਾਦ ਕੀਤਾ।

ਫ਼ਿਲੌਰ (ਨਿਰਮਲ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਜਲੰਧਰ ਵਿਖੇ 8 ਨਵੰਬਰ ਨੂੰ ਹੋ ਰਹੀ ਜਨਰਲ ਕੌਂਸਲ ਦੀ ਤਿਆਰੀ ਸਬੰਧੀ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਫੈਸਲੇ ਅਨੁਸਾਰ ਫ਼ਿਲੌਰ ਦੀ ਮੀਟਿੰਗ ਬਲਾਕ ਪ੍ਰਧਾਨ ਕਾਵਿਸ਼ ਵਾਲੀਆ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਅਧਿਆਪਕਾਂ ਦੇ ਵੱਖ-ਵੱਖ ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸਰਕਾਰ ਵੱਲੋਂ ਅਧਿਆਪਕਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਵਿੱਚ ਵਾਰ ਟਾਲਮਟੋਲ ਕਰਨ ਦੀ ਨੀਤੀ ਦੀ ਨਿਖੇਧੀ ਕੀਤੀ ਗਈ। ਅਧਿਆਪਕਾਂ ਦੇ ਮਸਲਿਆਂ ਅਤੇ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਅਤੇ ਬੱਝਵੇਂ ਸੰਘਰਸ਼ ਨੂੰ ਉਲੀਕਣ ਲਈ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ 8 ਨਵੰਬਰ ਨੂੰ ਜਲੰਧਰ ਵਿਖੇ ਹੋ ਰਹੀ ਜਨਰਲ ਕੌਂਸਲ ਦੀ ਤਿਆਰੀ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਬਲਾਕ ਅੰਦਰ ਪ੍ਰਚਾਰ ਅਤੇ ਫੰਡ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਨੇ ਕਿਹਾ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਜਨਰਲ ਕੌਂਸਲ ਲਈ ਸਾਰੇ ਜ਼ਿਲ੍ਹੇ ਵਿੱਚ ਵੱਡੀ ਪੱਧਰ 'ਤੇ ਲਾਮਬੰਦੀ ਕੀਤੀ ਜਾ ਰਹੀ ਹੈ। ਇਸ ਮੌਕੇ ਬਲਾਕ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਜਿਸ ਵਿੱਚ ਲੇਖ ਰਾਜ ਪੰਜਾਬੀ ਪ੍ਰਧਾਨ, ਅਸ਼ੋਕ ਕੁਮਾਰ ਸੰਗਤਪੁਰ ਸਕੱਤਰ, ਸਰਬਜੀਤ ਢੇਸੀ ਪ੍ਰੈੱਸ ਸਕੱਤਰ, ਸੁਸ਼ੀਲ ਕੁਮਾਰ ਵਿੱਤ ਸਕੱਤਰ ਚੁਣੇ ਗਏ। ਇਸ ਮੌਕੇ ਬਾਕੀ ਆਹੁਦੇਦਾਰਾਂ ਵਿੱਚ ਜਗਸੀਰ ਉੱਪ ਪ੍ਰਧਾਨ, ਜਸਵੀਰ ਚੁੰਬਰ ਸੀਨੀਅਰ ਮੀਤ ਪ੍ਰਧਾਨ, ਸੰਦੀਪ ਕੰਗ ਮੀਤ ਪ੍ਰਧਾਨ, ਰਾਜਿੰਦਰ ਕੁਮਾਰ ਸਹਾਇਕ ਸਕੱਤਰ, ਪੂਜਾ ਪੁੰਡਰਿਕ ਜੁਆਇੰਟ ਸਕੱਤਰ, ਰਾਕੇਸ਼ ਕੁਮਾਰ ਜੁਆਇੰਟ ਸਕੱਤਰ, ਦੀਪਕ ਕੁਮਾਰ ਸਹਾਇਕ ਸਕੱਤਰ, ਮਨਦੀਪ ਸਿੰਘ ਸਹਾਇਕ ਵਿੱਤ ਸਕੱਤਰ, ਭੋਲ਼ਾ ਰਾਮ ਸਹਾਇਕ ਵਿੱਤ ਸਕੱਤਰ ਦੀ ਚੋਣ ਕੀਤੀ। ਇਸ ਮੌਕੇ ਬਖਸ਼ੀ ਰਾਮ ਕੰਗ, ਪਵਨ ਕੁਮਾਰ, ਹਰਪ੍ਰੀਤ ਸਿੰਘ, ਰਣਜੀਤ ਸਿੰਘ, ਲਖਵੀਰ ਸਿੰਘ, ਸਤਵਿੰਦਰ ਸਿੰਘ, ਕੁਲਦੀਪ ਸਿੰਘ, ਰਾਧੇ ਸ਼ਯਾਮ, ਅੰਜੂ ਵਿਰਦੀ, ਸੁਨੀਤਾ ਰਾਣੀ, ਸੁਜਾਤਾ ਰਾਣੀ, ਕੰਚਨ ਰਾਣੀ, ਕੁਲਦੀਪ ਕੌਰ, ਅਮਨ ਦੀਪ ਕੌਰ, ਸ਼ਰਨਜੀਤ ਕੌਰ, ਮਨੀਸ਼ਾ ਅਤੇ ਮੁਨੀਆਂ ਰਾਣੀ ਮੁੱਖ ਤੌਰ 'ਤੇ ਹਾਜ਼ਰ ਸਨ।

## ਐੱਮ ਐੱਲ ਏ ਰੰਧਾਵਾ ਨੇ ਕਲਾਨੌਰ 'ਚ ਵੰਡੇ ਇੱਕ ਕਰੋੜ 13 ਲੱਖ ਦੇ ਚੈੱਕ



ਕਲਾਨੌਰ, (ਮਨਦੀਪ ਕੋਹਲੀ)-ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀ ਡੀ ਪੀ ਓ ਦਫਤਰ ਕਲਾਨੌਰ ਵਿੱਚ ਪਹੁੰਚ ਕੇ ਕਲਾਨੌਰ ਬਲਾਕ ਦੇ ਪੰਜ ਪਿੰਡਾਂ ਦੇ ਕਿਸਾਨਾਂ ਨੂੰ ਵੀਰਵਾਰ ਕਰੀਬ ਇੱਕ ਕਰੋੜ 13 ਲੱਖ ਦੇ ਖਰਾਬੇ ਦੇ ਚੈੱਕ ਵੰਡਣ ਦੀ ਸ਼ੁਰੂਆਤ ਕੀਤੀ। ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲੀ ਸਰਕਾਰ ਹੈ ਜਿਸ ਨੇ ਕਰਨੀ ਕਥਨੀ ਵਿੱਚ ਕੋਈ ਵੀ ਫਰਕ ਨਹੀਂ ਛੱਡਿਆ। ਰੰਧਾਵਾ ਨੇ ਕਿਹਾ ਕਿ ਕੱਲ੍ਹ ਹਰਭਜਨ ਸਿੰਘ ਈ ਟੀ ਓ ਮੰਤਰੀ ਜੋ ਹਲਕੇ ਵਿੱਚ ਚੈੱਕ ਵੰਡਣ ਦੀ ਸ਼ੁਰੂਆਤ ਕਰਕੇ ਗਏ ਸਨ, ਨੂੰ ਅੱਜ ਅੱਗੇ ਤੋਰਿਆ ਗਿਆ ਹੈ ਅਤੇ ਹਰੇਕ ਲੋੜਵੰਦ ਤੱਕ ਇਹ ਮਦਦ ਪਹੁੰਚਾਈ ਜਾਵੇਗੀ। ਇਸ ਮੌਕੇ ਤੇ ਉਨਾਂ ਦੇ ਨਾਲ ਐਸ ਡੀ ਐਮ ਮੈਡਮ ਜਯੋਤਸਿਨਾ ਸਿੰਘ, ਬੀ ਡੀ ਪੀ ਓ ਸੁਰਜੀਤ ਸਿੰਘ ਬਰਾੜ, ਤਹਿਸੀਲਦਾਰ ਰਜਿੰਦਰ ਸਿੰਘ, ਨਾਇਬ ਤਹਿਸੀਲਦਾਰ ਜਗਦੀਪ ਇੰਦਰ ਸਿੰਘ ਸੋਢੀ, ਮਾਲ ਵਿਭਾਗ ਦੇ ਅਧਿਕਾਰੀ ਕੁਲਬੀਰ ਸਿੰਘ ਕਾਨੂੰਗੋ, ਭੁਪਿੰਦਰ ਸਿੰਘ ਕਾਨੂੰਗੋ, ਗੁਰਵਿੰਦਰ ਸਿੰਘ ਆਰਸੀ ਰਸ਼ਪਾਲ ਸਿੰਘ ਪਟਵਾਰੀ, ਜਸਕਰਨਬੀਰ ਸਿੰਘ ਪਟਵਾਰੀ, ਸਤਵਿੰਦਰ ਸਿੰਘ ਪਟਵਾਰੀ, ਰੇਸ਼ਮ ਸਿੰਘ ਪੰਨੂ ਤੋਂ ਇਲਾਵਾ ਕਿਸਾਨ ਅਮਰਜੀਤ ਸਿੰਘ, ਬਲਰਾਜ ਸਿੰਘ ਗੋਰਾਇਆ, ਸੁਖਵਿੰਦਰ ਸਿੰਘ, ਸਤਵਿੰਦਰ ਸਿੰਘ, ਕੁਲਵਿੰਦਰ ਸਿੰਘ ਕਿੰਦਾ ਸਮੇਤ ਅਨੇਕਾਂ ਕਿਸਾਨ ਹਾਜ਼ਰ ਸਨ।

## ਵਿਧਾਇਕ ਸ਼ੈਰੀ ਕਲਸੀ ਨੇ ਸੀਵਰੇਜ ਦੇ ਕੰਮਾਂ ਦਾ ਲਿਆ ਜਾਇਜ਼ਾ



ਨੌਸ਼ਹਿਰਾ ਮੱਝਾ ਸਿੰਘ/ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਨੌਸ਼ਹਿਰਾ ਮੱਝਾ ਸਿੰਘ ਵਿਖੇ ਪਹੁੰਚ ਕੇ ਸੀਵਰੇਜ ਪਾਉਣ ਦੇ ਚੱਲ ਰਹੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ । ਕਲਸੀ ਵਲੋਂ 15 ਦਿਨ ਪਹਿਲਾਂ ਲੋਕਾਂ ਦੀ ਮੰਗ ਪੂਰੀ ਕਰਦਿਆਂ ਇਥੇ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ਼ ਪਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ। ਇਸ ਮੌਕੇ ਕਲਸੀ ਨੇ ਕਿਹਾ ਕਿ ਉਨ੍ਹਾਂ ਦਾ ਅੱਜ ਇਥੇ ਆਉਣ ਦਾ ਇਹੀ ਮਕਸਦ ਸੀ ਕਿ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਜਾਵੇ ਅਤੇ ਇਸ ਕਾਰਜ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕੀਤਾ ਸਕੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕੰਮ ਨੂੰ ਗੁਣਵੱਤਾ ਭਰਪੂਰ ਕਰਨ ਦੀ ਹਦਾਇਤ ਕੀਤੀ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸੀਵਰੇਜ ਤੋਂ ਇਲਾਵਾ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਵਾਟਰ ਸਪਲਾਈ ਦਾ ਕੰਮ ਕਰਵਾਇਆ ਗਿਆ ਹੈ। ਇਸ ਮੌਕੇ ਮਨਦੀਪ ਸਿੰਘ ਗਿੱਲ, ਜ਼ਿਲ੍ਹਾ ਯੂਥ ਆਗੂ ਗੁਰਦਾਸਪੁਰ ਨੇ ਵਿਧਾਇਕ ਸ਼ੈਰੀ ਕਲਸੀ ਦਾ ਪਿੰਡ ਵਾਸੀਆਂ ਵਲੋਂ ਧੰਨਵਾਦ ਕਰਦਿਆਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਪਿੰਡ ਵਾਲਿਆਂ ਨੂੰ ਵੱਡੀ ਰਾਹਤ ਮਿਲੀ ਹੈ। ਪਿੰਡਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮੰਤਵ ਨਾਲ ਖੇਡ ਮੈਦਾਨ ਉਸਾਰੇ ਗਏ ਹਨ। ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦਾ ਨਵੀਨੀਕਰਨ ਆਦਿ ਕੀਤਾ ਗਿਆ ਹੈ।

## ਮੇਹਰਚੰਦ ਪੌਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ 'ਚ ਵਾਤਾਵਰਨ ਅਨੁਕੂਲ ਦੀਵਾਲੀ ਦਾ ਜਸ਼ਨ



ਜਲੰਧਰ (ਸ਼ੈਲੀ ਐਲਬਰਟ)- ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਪ੍ਰਧਾਨਗੀ ਅਤੇ ਵਿਭਾਗ ਮੁਖੀ ਡਾ. ਸੰਜੇ ਬਾਂਸਲ ਦੀ ਅਗਵਾਈ ਹੇਠ ਮੇਹਰਚੰਦ ਪੌਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਨੇ ਇੱਕ ਵਾਤਾਵਰਣ-ਅਨੁਕੂਲ ਦੀਵਾਲੀ ਦਾ ਆਯੋਜਨ ਕੀਤਾ। ਵਿਭਾਗ ਮੁਖੀ ਡਾ. ਸੰਜੇ ਬਾਂਸਲ ਨੇ ਦੱਸਿਆ ਕਿ ਇਹ ਤਿਉਹਾਰ ਹਰ ਸਾਲ ਵਿਦਿਆਰਥੀਆਂ ਨੂੰ 'ਗ੍ਰੀਨ ਦੀਵਾਲੀ' ਮਨਾਉਣ ਲਈ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਪਟਾਕਿਆਂ ਤੋਂ ਹੋਣ ਵਾਲੇ ਨੁਕਸਾਨ ਬਾਰੇ ਚੇਤਾਵਨੀ ਦੇਣ ਲਈ ਆਯੋਜਿਤ ਕੀਤਾ ਜਾਂਦਾ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰੋ. ਮੀਨਾ ਬਾਂਸਲ ਨੇ ਕਿਹਾ ਕਿ ਦੀਵਾਲੀ ਖੁਸ਼ੀ ਅਤੇ ਰੌਸ਼ਨੀ ਦਾ ਤਿਉਹਾਰ ਹੈ। ਇਸ ਲਈ ਦੀਵਾਲੀ ਮਨਾਉਂਦੇ ਸਮੇਂ ਸਾਨੂੰ ਸਿਰਫ਼ ਆਪਣੇ ਘਰਾਂ ਨੂੰ ਰੌਸ਼ਨ ਨਹੀਂ ਕਰਨਾ ਚਾਹੀਦਾ, ਸਗੋਂ ਆਪਣੇ ਸਾਥੀ ਕਰਮਚਾਰੀਆਂ ਅਤੇ ਹੋਰ ਗਰੀਬ ਲੋਕਾਂ ਦੀ ਵੀ ਮਦਦ ਕਰਨੀ ਚਾਹੀਦੀ ਹੈ। ਦੀਵਾਲੀ ਉਦੋਂ ਹੀ ਸਾਰਥਕ ਹੋਵੇਗੀ ਜਦੋਂ ਸਾਡੇ ਆਲੇ ਦੁਆਲੇ ਹਰ ਕੋਈ ਖੁਸ਼ ਹੋਵੇ। ਪਟਾਕੇ ਪ੍ਰਦੂਸ਼ਣ ਪੈਦਾ ਕਰਦੇ ਹਨ, ਇਸ ਲਈ ਇਨ੍ਹਾਂ ਦੀ ਵਰਤੋਂ ਸੀਮਤ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਨੇ ਰੰਗੋਲੀ ਬਣਾਈ ਅਤੇ ਕਾਲਜ ਨੂੰ ਰੰਗੀਨ ਹਾਰਾਂ ਨਾਲ ਸਜਾਇਆ। ਉਨ੍ਹਾਂ ਨੇ ਗ੍ਰੀਨ ਦੀਵਾਲੀ ਦੇ ਸੰਦੇਸ਼ ਵਾਲੇ ਪੋਸਟਰ ਵੀ ਬਣਾਏ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਡਾ. ਸੰਜੇ ਬਾਂਸਲ ਅਤੇ ਪੂਰੇ ਫਾਰਮੇਸੀ ਵਿਭਾਗ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਦੀਵਾਲੀ 'ਤੇ ਸਿਰਫ਼ ਹਰੇ ਪਟਾਕੇ ਚਲਾਉਣ ਅਤੇ ਪੌਦੇ ਤੋਹਫ਼ੇ ਦੇਣ ਦੀ ਅਪੀਲ ਕੀਤੀ। ਇਸ ਮੌਕੇ ਮੀਨਾ ਬਾਂਸਲ, ਸੰਦੀਪ ਕੁਮਾਰ, ਪੰਕਜ ਗੁਪਤਾ, ਸਵਿਤਾ ਕੁਮਾਰੀ, ਅਭਿਸ਼ੇਕ ਸ਼ਰਮਾ ਅਤੇ ਵਿਦਿਆਰਥੀ ਮੌਜੂਦ ਸਨ।

## ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਦੇ ਖਿਡਾਰੀਆਂ ਦੀ ਕੌਮੀ ਖੇਡਾਂ ਲਈ ਚੋਣ



ਭਿੱਖੀਵਿੰਡ/ਖਾਲੜਾ : (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਦੀਆਂ ਖਿਡਾਰਨਾਂ ਨੇ ਫੁੱਟਬਾਲ ਦੇ ਅੰਡਰ-14 ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੌਮੀ ਖੇਡਾਂ ਲਈ ਕੁਆਲੀਫਾਈ ਕਰ ਲਿਆ ਹੈ। ਦੱਸਣਯੋਗ ਹੈ ਕਿ ਲੁਧਿਆਣਾ 'ਚ ਆਯੋਜਿਤ ਕੀਤੇ ਗਏ ਰਾਜ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਦੀਆਂ 10 ਲੜਕੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਬਦਲੇ ਨਵਦੀਪ ਕੌਰ,ਖੁਸ਼ਨੂਰ ਕੌਰ ਤੇ ਗੁਰਨੂਰ ਕੌਰ ਨੂੰ ਕੌਮੀ ਖੇਡਾਂ ਲਈ ਚੁਣਿਆ ਗਿਆ ਹੈ। ਸਕੂਲ ਪਹੁੰਚਣ 'ਤੇ ਚੇਅਰਮੈਨ ਕੰਧਾਲ ਸਿੰਘ ਬਾਠ ਅਤੇ ਪ੍ਰਿੰਸੀਪਲ ਮੈਡਮ ਲਖਬੀਰ ਕੌਰ ਵੱਲੋਂ ਖਿਡਾਰਨਾਂ ਨੂੰ ਸਨਮਾਨਿਤ ਕੀਤਾ ਗਿਆ। ਕੰਧਾਲ ਸਿੰਘ ਬਾਠ ਨੇ ਕਿਹਾ ਕਿ ਇਨ੍ਹਾਂ ਹੋਣਹਾਰ ਖਿਡਾਰਨਾਂ ਦੀ ਸਖ਼ਤ ਮਿਹਨਤ ਸਦਕਾ ਉਨ੍ਹਾਂ ਦੇ ਸਕੂਲ ਤੇ ਇਲਾਕੇ ਦਾ ਨਾਂਅ ਰੌਸ਼ਨ ਹੋਇਆ ਹੈ। ਇਸ ਮੌਕੇ ਪ੍ਰਿੰਸੀਪਲ ਲਖਬੀਰ ਕੌਰ ਸਮੇਤ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਲੌਂਗੋਵਾਲ ਅਕੈਡਮੀ ਕਾਲਜ ਦੰਦਰਲਾ 'ਚ ਅਨੈਸਥੀਸੀਆ ਦਿਵਸ ਮਨਾਇਆ




ਡੇਰਾਬੱਸੀ (ਵਿਨੈ ਕੁਮਾਰ ਜੈਨ)-ਲੌਂਗੋਵਾਲ ਅਕਾਦਮਿਕ ਕਾਲਜ ਦੰਦਰਲਾ ਡੇਰਾਬੱਸੀ ਵਿਖੇ ਅਨੈਸਥੀਸੀਆ ਦਿਵਸ ਮਨਾਇਆ ਗਿਆ। ਇਸ ਸਮਾਰੋਹ ਦਾ ਮੁੱਖ ਉਦੇਸ਼ ਅਨੈਸਥੀਸੀਆ ਵਿਭਾਗ ਨਾਲ ਜੁੜੇ ਵਿਦਿਆਰਥੀਆਂ ਅਤੇ ਮੈਡੀਕਲ ਸਟਾਫ਼ ਨੂੰ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਲਈ ਸਨਮਾਨਿਤ ਕਰਨਾ ਅਤੇ ਉਨ੍ਹਾਂ ਦੀ ਸੇਵਾ ਪ੍ਰਤੀ ਜਾਗਰੂਕਤਾ ਫੈਲਾਉਣਾ ਸੀ।ਸਮਾਗਮ ਦੀ ਸ਼ੁਰੂਆਤ ਸ਼ਰਧਾਂਜਲੀ ਸਮਾਰੋਹ ਨਾਲ ਹੋਈ, ਜਿਸ ਵਿੱਚ ਮੈਡੀਕਲ ਖੇਤਰ ਵਿੱਚ ਅਨੈਸਥੀਸੀਆ ਵਿਭਾਗ ਦੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੇ ਵਿਭਿੰਨ ਸੱਭਿਆਚਾਰਕ ਪ੍ਰਦਰਸ਼ਨ ਕੀਤੇ । ਨਾਟਕ, ਕਵਿਤਾ, ਗੀਤ ਅਤੇ ਪ੍ਰੇਰਕ ਭਾਸ਼ਣਾਂ ਰਾਹੀਂ ਵਿਦਿਆਰਥੀਆਂ ਨੇ ਮੈਡੀਕਲ ਪੇਸ਼ੇ ਨਾਲ ਜੁੜੇ ਨੈਤਿਕ ਮੁੱਲਾਂ ਅਤੇ ਸੇਵਾ ਭਾਵ ਨੂੰ ਪ੍ਰਗਟ ਕੀਤਾ।ਵਾਈਸ ਚੇਅਰਮੈਨ ਡਾ. ਕਪਿਲ ਕਤਿਆਲ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਅਨੈਸਥੀਸੀਆ ਵਿਭਾਗ ਦਾ ਡਾਕਟਰੀ ਵਿਗਿਆਨ ਵਿੱਚ ਬਹੁਤ ਮਹੱਤਵਪੂਰਨ ਸਥਾਨ ਹੈ, ਕਿਉਂਕਿ ਸਰਜਰੀ ਸਮੇਂ ਮਰੀਜ਼ ਦੀ ਜਾਨ ਦੀ ਸੁਰੱਖਿਆ ਉਨ੍ਹਾਂ ਦੀ ਮਾਹਰਤਾ ਉੱਤੇ ਨਿਰਭਰ ਕਰਦੀ ਹੈ। ਡਾ. ਕਤਿਆਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਜ਼ਿੰਮੇਵਾਰੀ ਦਾ ਭਾਵ ਵਧਾਉਂਦੇ ਹਨ। ਐਡਮਿਸ਼ਨ ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਵਿਨੋਦ ਕਤਿਆਲ ਨੇ ਵੀ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਨੈਸਥੀਸੀਆ ਵਿਦਿਆਰਥੀ ਸਿਹਤ ਖੇਤਰ ਦਾ ਅਹਿਮ ਹਿੱਸਾ ਹੈ।ਸਮਾਗਮ ਦੌਰਾਨ ਕਾਲਜ ਦੇ ਅਧਿਆਪਕਾਂ ਅਤੇ ਸਟਾਫ ਮੈਂਬਰਾਂ ਨੇ ਵੀ ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਮਿਹਨਤ ਦੀ ਸਰਾਹਨਾ ਕੀਤੀ।

## ਲਾਇਨਜ਼ ਕਲੱਬ ਐਕਟਿਵ ਵੱਲੋਂ ਮੈਡੀਕਲ ਤੇ ਅੱਖਾਂ ਦਾ ਚੈਕਅੱਪ ਕੈਂਪ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਗੜ੍ਹਸ਼ੰਕਰ ਰੋਡ 'ਤੇ ਗੁਰਦੁਆਰਾ ਟਾਹਲੀ ਸਾਹਿਬ ਨੇੜੇ ਲਾਇਨਜ਼ ਕਲੱਬ ਐਕਟਿਵ ਵੱਲੋਂ 87ਵਾਂ ਮੈਡੀਕਲ ਜਾਂਚ ਲਿਵਾਸਾ ਹਸਪਤਾਲ ਵੱਲੋਂ ਮੁਫ਼ਤ ਜਨਰਲ ਕੈਂਪ ਅਤੇ ਗੜ੍ਹਸ਼ੰਕਰ ਦੇ ਨਵਦੀਪਕ ਹਸਪਤਾਲ ਵੱਲੋਂ ਅੱਖਾਂ ਦਾ ਜਾਂਚ ਕੈਂਪ ਲਗਾਇਆ ਗਿਆ । ਕਲੱਬ ਦੇ ਡਿਪਟੀ ਗਵਰਨਰ ਤ੍ਰਿਲੋਚਨ ਸਿੰਘ ਵਿਰਦੀ ਨੇ ਦੱਸਿਆ ਕਿ ਇਸ ਕੈਂਪ ਵਿੱਚ 100 ਵਿਅਕਤੀਆਂ ਕਰੀਬ ਦੀ ਜਾਂਚ ਕੀਤੀ ਗਈ ਅਤੇ ਲੋੜਵੰਦ ਮਰੀਜ਼ਾਂ ਨੂੰ ਕਲੱਬ ਵੱਲੋਂ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੌਕੇ ਮਰੀਜ਼ਾਂ ਦੀ ਖੂਨ ਜਾਂਚ ਜਿਸ ਵਿੱਚ ਸ਼ੂਗਰ ਕਲੈਸਟਰੋਲ ਆਦਿ ਤੋਂ ਇਲਾਵਾ ਹੋਰ ਟੈਸਟ ਮੁਫਤ ਵਿੱਚ ਕੀਤੇ। ਡਿਪਟੀ ਗਵਰਨਰ ਤ੍ਰਿਲੋਚਨ ਸਿੰਘ ਵਿਰਦੀ ਨੇ ਕਿਹਾ ਕਿ ਇਲਾਜ ਦਿਨੋ ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਅਜਿਹੇ ਕੈਂਪ ਲੋਕਾਂ ਲਈ ਲਾਹੇਵੰਦ ਸਾਬਤ ਹੋ ਰਹੇ ਹਨ।ਇਹ ਕੈਂਪ ਉਨ੍ਹਾਂ ਦੇ ਕਲੱਬ ਵੱਲੋਂ ਹਰ ਮਹੀਨੇ ਸੰਗਰਾਂਦ ਮੌਕੇ ਲਗਾਇਆ ਜਾਂਦਾ ਹੈ। ਲਿਵਾਸਾ ਹਸਪਤਾਲ ਦੇ ਡਾਕਟਰ ਨੇ ਲੋਕਾਂ ਨੂੰ ਪੌਸ਼ਟਿਕ ਭੋਜਨ ਖਾਣ ਅਤੇ ਫਾਸਟ ਫੂਡ ਤੋਂ ਦੂਰ ਰਹਿਣ ਲਈ ਕਿਹਾ। ਨਵਦੀਪਕ ਹਸਪਤਾਲ ਦੇ ਡਾਕਟਰ ਨਵਦੀਪਕ ਰਾਜੇ ਡਾ ਨੀਲਮ ਨੇ ਕਿਹਾ ਕਿ ਸਾਨੂੰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਸੀਨੀਅਰ ਚੇਅਰਮੈਨ ਸੰਜੀਵ ਸੂਰੀ ਸੰਜੀਵ ਕੁਮਾਰ ਕੈਂਥ, ਪੂਨਮ ਸੂਰੀ, ਕਲਦੀਪ ਸਿੰਘ ਭੂਸ਼ਨ ਸਵਰਨਦੀਪ,ਪਧਾਨ ਜਸਵਿੰਦਰ ਕੋਰ, ਬਿਮਲਾ ਬੁੱਧਦਾਸ ਹਾਜ਼ਰ ਸਨ।

## ਸਵਰਨ ਸਿੰਘ ਖਾਲਸਾ ਨੂੰ ਸਾਬਕਾ ਡਿਸਟ੍ਰਿਕਟ ਗਵਰਨਰ ਨਾਂਅ ਨਾਲ ਨਿਵਾਜਿਆ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) -ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਇੰਟਰਨੈਸ਼ਨਲ ਪ੍ਰਧਾਨ ਲਾਇਨ ਏ ਪੀ ਸਿੰਘ ਵਲੋਂ ਜੋ ਬੀਤੇ ਦਿਨ ਲਾਇਨਜ਼ ਕਲੱਬ ਇੰਟਰਨੈਸ਼ਨਲ ਦੀ ਬੋਰਡ ਮੀਟਿੰਗ ਵਿੱਚ ਲਾਇਨ ਸਵਰਨ ਸਿੰਘ ਖਾਲਸਾ ਨੂੰ ਸਾਬਕਾ ਡਿਸਟ੍ਰਿਕ ਗਵਰਨਰ ਦੇ ਨਾਂ ਨਾਲ ਸਨਮਾਨਤ ਕੀਤਾ ਗਿਆ, ਉਸ ਦੀ ਖੁਸ਼ੀ ਮਨਾਉਂਦੇ ਹੋਏ ਲਾਇਨਜ਼ ਕਲੱਬ ਬੰਗਾ ਸਿਮਰਨ ਦੀ ਪ੍ਰਧਾਨ ਲਾਇਨ ਮੀਨੂੰ ਭੁੱਟਾ ਦੀ ਪ੍ਰਧਾਨਗੀ ਹੇਠ ਡਾਕਟਰ ਗੁਰਮੀਤ ਸਿੰਘ ਅਤੇ ਵਨੀਤਾ ਕੁਮਾਰੀ ਦੇ ਵਿਸ਼ੇਸ਼ ਸਹਿਯੋਗ ਨਾਲ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਬੰਗਾ ਵਿਖੇ ਤੀਸਰਾ ਫ੍ਰੀ ਕੈਂਸਰ ਅਵੇਅਰਨੈੱਸ-ਕਮ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਇਸ ਦੌਰਾਨ ਮਰੀਜ਼ਾਂ ਨੂੰ ਡਾਕਟਰ ਗੁਰਮੀਤ ਸਿੰਘ ਵਲੋਂ ਕੈਂਸਰ ਦੀ ਰੋਕਥਾਮ ਲਈ ਅਪਣੀ ਸਿਹਤ ਦਾ ਧਿਆਨ ਰੱਖਣ ਲਈ ਸਾਫ ਸੁਥਰਾ ਖਾਣ ਪੀਣ ਲਈ ਕਿਹਾ ਗਿਆ ਅਤੇ ਕਿਸੇ ਵੀ ਤਰਾਂ ਦਾ ਨਸ਼ਾ, ਸ਼ਰਾਬ ਅਤੇ ਤੰਬਾਕੂ ਦਾ ਸੇਵਨ ਕਰਨ ਤੋਂ ਰੋਕਿਆ ਗਿਆ। ਇਸ ਦੌਰਾਨ ਮਰੀਜ਼ਾਂ ਨੂੰ ਫ੍ਰੀ ਮੈਡੀਕਲ ਚੈੱਕਅਪ, ਫ੍ਰੀ ਦਵਾਈਆਂ ਅਤੇ ਫ੍ਰੀ ਬਲੱਡ ਟੈਸਟ ਵੀ ਕੀਤੇ ਗਏ। ਇਸ ਦੌਰਾਨ ਪ੍ਰਧਾਨ ਲਾਇਨ ਮੀਨੂੰ ਭੁੱਟਾ ਨੇ ਇੰਟਰਨੈਸ਼ਨਲ ਪ੍ਰਧਾਨ ਲਾਇਨ ਏ ਪੀ ਸਿੰਘ ਜੀ ਦਾ ਮੀਡੀਆ ਦੇ ਰਾਹੀਂ ਲਾਇਨ ਸਵਰਨ ਸਿੰਘ ਖਾਲਸਾ ਨੂੰ ਸਾਬਕਾ ਡਿਸਟ੍ਰਿਕ ਗਵਰਨਰ ਘੋਸ਼ਿਤ ਕਰਨ 'ਤੇ ਧੰਨਵਾਦ ਕੀਤਾ ਅਤੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਾਬਕਾ ਡਿਸਟ੍ਰਿਕ ਗਵਰਨਰ ਲਾਇਨ ਸਵਰਨ ਸਿੰਘ ਖਾਲਸਾ ਨੂੰ ਇਸ ਵਿਸ਼ੇਸ਼ ਅਹੁਦੇ ਦੀ ਵਧਾਈ ਦਿੱਤੀ ਅਤੇ ਇਸ ਵਿਸ਼ੇਸ਼ ਪ੍ਰੋਜੈਕਟ ਦੌਰਾਨ ਸ਼ਾਮਲ ਹੋਏ ਲਾਇਨਜ਼ ਕਲੱਬ ਬੰਗਾ ਸਿਮਰਨ ਅਤੇ ਲਾਇਨਜ ਕਲੱਬ ਬੰਗਾ ਸਿਟੀ ਸਮਾਈਲ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਾਬਕਾ ਡਿਸਟ੍ਰਿਕ ਗਵਰਨਰ ਲਾਇਨ ਸਵਰਨ ਸਿੰਘ ਖਾਲਸਾ ਨੇ ਕਿਹਾ ਕਿ ਮੈਂ ਇੰਟਰਨੈਸ਼ਨਲ ਪ੍ਰਧਾਨ ਲਾਇਨ ਏ ਪੀ ਸਿੰਘ ਵਲੋਂ ਬਹੁਤ ਜਲਦ ਲੱਗਣ ਜਾ ਰਹੇ ਡਿਸਟ੍ਰਿਕ 321-ਡੀ ਦੇ ਸਮਾਗਮ ਵਿੱਚ ਇਸ ਕਲੱਬ ਨੂੰ ਵਿਸ਼ੇਸ਼ ਸਨਮਾਨ ਦੇ ਨਾਲ ਸਨਮਾਨਤ ਕਰਵਾਵਾਂਗਾ ਅਤੇ ਸਮੁੱਚੀ ਡਿਸਟ੍ਰਿਕ 321-ਡੀ ਦਿਆਂ ਕਲੱਬਾਂ ਦੇ ਸਾਹਮਣੇ ਇਸ ਕਲੱਬ ਨੂੰ ਡਿਸਟ੍ਰਿਕ ਅਵਾਰਡ ਦੇ ਨਾਲ ਵੀ ਸਨਮਾਨਤ ਕਰਾਂਗਾ। ਖਾਲਸਾ ਨੇ ਕਿਹਾ ਕਿ ਲਾਇਨ ਧੀਰਜ ਮੱਕੜ ਜੋ ਅਮਰੀਕਾ ਤੋਂ ਇਸ ਕਲੱਬ ਲਈ ਦਿਸ਼ਾ ਨਿਰਦੇਸ਼ਕ ਵਜੋਂ ਕੰਮ ਕਰ ਰਿਹਾ ਹੈ ਮੈਂ ਉਸ ਨੂੰ 2017-18 ਵਿੱਚ ਵੀ ਡਿਸਟ੍ਰਿਕ ਅਵਾਰਡ ਨਾਲ ਸਨਮਾਨਤ ਕੀਤਾ ਸੀ। ਧੀਰਜ ਮੱਕੜ ਇਸ ਕਲੱਬ ਦੀ ਅਸਲ ਨੀਂਹ ਹੈ ਅਤੇ ਮੈਂ ਇਸ ਕਲੱਬ ਨਾਲ ਭਵਿੱਖ ਵਿੱਚ ਅਪਣੀ ਸਮੁੱਚੀ ਡਿਸਟ੍ਰਿਕ ਟੀਮ ਨਾਲ ਮਿਲ ਕੇ ਖੜ੍ਹਾ ਹਾਂ ਅਤੇ ਮੈਂ ਪ੍ਰਧਾਨ ਮੀਨੂੰ ਭੁੱਟਾ ਦਾ ਧੰਨਵਾਦ ਕਰਦਾ ਹਾਂ। ਇਸ ਦੌਰਾਨ ਲਾਇਨਜ਼ ਕਲੱਬ ਬੰਗਾ ਸਿਮਰਨ ਦੇ ਸਮੂਹ ਲਾਇਨ ਮੈਂਬਰਾਂ ਦੇ ਨਾਲ ਲਾਇਨਜ਼ ਕਲੱਬ ਬੰਗਾ ਸਿਟੀ ਸਮਾਈਲ ਦੇ ਸਮੂਹ ਲਾਇਨ ਮੈਂਬਰ ਵੀ ਸ਼ਾਮਲ ਹੋਏ।

## ਪਿਸਤੌਲ ਤੇ ਜ਼ਿੰਦਾ ਰੌਂਦ ਸਮੇਤ ਇੱਕ ਕਾਬੂ



ਜਲੰਧਰ, (ਸ਼ੈਲੀ ਐਲਬਰਟ)-ਜਲੰਧਰ ਕਮਿਸ਼ਨਰੇਟ ਪੁਲਿਸ ਵਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਪੁਲਿਸ ਕਮਿਸ਼ਨਰ ਧੰਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਡੀ.ਸੀ.ਪੀ. (ਇਨਵੈਸਟੀਗੇਸ਼ਨ) ਮਨਪ੍ਰੀਤ ਸਿੰਘ ਢਿੱਲੋਂ, ਏ.ਡੀ.ਸੀ.ਪੀ. (ਇਨਵੈਸਟੀਗੇਸ਼ਨ) ਜੇਯੰਤ ਪੁਰੀ ਅਤੇ ਏ.ਸੀ.ਪੀ. (ਡੀ) ਅਮਰਬੀਰ ਸਿੰਘ ਦੀ ਨਿਗਰਾਨੀ ਹੇਠ ਇੰਸਪੈਕਟਰ ਸੁਰਿੰਦਰ ਕੁਮਾਰ ਇੰਚਾਰਜ ਸੀ.ਆਈ.ਏ. ਸਟਾਫ ਜਲੰਧਰ ਦੀ ਪੁਲਿਸ ਟੀਮ ਨੇ ਕਾਰਵਾਈ ਕਰਦਿਆਂ ਇੱਕ ਮੁਲਜ਼ਮ ਨੂੰ ਗੈਰ-ਕਾਨੂੰਨੀ ਹਥਿਆਰ ਸਮੇਤ ਕਾਬੂ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਪੁਲਿਸ ਕਮਿਸ਼ਨਰ ਜਲੰਧਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 16.10.2025 ਨੂੰ ਸੀ.ਆਈ.ਏ. ਸਟਾਫ਼ ਦੀ ਟੀਮ ਨਾਕਾਬੰਦੀ ਲਈ ਟਰਾਂਸਪੋਰਟ ਨਗਰ ਪੁਲ ਹੇਠਾਂ ਜਲੰਧਰ ਮੌਜੂਦ ਸੀ। ਇਸ ਦੌਰਾਨ ਸ਼ੱਕ ਦੇ ਆਧਾਰ 'ਤੇ ਇੱਕ ਵਿਅਕਤੀ ਨੂੰ ਰੋਕ ਕੇ ਪੁੱਛਗਿੱਛ ਕੀਤੀ ਗਈ, ਜਿਸ ਦੀ ਪਛਾਣ ਸਾਗਰ ਮਸੀਹ ਉਰਫ਼ ਬਾਗੀ ਵਾਸੀ ਕ੍ਰਿਸਚਨ ਮੁਹੱਲਾ ਨੇੜੇ ਟਾਂਗੇ ਵਾਲਾ ਅੱਡਾ ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਵਜੋਂ ਹੋਈ।ਤਲਾਸ਼ੀ ਦੌਰਾਨ ਉਸਦੇ ਕਬਜ਼ੇ ਵਿਚੋਂ ਇਕ ਪਿਸਤੌਲ 32 ਬੋਰ ਅਤੇ 4 ਜ਼ਿੰਦਾ ਰੌਂਦ 32 ਬੋਰ ਬਰਾਮਦ ਕੀਤੇ ਗਏ। ਇਸ ਸਬੰਧੀ ਮੁਕੱਦਮਾ ਆਰਮਜ਼ ਐਕਟ ਅਨੁਸਾਰ ਥਾਣਾ ਡਵੀਜ਼ਨ ਨੰਬਰ 8 ਜਲੰਧਰ ਵਿੱਚ ਦਰਜ ਕਰ ਲਿਆ ਗਿਆ ਹੈ।

## ਬਾਬਾ ਸ਼ਾਹ ਮੇਂਝਣਾ ਦੇ ਦਰਬਾਰ 'ਤੇ ਸਾਲਾਨਾ ਜੋੜ ਮੇਲਾ ਭਲਕੇ

ਬਸਤੀ ਸ਼ੇਖ ਜਲੰਧਰ ( ਲਖਵਿੰਦਰ ਸਿੰਘ)-ਬਾਬਾ ਸ਼ਾਹ ਮੇਂਝਣਾ ਦੇ ਦਰਬਾਰ 'ਤੇ ਸਲਾਨਾ ਜੋੜ ਮੇਲਾ ਐਨ ਆਰ ਆਈਜ਼ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 19 ਅਕਤੂਬਰ ਨੂੰ ਪਿੰਡ ਗਿੱਲ (ਖਾਨਪੁਰ) ਜ਼ਿਲ੍ਹਾ ਜਲੰਧਰ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਗੱਦੀਨਸ਼ੀਨ ਬਲਵਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਝੰਡੇ ਦੀ ਰਸਮ ਸਵੇਰੇ 9 ਵਜੇ ਹੋਵੇਗੀ, ਮੇਲਾ ਦਾ ਉਦਘਾਟਨ 11 ਵਜੇ ਚੰਦਰ ਅਗਰਵਾਲ ਕਰਨਗੇ। ਇਸ ਮੌਕੇ ਗਾਇਕ ਸੁਖਵਿੰਦਰ ਪੰਛੀ, ਪੰਮਾ ਡੂਮੇਵਲਾ, ਨਵਜੀਤ ਗਿੱਲ, ਆਰ, ਜੀ, ਅਤੇ ਕਮੇਟੀ ਕਲਾਕਾਰ ਨੀਟੂ ਸ਼ਟਰਾਂਵਾਲਾ ਆਦਿ ਸੱਭਿਆਚਾਰਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।


### ਉੱਤਰ ਰੇਲਵੇ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਨਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

**ਨੀਲਾਮੀ ਸੂਚੀ ਨੰ.** EAFZR-MIXED25-3
**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** 28-10-25 ਨੂੰ 11:00 ਵਜੇ
ਕੰਮ ਦਾ ਨਾਮ : 1) ਫਰੀਦਕੋਟ, ਫਿਲੌਰ, ਫਿਰੋਜਪੁਰ ਕੈਂਟ, ਅੰਮ੍ਰਿਤਸਰ ਅਤੇ ਫਗਵਾੜਾ ਰੇਲਵੇ ਸਟੇਸ਼ਨਾਂ ਉਤੇ ਵਾਟਰ ਵੇਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। 2) ਫਿਰੋਜਪੁਰ ਕੈਂਟ ਰੇਲਵੇ ਸਟੇਸ਼ਨ ਤੇ ਪਲਾਸਟਿਕ ਬੋਤਲ ਕ੍ਰਸ਼ਿੰਗ ਮਸ਼ੀਨ ਦੀ ਸਥਾਪਨਾ, ਸੰਚਾਲਨ ਅਤੇ ਰਖਰਖਾਅ ਅਤੇ ਉਸ ਤੇ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਦੇ ਠੇਕੇ ਦਾ ਅਲਾਟਮੈਂਟ। 3) ਫਿਰੋਜਪੁਰ ਕੈਂਟ ਰੇਲਵੇ ਸਟੇਸ਼ਨ ਤੇ ਮੈਡੀਕਲ ਸਟੋਰ, ਗ੍ਰੋਸਰੀ ਸਟੋਰ ਅਤੇ ਫੋਟੋਕਾਪੀਅਰ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। 4) ਫਾਜਿਲਕਾ ਰੇਲਵੇ ਸਟੇਸ਼ਨ ਤੇ ਕਈ ਤਰ੍ਹਾਂ ਦੇ ਸਟੋਰਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।

**ਨੀਲਾਮੀ ਸੂਚੀ ਨੰ.** EAFZR-OH25-20
**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** 29-10-25 ਨੂੰ 11:00 ਵਜੇ
ਕੰਮ ਦਾ ਨਾਮ : ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ: 1) ਸਾਹਨੇਵਾਲ, ਅੰਮ੍ਰਿਤਸਰ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਉਪਰ। 2) ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ ਅਤੇ ਪੱਟੀ ਰੇਲਵੇ ਸਟੇਸ਼ਨ ਨਾਲ ਲਗੇ ਲੇਵਲ ਕ੍ਰਾਸਿੰਗ ਤੇ ਸਟੇਟਿਕ ਮੀਡੀਆ ਦੇ ਮਾਧਿਅਮ ਨਾਲ। 3) ਗੋਰਾਯਾ ਅਤੇ ਲੋਹਿਯਾ ਖਾਸ ਰੇਲਵੇ ਸਟੇਸ਼ਨ ਤੇ ਸਟੇਟਿਕ ਮੀਡੀਆ ਦੇ ਮਾਧਿਅਮ ਨਾਲ। 4) ਮਖੂ ਅਤੇ ਨਕੋਦਰ ਰੇਲਵੇ ਸਟੇਸ਼ਨ ਤੇ ਸਟੇਟਿਕ ਮੀਡੀਆ/ਪਾਣੀ ਦੀ ਟੰਕੀ ਦੇ ਓਵਰਹੇਡ ਦੇ ਉਪਰ।

**ਨੀਲਾਮੀ ਸੂਚੀ ਨੰ.** EAFZR-OSD25-8
**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** 30-10-25 ਨੂੰ 11:30 ਵਜੇ
ਕੰਮ ਦਾ ਨਾਮ : ਜਲੰਧਰ ਰੇਲਵੇ ਸਟੇਸ਼ਨ 51 ਇੰਚ ਜਾਂ ਜਿਆਦਾ ਸਾਈਜ ਦੀ 36 ਐਲਈਡੀ ਡਿਜਿਟਲ ਸਕ੍ਰੀਨ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।

**ਨੀਲਾਮੀ ਸੂਚੀ ਨੰ.** EAFZR-CTG25-30
**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** 30-10-25 ਨੂੰ 11:30 ਵਜੇ
ਕੰਮ ਦਾ ਨਾਮ : ਖੇਮਕਰਨ ਮੁਕਸਤਰ, ਤਰਨਤਾਰਨ, ਕਰਤਾਰਪੁਰ, ਆਰਸੀਐਫ-ਕਪੂਰਥਲਾ ਹਾਲਟ, ਗੰਗਸਰ ਜੈਤੋਂ, ਲੋਹਿਯਾ ਖਾਸ ਅਤੇ ਕੋਟਕਪੁਰਾ ਰੇਲਵੇ ਸਟੇਸ਼ਨਾਂ ਉਤੇ ਕੈਟਰਿੰਗ ਸਟਾਲ ਦਾ ਠੇਕੇ ਦਾ ਅਲਾਟਮੈਂਟ।

**ਨੀਲਾਮੀ ਸੂਚੀ ਨੰ.** EAFZR-CTG25-31
**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** 30-10-25 ਨੂੰ 11:30 ਵਜੇ
ਕੰਮ ਦਾ ਨਾਮ : ਸਾਹਨੇਵਾਲ, ਨਵਾਂ ਸ਼ਹਿਰ ਦੋਆਬਾ, ਨਕੋਦਰ, ਵੇਰਕਾ, ਜਗਰਾਉਂ, ਫਿਰੋਜਪੁਰ ਸਿਟੀ, ਫਾਜਿਲਕਾ ਅਤੇ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨਾਂ ਉਤੇ ਕੈਟਰਿੰਗ ਸਟਾਲ ਦਾ ਠੇਕੇ ਦਾ ਅਲਾਟਮੈਂਟ।

**ਨੀਲਾਮੀ ਸੂਚੀ ਨੰ.** EAFZR-MIXED25-4
**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** 04-11-25 ਨੂੰ 11:00 ਵਜੇ
ਕੰਮ ਦਾ ਨਾਮ : 1) 69 ਐਨਐਸਜੀ-5 ਅਤੇ ਐਨਐਸਜੀ-6 ਸ਼੍ਰੇਣੀ ਦੇ ਰੇਲਵੇ ਸਟੇਸ਼ਨਾਂ ਉਤੇ 71 ਯੂਟੀਐਸ/ ਪੀਆਰਐਸ/ ਯੂ ਟੀਐਸ-ਸਹਿ-ਪੀਆਰਐਸ ਕਾਊਂਟਰਾਂ ਤੇ ਦੋਹਰੀ ਡਿਸਪਲੇ ਸੂਚਨਾ ਪ੍ਰਣਾਲੀ (ਡੀਡੀਆਈਐਸ ਸਕ੍ਰੀਨ) ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। 2) ਡੀਏਵੀ ਕਾਲੇਜ ਜਲੰਧਰ ਹਾਲਟ ਰੇਲਵੇ ਸਟੇਸ਼ਨ ਤੇ ਪਾਰਕਿੰਗ ਸਥਲ ਦਾ ਠੇਕਾ ਤੇ ਅਲਾਟਮੈਂਟ। 3) ਫਿਰੋਜਪੁਰ ਛਾਉਣੀ ਰੇਲਵੇ ਸਟੇਸ਼ਨ ਤੇ ਮੋਬਾਈਲ ਅਤੇ ਮੋਬਾਈਲ ਅਕਸੇਸਰੀਜ ਸਟੋਰ ਅਤੇ ਟੇਕਸਟਾਈਲ ਸਟੋਰ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।

**ਨੀਲਾਮੀ ਸੂਚੀ ਨੰ.** EAFZR-PnU25-24
**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** 05-11-25 ਨੂੰ 11:00 ਵਜੇ
ਕੰਮ ਦਾ ਨਾਮ : 1) ਬਟਾਲਾ, ਫਿਲੌਰ ਅਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਪੇ ਐਂਡ ਯੂਜ ਪਖਾਨਿਆਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। 2) ਫਾਜਿਲਕਾ ਰੇਲਵੇ ਸਟੇਸ਼ਨ ਉਤੇ ਏਸੀ ਵੇਟਿੰਗਹਾਲ ਦੇ ਨਵੀਨੀਕਰਨ, ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। ਨੰਬਰ: NR-FZROCOML(NFR)/18/2024 ਮਿਤੀ: 17.10.2025 3229/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਵਿਸ਼ਵ ਅਨੈਸਥੀਸੀਆ ਦਿਵਸ ਮਨਾਇਆ




ਝਬਾਲ : (ਹਰਜਿੰਦਰ ਸਿੰਘ ਸੋਨੀ)-ਅੰਮ੍ਰਿਤਸਰ ਇੰਸਟੀਚਿਊਟ ਆਫ ਪੈਰਾਮੈਡੀਕਲ ਸਾਇੰਸਿਜ਼ ਅਤੇ ਅੰਮ੍ਰਿਤਸਰ ਕਾਲਜ ਆਫ ਨਰਸਿੰਗ,ਤਰਨਤਾਰਨ,ਪੰਜਾਬ ਵੱਲੋਂ ਵਿਸ਼ਵ ਐਨੇਸਥੀਸੀਆ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਮਾਰੋਹ ਦੌਰਾਨ ਐਨੇਸਥੀਸੀਆ ਵਿਭਾਗ ਦੀ ਉਸ ਮਹੱਤਵਪੂਰਨ ਭੂਮਿਕਾ ਉੱਤੇ ਚਰਚਾ ਕੀਤੀ ਗਈ ਜੋ ਹਰ ਸਰਜਰੀ ਨੂੰ ਸੁਰੱਖਿਅਤ ਤੇ ਸਫਲ ਬਣਾਉਂਦੀ ਹੈ। ਮੈਨੇਜਿੰਗ ਡਾਇਰੈਕਟਰ ਡਾ ਨਿਪੁਣ ਪਾਸੀ ਨੇ ਕਿਹਾ ਕਿ ਐਨੇਸਥੀਸੀਆ ਵਿਗਿਆਨ,ਸੁਚੇਖਪਨ ਤੇ ਮਾਨਵਤਾ ਦਾ ਸੁੰਦਰ ਮਿਲਾਪ ਹੈ। ਇਸ ਮੌਕੇ ਦਿਲੀਪ ਕੁਮਾਰ ਪ੍ਰਿੰਸੀਪਲ ਗੈਸਟ ਆਫ ਆਨਰ ਵਜੋਂ ਹਾਜ਼ਰ ਰਹੇ। ਸੰਸਥਾ ਦੇ ਪ੍ਰਿੰਸੀਪਲ ਡਾ ਸੰਦੀਪ ਸਿੰਘ ਨੇ ਕਿਹਾ ਕਿ ਐਨੇਸਥੀਸੀਆ ਸਿਰਫ਼ ਨੀਂਦ ਦਾ ਵਿਗਿਆਨ ਨਹੀਂ,ਸਗੋਂ ਜ਼ਿੰਦਗੀ ਦੀ ਰੱਖਿਆ ਕਰਨ ਵਾਲੀ ਇਕ ਸੁਚੇਤ ਤੇ ਸੰਵੇਦਨਸ਼ੀਲ ਕਲਾ ਹੈ।

## ਪੰਜਾਬ ਸਰਕਾਰ ਵੱਲੋਂ ਸੜਕਾਂ ਬਣਾਉਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੀਆਂ 19000 ਕਿਲੋਮੀਟਰ ਸੜਕਾਂ ਬਣਾਈਆਂ ਜਾ ਰਹੀਆਂ ਹਨ, ਜਿਸ ਤਹਿਤ ਹਲਕਾ ਨਕੋਦਰ ਦੀਆਂ 6 ਕਰੋੜ ਦੀ ਲਾਗਤ ਨਾਲ 39 ਸੰਪਰਕ ਸੜਕਾਂ ਬਣਾਉਣ ਦਾ ਜੰਗੀ ਪੱਧਰ 'ਤੇ ਕੰਮ ਚੱਲ ਰਿਹਾ ਹੈ। ਪਿੰਡਾਂ ਨੂੰ ਆਪਸ ਜੋੜਨ ਵਾਲੀਆਂ ਕਈ ਸੜਕਾਂ ਦੀ ਵਾਰੀ 10-12 ਸਾਲ ਬਾਅਦ ਇਸ ਕਰਕੇ ਆਈ ਹੈ ਕਿਉਕਿ ਇਸ ਨੂੰ ਅਣਗੌਲਿਆ ਕੀਤਾ ਗਿਆ ਸੀ। ਇਹ ਵਿਚਾਰ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਨਵੀਆਂ ਬਣ ਰਹੀਆਂ ਸੜਕਾਂ ਦਾ ਉਦਘਾਟਨ ਕਰਨ ਸਮੇਂ ਪ੍ਰਗਟ ਕੀਤੇ। ਇਹਨਾਂ ਸੜਕਾਂ ਵਿੱਚ ਰਾਮੇਵਾਲ ਤੋਂ ਗੋਰਸੀਆਂ ਨਿਹਾਲ ਤੱਕ ਸੜਕ ਦੀ ਕੁੱਲ ਲੰਬਾਈ 2.7 ਕਿਲੋਮੀਟਰ ਜਿਸ ਦੀ ਲਾਗਤ 32.75 ਲੱਖ, 5 ਸਾਲ ਦੀ ਦੇਖਭਾਲ ਦੀ ਲਾਗਤ 11.33 ਲੱਖ, ਸੈਦੋਵਾਲ ਤੋਂ ਨੂਰਮਹਿਲ ਤਲਵਣ ਤੱਕ ਵਾਇਆ ਸਾਗਰਪੁਰ, ਗੁੰਮਟਾਲਾ ਅਤੇ ਕੰਦੋਲਾ ਕਲਾਂ ਦੀ ਕੁੱਲ ਲੰਬਾਈ 7.54 ਕਿਲੋਮੀਟਰ ਜਿਸ 'ਤੇ ਕੁੱਲ ਲਾਗਤ 108.80 ਲੱਖ ਜਦੋਂਕਿ 5 ਸਾਲ ਦੀ ਦੇਖਭਾਲ ਦੀ ਲਾਗਤ 31.36 ਲੱਖ, ਇਸੇ ਤਰ੍ਹਾਂ ਕੰਦੋਲਾ ਖੁਰਦ ਤੋਂ ਪਾਸਲਾ ਤੱਕ ਸੜਕ ਦੀ ਕੁੱਲ ਲੰਬਾਈ 1.74 ਕਿਲੋਮੀਟਰ ਜਿਸ ਦੀ ਲਾਗਤ 15.72 ਲੱਖ ਜਦੋਂਕਿ 5 ਸਾਲ ਦੀ ਦੇਖਭਾਲ ਦੀ ਲਾਗਤ 7.31 ਲੱਖ ਰੁਪਏ। ਪਿੰਡ ਡੱਲਾ ਤੋਂ ਕੰਦੋਲਾ ਕਲਾਂ ਤੱਕ ਸੜਕ ਵਾਇਆ ਚੀਮਾ ਦਾ ਖੋ ਦੀ ਕੁੱਲ ਲੰਬਾਈ 1.20 ਕਿਲੋਮੀਟਰ ਜਿਸ ਦੀ ਲਾਗਤ 10.40 ਲੱਖ ਅਤੇ 5 ਸਾਲ ਦੀ ਦੇਖਭਾਲ ਦੀ ਲਾਗਤ 5.00 ਲੱਖ ਰੁਪਏ। ਫਰਵਾਲਾ ਤੋਂ ਸੈਦੋਵਾਲ ਤੱਕ ਸੜਕ ਦੀ ਕੁੱਲ ਲੰਬਾਈ 1.74 ਕਿਲੋਮੀਟਰ ਦੀ ਲਾਗਤ 17.34 ਲੱਖ ਅਤੇ 5 ਸਾਲ ਦੀ ਦੇਖਭਾਲ ਦੀ ਲਾਗਤ 7.29 ਲੱਖ। ਮਿਠੜਾ ਤੋਂ ਗੁਰਦੁਆਰਾ ਬਾਬਾ ਸ਼ਹੀਦਾਂ ਵਾਲੀ ਦੀ ਕੁੱਲ ਲੰਬਾਈ 1.55 ਕਿਲੋਮੀਟਰ ਦੀ ਲਾਗਤ 22.55 ਲੱਖ ਜਿਸ ਦੀ 5 ਸਾਲ ਦੀ ਦੇਖਭਾਲ ਦੀ ਲਾਗਤ 6.54 ਲੱਖ। ਭਰਵਾਜੀਆਂ ਤੋਂ ਮਿੱਠੜਾ, ਬੁੰਡਾਲਾ ਤੱਕ ਸੜਕ ਦੀ ਕੁੱਲ ਲੰਬਾਈ 1.75 ਕਿਲੋਮੀਟਰ ਦੀ ਲਾਗਤ 28.15 ਲੱਖ ਹੈ, 5 ਸਾਲ ਦੀ ਦੇਖਭਾਲ ਦੀ ਲਾਗਤ 7.33 ਲੱਖ। ਗੁਰਦੁਆਰਾ ਪੰਜਵੀਂ ਪਾਤਸ਼ਾਹੀ ਤੋਂ ਭਾਰਦਵਾਜੀਆਂ ਤੱਕ ਸੜਕ ਦੀ ਕੁੱਲ ਲੰਬਾਈ 1.89 ਕਿਲੋਮੀਟਰ ਜਿਸ ਦੀ ਲਾਗਤ 22.68 ਲੱਖ ਹੈ 5 ਸਾਲ ਦੀ ਦੇਖਭਾਲ ਦੀ ਲਾਗਤ 7.94 ਲੱਖ। ਚੀਮਾ ਖੁਰਦ ਤੋਂ ਸਿੰਧਮ ਮੁਸਤਦੀ ਦੀ ਕੁੱਲ ਲੰਬਾਈ 1.08 ਕਿਲੋਮੀਟਰ ਜਿਸ ਦੀ ਲਾਗਤ 9.50 ਲੱਖ ਅਤੇ 5 ਸਾਲਾਂ ਦੀ ਦੇਖਭਾਲ ਦੀ ਲਾਗਤ 4.59 ਲੱਖ। ਫਿਲੌਰ ਨੂਰਮਹਿਲ ਸੜਕ ਤੋਂ ਬੰਡਾਲਾ ਸੜਕ ਵਾਇਆ ਚੀਮਾ ਖੁਰਦ ਸੜਕ ਦੀ ਕੁੱਲ ਲੰਬਾਈ 2.38 ਕਿਲੋਮੀਟਰ ਦੀ ਲਾਗਤ 29.78 ਲੱਖ ਹੈ, ਦੀ 5 ਸਾਲਾਂ ਦੀ ਦੇਖਭਾਲ ਦੀ ਲਾਗਤ 7.33 ਲੱਖ ਹੈ।ਇਸ ਮੌਕੇ ਮਾਰਕੀਟ ਕਮੇਟੀ ਨੂਰਮਹਿਲ ਦੇ ਚੇਅਰਮੈਨ ਲਖਵੀਰ ਸਿੰਘ ਸ਼ੀਰ, ਬਲਾਕ ਪ੍ਰਧਾਨ ਮਨਜੀਤ ਕੰਦੋਲਾ, ਬਲਾਕ ਪ੍ਰਧਾਨ ਹਨੀ ਆਦੇਕਾਲੀ, ਚੇਅਰਮੈਨ ਮਾਰਕੀਟ ਕਮੇਟੀ ਬਿਲਗਾ ਗੁਰਮੀਤ ਕੌਰ ਸੰਘੇੜਾ, ਹਲਕਾ ਕੋਆਰਡੀਨੇਟਰ ਐਸ ਸੀ ਵਿੰਗ ਰਾਜੂ ਉੱਪਲ, ਹਲਕਾ ਕੋਆਰਡੀਨੇਟਰ ਯੂਥ ਵਿੰਗ ਰਜਨੀਸ਼ ਬੱਬਰ, ਹਲਕਾ ਕੋਆਰਡੀਨੇਟਰ ਮੀਡੀਆ ਵਿੰਗ ਗੁਰਪ੍ਰੀਤ ਸਿੰਘ ਰੰਧਾਵਾ, ਐਮਸੀ ਨੂਰਮਹਿਲ ਰਾਜੀਵ ਮਿਸਰ ਅਤੇ ਕਈ ਪਿੰਡਾਂ ਦੇ ਪੰਚ ਸਰਪੰਚ, ਪਾਰਟੀ ਵਰਕਰ ਹਾਜ਼ਰ ਸਨ ।

# ਪਨਬਸ, ਪੀ ਆਰ ਟੀ ਸੀ ਦੇ ਕੱਚੇ ਕਰਮਚਾਰੀਆਂ ਦੀਆਂ ਜੇਬਾਂ ਤੇ ਹੱਥ ਬਿਨਾਂ ਤਨਖਾਹਾਂ ਤੋਂ ਖਾਲੀ : ਗਿੱਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਪ੍ਰੈਸ ਨੋਟ ਜਾਰੀ ਕਰਦਿਆਂ ਸੰਸਥਾਪਕ ਕਮਲ ਕੁਮਾਰ, ਚੇਅਰਮੈਨ ਬਲਵਿੰਦਰ ਸਿੰਘ ਰਾਠ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ, ਸੀ.ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ, ਸੈਕਟਰੀ ਸ਼ਮਸ਼ੇਰ ਸਿੰਘ ਢਿੱਲੋਂ, ਕੈਸ਼ੀਅਰ ਰਮਨਦੀਪ ਸਿੰਘ, ਬਲਜੀਤ ਸਿੰਘ, ਜੁਆਇੰਟ ਸਕੱਤਰ ਜਗਤਾਰ ਸਿੰਘ, ਜੋਧ ਸਿੰਘ ਨੇ ਕਿਹਾ ਕਿ ਪਨਬਸ ਤੇ ਪੀ ਆਰ ਟੀ ਸੀ ਵਿੱਚ ਪੰਜਾਬ ਸਰਕਾਰ ਦੇ ਵੱਲੋਂ ਰਾਹਤ ਸਕੀਮਾ ਦੇ ਤਹਿਤ 17 ਕੈਟਾਗਰੀ ਨੂੰ ਪਹਿਲਾਂ ਤੋਂ ਹੀ ਫਰੀ ਸਫ਼ਰ ਸਹੂਲਤ ਦੇ ਰਹੀ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਦੇ ਫੈਸਲੇ ਮੁਤਾਬਿਕ ਲਗਭਗ 5 ਸਾਲਾਂ ਤੋਂ ਔਰਤਾਂ ਨੂੰ ਫਰੀ ਸਫ਼ਰ ਸਹੂਲਤ ਦੀ ਸੇਵਾ ਪ੍ਰਦਾਨ ਕਰ ਰਹੇ ਹਾਂ। ਪਨਬਸ/ਪੀ.ਆਰ.ਟੀ.ਸੀ ਦਾ ਲਗਭਗ 12 ਸੋ ਕਰੋੜ ਰੁਪਏ ਅਤੇ ਪੀ.ਆਰ.ਟੀ.ਸੀ ਦਾ 7 ਸੋ ਕਰੋੜ ਰੁਪਏ ਸਰਕਾਰ ਵੱਲ ਫਰੀ ਸਫ਼ਰ ਸਹੂਲਤ ਦਾ ਪੈਸਾ ਪੈਂਡਿੰਗ ਖੜੇ ਹਨ। ਇਹ ਪੈਸੇ ਨਾ ਆਉਣ ਕਾਰਨ ਹਰ ਮਹੀਨੇ ਮੁਲਾਜ਼ਮਾਂ ਨੂੰ ਤਨਖਾਹਾਂ ਲਈ ਸੰਘਰਸ਼ ਕਰਨਾ ਕਰਨਾ ਪੈਂਦਾ ਹੈ ਪੈਸੇ ਨਾ ਆਉਣ ਕਾਰਨ ਬੱਸਾਂ ਦੇ ਸਪੇਅਰ ਪਾਰਟ ਅਤੇ ਹੋਰ ਵੱਖ ਵੱਖ ਦਿੱਕਤਾਂ ਦਾ ਸਾਹਮਣਾ ਵਿਭਾਗਾਂ ਨੂੰ ਕਰਨਾ ਪੈਂਦਾ ਹੈ। ਹਰ ਸਮੇਂ ਦਿਨ ਤਿਉਹਾਰ ਦੇ ਮੌਕੇ ਤੇ ਤਨਖਾਹਾਂ ਤੋਂ ਬਿਨਾਂ ਮੁਲਾਜ਼ਮਾਂ ਨੂੰ ਕੰਮ ਕਰਨਾ ਪੈਂਦਾ ਹੈ ਹੁਣ ਵੀ ਦਿਵਾਲੀ ਦੇ ਮੌਕੇ ਤੇ ਪੀ.ਆਰ.ਟੀ.ਸੀ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਨਹੀਂ ਆਈਆਂ। ਜੇਕਰ 17 ਅਕਤੂਬਰ ਨੂੰ ਕਰਮਚਾਰੀਆਂ ਦੇ ਖਾਤੇ ਦੇ ਵਿੱਚ ਤਨਖਾਹ ਨਹੀਂ ਆਈ ਤਾਂ 18 ਅਕਤੂਬਰ ਨੂੰ ਪਹਿਲੇ ਟਾਇਮ ਤੋਂ ਪੀ.ਆਰ.ਟੀ.ਸੀ ਦੇ ਸਮੂਹ ਡਿੱਪੂ ਬੰਦ ਕੀਤੇ ਜਾਣਗੇ ਤੇ ਚੇਅਰਮੈਨ ਪੀ.ਆਰ.ਟੀ.ਸੀ ਦੇ ਘਰ ਦੇ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ ਇਸ ਤੋਂ ਬਾਅਦ ਪਨਬੱਸ ਦੇ ਸਾਰੇ ਡਿਪੂ ਬੰਦ ਕਰਕੇ ਅਗਲੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ ਜਿਸ ਦੀ ਜ਼ਿਮੇਵਾਰੀ ਸਰਕਾਰ ਤੇ ਮਨੇਜਮੈਂਟ ਦੀ ਹੋਵੇਗੀ।

# ਵਿਧਾਇਕ ਵੱਲੋਂ ਵਿਕਾਸ ਕਾਰਜਾਂ ਲਈ 6 ਲੱਖ ਦਾ ਚੈੱਕ ਭੇਟ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪਿੰਡ ਰੜਾ ਦੇ ਵਿਕਾਸ ਕਾਰਜਾਂ ਲਈ ਸਰਪੰਚ ਸਤਿੰਦਰ ਕੌਰ ਸੰਧੂ ਨੂੰ 6 ਲੱਖ ਰੁਪਏ ਦਾ ਚੈੱਕ ਭੇਟ ਕਰਨ ਸਮੇਂ ਕੀਤਾ।ਇਸ ਮੌਕੇ ਉਹਨਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਸੂਬੇ ਦੇ ਹਰੇਕ ਖੇਤਰ ਅੰਦਰ ਇਤਿਹਾਸਿਕ ਵਿਕਾਸ ਕਾਰਜ ਹੋ ਰਹੇ ਹਨ ਤੇ ਇਹਨਾਂ ਵਿਕਾਸ ਕਾਰਜਾਂ ਦੇ ਕਾਰਨ ਹੀ ਪੰਜਾਬ ਦੀ ਨੁਹਾਰ ਬਦਲੀ ਜਾ ਰਹੀ ਹੈ। ਵਿਧਾਇਕ ਰਾਜਾ ਗਿੱਲ ਨੇ ਹੋਰ ਕਿਹਾ ਕਿ ਪੰਜਾਬ ਸਰਕਾਰ ਨੇ ਜੋ ਵੀ ਵਾਅਦਾ ਲੋਕਾਂ ਨਾਲ ਕੀਤਾ ਉਸ ਨੂੰ ਪੂਰਾ ਕਰਦੇ ਹੋਏ ਵਿਕਾਸ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਪਾਇਆ ਹੈ ਤਾਂ ਜ਼ੋ ਲੋਕਾਂ ਵੱਲੋਂ ਸੌਂਪੀ ਗਈ ਸੇਵਾ ਨੂੰ ਪੂਰੀ ਜ਼ਿਮੇਵਾਰੀ ਨਾਲ ਕੀਤਾ ਜਾ ਸਕੇ। ਵਿਧਾਇਕ ਜਸਵੀਰ ਰਾਜਾਂ ਨੇ ਇਸ ਮੌਕੇ ਹੋਰ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੇਟ ਖੇਤਰ ਕੰਡੀ ਖੇਤਰ ਅਤੇ ਹਲਕਾ ਟਾਂਡਾ ਦੇ ਉਹਨਾਂ ਪਿੰਡਾਂ ਨੂੰ ਗਰਾਂਟਾਂ ਦੇ ਚੈੱਕ ਦਿੱਤੇ ਜਾਣਗੇ ਤਾਂ ਜੋ ਪਿੰਡਾਂ ਵਿੱਚ ਧੂਰੇ ਪਏ ਵਿਕਾਸ ਕਾਰਜ ਪੂਰੇ ਕੀਤੇ ਜਾ ਸਕਣ।

# 350 ਸਾਲਾ ਸ਼ਹੀਦੀ ਸਮਾਗਮਾਂ 'ਚ ਸ਼ਾਮਲ ਹੋਣ ਲਈ ਕਰਨਾਟਕ ਦੇ ਮੁੱਖ ਮੰਤਰੀ ਨੂੰ ਸੱਦਾ



**ਚੰਡੀਗੜ੍ਹ/ਬੈਂਗਲੁਰੂ (ਗੁਰਜੀਤ ਬਿੱਲਾ)**- ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਅਤੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ 16 ਅਕਤੂਬਰ ਨੂੰ ਕਰਨਾਟਕ ਦੇ ਮੁੱਖ ਮੰਤਰੀ ਸ੍ਰੀ ਸਿੱਧਾਰਮਈਆ ਨਾਲ ਬੈਂਗਲੁਰੂ ਵਿਖੇ ਮੁਲਾਕਾਤ ਕਰਕੇ ਅਗਲੇ ਮਹੀਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਰਸਮੀ ਸੱਦਾ ਦਿੱਤਾ।ਮੁੱਖ ਮੰਤਰੀ ਰਿਹਾਇਸ਼ ਵਿਖੇ ਮੁਲਾਕਾਤ ਦੌਰਾਨ ਦੋਵਾਂ ਮੰਤਰੀਆਂ ਨੇ ਮੁੱਖ ਮੰਤਰੀ ਸ੍ਰੀ ਸਿੱਧਾਰਮਈਆ ਨਾਲ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਦੀ ਲੜੀ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਰਨਾਟਕ ਦੇ ਮੁੱਖ ਮੰਤਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਾਵਨ ਸਮਾਪਤੀ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਰਸਮੀ ਸੱਦਾ ਦਿੰਦਿਆਂ ਇਸ ਇਤਿਹਾਸਕ ਦਿਹਾੜੇ ਮੌਕੇ ਕਰਵਾਏ ਜਾ ਰਹੇ ਦੇਸ਼-ਵਿਆਪੀ ਸਮਾਗਮਾਂ ਬਾਰੇ ਵੀ ਵੇਰਵੇ ਸਾਂਝੇ ਕੀਤੇ। ਸਮਾਗਮਾਂ ਦੇ ਪ੍ਰਬੰਧਾਂ ਬਾਰੇ ਦੱਸਦਿਆਂ ਕੈਬਨਿਟ ਮੰਤਰੀਆਂ ਨੇ ਦੱਸਿਆ ਕਿ ਯਾਦਗਾਰੀ ਸਮਾਗਮ 25 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਅਰਦਾਸ ਨਾਲ ਸ਼ੁਰੂ ਹੋਣਗੇ ਅਤੇ ਉਸੇ ਸ਼ਾਮ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ 1 ਤੋਂ 18 ਨਵੰਬਰ ਤੱਕ ਸਾਰੇ 23 ਜ਼ਿਲ੍ਹਿਆਂ ਵਿੱਚ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦੇ ਲਾਈਟ ਐਂਡ ਸਾਊਂਡ ਸ਼ੋਅ ਕਰਵਾਏਗੀ, ਜਦੋਂ ਕਿ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ 130 ਅਸਥਾਨਾਂ ਵਿਖੇ ਕੀਰਤਨ ਦਰਬਾਰ ਅਤੇ ਧਾਰਮਿਕ ਸਮਾਗਮ ਕਰਵਾਏ ਜਾਣਗੇ। ਕੈਬਨਿਟ ਮੰਤਰੀਆਂ ਨੇ ਦੱਸਿਆ ਕਿ ਚਾਰ ਨਗਰ ਕੀਰਤਨ ਵੱਖ-ਵੱਖ ਥਾਵਾਂ ਜਿਵੇਂ ਸ੍ਰੀਨਗਰ (ਜੰਮੂ ਤੇ ਕਸ਼ਮੀਰ) ਅਤੇ ਪੰਜਾਬ ਦੇ ਗੁਰਦਾਸਪੁਰ, ਫ਼ਰੀਦਕੋਟ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ਼ੁਰੂ ਹੋਣਗੇ ਅਤੇ ਸਾਰੇ ਨਗਰ ਕੀਰਤਨ 22 ਨਵੰਬਰ ਸ਼ਾਮ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕੱਤਰ ਹੋਣਗੇ। ਮੁੱਖ ਸ਼ਹੀਦੀ ਸਮਾਗਮ 23 ਤੋਂ 25 ਨਵੰਬਰ ਤੱਕ ਹੋਣਗੇ। ਉਨ੍ਹਾਂ ਦੱਸਿਆ ਕਿ ਰੋਜ਼ਾਨਾ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਇੱਕ ਟੈਂਟ ਸਿਟੀ (ਚੱਕ ਨਾਨਕੀ) ਦਾ ਨਿਰਮਾਣ ਕੀਤਾ ਜਾਵੇਗਾ, ਜਿੱਥੇ ਪ੍ਰਤੀ ਦਿਨ 11,000 ਤੋਂ ਵੱਧ ਲੋਕਾਂ ਦੇ ਰਹਿਣ ਦੀ ਸਹੂਲਤ ਹੋਵੇਗੀ। ਸਮਾਗਮਾਂ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ, ਸਰਬ ਧਰਮ ਸੰਮੇਲਨ, ਭਾਈ ਜੈਤਾ ਜੀ ਯਾਦਗਾਰ ਵਿੱਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਆਧਾਰਤ ਡਰੋਨ ਸ਼ੋਅ ਅਤੇ ਪ੍ਰਸਿੱਧ ਰਾਗੀਆਂ ਦੇ ਕੀਰਤਨ ਦਰਬਾਰ ਸ਼ਾਮਲ ਹਨ।

# ਕੈਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖ਼ਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਪੀ.ਐਮ. ਸ੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸਬੰਧੀ ਕੈਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਪਲੇਸਮੈਂਟ ਅਫਸਰ ਰਾਕੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਸਟ੍ਰੀਮਾਂ ਦੀ ਪੜ੍ਹਾਈ, ਆਈ ਟੀ ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਅਤੇ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ। ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਸਰਕਾਰੀ/ਪ੍ਰਾਈਵੇਟ ਨੌਕਰੀਆਂ ਅਤੇ ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਵਰਿੰਦਰ ਕੁਮਾਰ ਵਲੋਂ ਵਿਦਿਆਰਥੀਆਂ ਨੂੰ ਆਪਣੇ ਵਧੀਆ ਭਵਿੱਖ ਦੇ ਟੀਚੇ ਨੂੰ ਹਾਸਲ ਕਰਨ ਲਈ ਹੁਣ ਤੋਂ ਹੀ ਪਲੈਨਿੰਗ ਕਰਕੇ ਤਿਆਰੀ ਕਰਨ ਲਈ ਦੱਸਿਆ। ਇਸ ਉਪਰੰਤ ਵਰੁਣ ਨਈਅਰ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਪ੍ਰਾਪਤ ਕਰਨ ਦੇ ਹੁਨਰ ਨੂੰ ਵਿਕਸਤ ਕਰਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ, ਜਿਸ ਨਾਲ ਉਹ ਆਪਣੇ ਜੀਵਨ ਦੀਆਂ ਔਕੜਾਂ ਨੂੰ ਦੂਰ ਕਰਦੇ ਹੋਏ ਕਾਮਯਾਬ ਬਣ ਸਕਦੇ ਹਨ ਅਤੇ ਰੋਜ਼ਗਾਰ ਪ੍ਰਾਪਤ ਕਰ ਸਕਦੇ ਹਨ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਉਪਰੋਕਤ ਸਕੂਲ ਦੇ ਸਮੂਹ ਸਟਾਫ ਅਤੇ ਕਰੀਬ 250 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਭਾਗ ਲਿਆ। ਇਸ ਮੌਕੇ ਪੀ.ਐਮ. ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਦੇ ਸਮੂਹ ਸਟਾਫ਼ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ ਗਿਆ।

# ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਵਿਦਿਆਰਥੀਆਂ ਨੇ ਲਿਆ ਭਾਗ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਜ਼ਿਲ੍ਹਾ ਪੱਧਰੀ ਨਸ਼ਾ ਮੁਕਤ ਭਾਰਤ ਅਭਿਆਨ 2025 ਤਹਿਤ 16 ਅਕਤੂਬਰ ਨੂੰ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ ਮੋਹਾਲੀ ਦੇ ਲਾਰੈਂਸ ਪਬਲਿਕ ਸਕੂਲ ਸੈਕਟਰ-51 ਵਿਖੇ ਕਰਵਾਏ ਲੇਖ ਮੁਕਾਬਲੇ, ਕਵਿਤਾ ਉਚਾਰਨ ਮੁਕਾਬਲੇ, ਗਿੱਧਾ ਮੁਕਾਬਲੇ, ਪੇਂਟਿੰਗ ਮੁਕਾਬਲੇ, ਸਲੋਗਨ ਲੇਖਨ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ। ਜਾਣਕਾਰੀ ਦਿੰਦਿਆ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਡਾ.ਗਿੰਨੀ ਦੁੱਗਲ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅੰਗਰੇਜ਼ ਸਿੰਘ ਵੱਲੋਂ ਸਾਂਝੇ ਤੌਰ ਤੇ ਦੱਸਿਆ ਗਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲਿਆ ਗਿਆ ਹੈ, ਜਿਸ ਵਿੱਚ ਸਕੂਲ ਆਫ ਐਮੀਨੈਂਸ ਮੁੱਲਾਂਪੁਰ, ਮਾਤਾ ਸਾਹਿਬ ਕੌਰ ਪਬਲਿਕ ਸੂਕਲ ਸਵਾੜਾ, ਸਰਕਾਰੀ ਸੀਨੀਅਰ ਸੰਕੈਡਰੀ ਸਕੂਲ ਜੜੋਤ, ਸਰਕਾਰੀ ਕੰਨਿਆ ਸਮਾਰਟ ਸਕੂਲ, ਸੋਹਾਣਾ, ਸਕੂਲ ਆਫ ਐਮੀਨੈਂਸ 3ਬੀ-1, ਸਰਕਾਰੀ ਸੀਨੀਅਰ ਸੰਕੈਡਰੀ ਸਕੂਲ ਗੀਗੇਮਾਜਰਾ ਸਮੇਤ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ 380 ਵਿਦਿਆਰਥੀਆਂ ਵੱਲੋਂ ਹਿੱਸਾ ਲਿਆ ਗਿਆ, ਜਿਸ ਵਿੱਚ ਨਸ਼ਾ ਮੁਕਤ ਅਭਿਆਨ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਸਬੰਧੀ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ। ਡਾ. ਗਿੰਨੀ ਦੁੱਗਲ ਵੱਲੋਂ ਦੱਸਿਆ ਗਿਆ ਕਿ ਪਹਿਲਾ ਇਹ ਪ੍ਰੋਗਰਾਮ ਬਲਾਕ ਪੱਧਰ ਤੇ ਕਰਵਾਇਆ ਗਿਆ, ਜਿਹੜੇ ਬੱਚੇ ਪਹਿਲੇ ਤਿੰਨ ਸਥਾਨ ਹਾਸਲ ਕਰਕੇ ਅੱਗੇ ਆਏ, ਉਨ੍ਹਾਂ ਬੱਚਿਆਂ ਨੂੰ ਜ਼ਿਲ੍ਹਾ ਪੱਧਰ ਦੇ ਮੁਕਾਬਲਿਆ ਲਈ ਚੁਣਿਆ ਗਿਆ। ਇਸੇ ਲੜੀ ਤਹਿਤ ਲੇਖ ਮੁਕਾਬਲੇ ਵਿੱਚ ਮਾਤਾ ਸਾਹਿਬ ਕੌਰ, ਪਬਲਿਕ ਸਕੂਲ ਸਵਾੜਾ ਦੀ ਵਿਦਿਆਰਥਣ ਸੁਕਰਮਨ ਕੌਰ ਵੱਲੋਂ ਪਹਿਲਾ ਸਥਾਨ, ਸ.ਸ.ਸ.ਸ, ਮੁੱਧੋ ਸੰਗਤੀਆਂ ਦਾ ਵਿਦਿਆਰਥੀ ਹਰਕਰਨ ਸਿੰਘ ਵੱਲੋਂ ਦੂਜਾ ਸਥਾਨ, ਸ.ਸ.ਸ.ਸ, ਕੁਰੜੀ, ਦੀ ਵਿਦਿਆਰਥਣ, ਹਰਮਨਜੋਤ ਕੌਰ ਵੱਲੋਂ ਤੀਜਾ ਸਥਾਨ ਹਾਸਲ ਕੀਤਾ ਗਿਆ। ਪੇਟਿੰਗ ਮੁਕਾਬਲੇ ਵਿੱਚ ਵਿੱਚ ਕੁੱਲ 21 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚੋਂ ਮਾਤਾ ਸਾਹਿਬ ਕੌਰ, ਪਬਲਿਕ ਸਕੂਲ ਸਵਾੜਾ ਦੀ ਵਿਦਿਆਰਥਣ ਜਸਕਿਰਨਦੀਪ ਕੌਰ ਵੱਲੋਂ ਪਹਿਲਾ ਸਥਾਨ, ਸਕੂਲ ਆਫ ਐਮੀਨੈਂਸ 3ਬੀ-1 ਦੇ ਵਿਦਿਆਰਥੀ ਲਵ ਵੱਲੋਂ ਦੂਜਾ ਸਥਾਨ, ਸ.ਹ.ਸ.ਰਡਿਆਲਾ ਦੇ ਵਿਦਿਆਰਥੀ ਕੁਸ਼ ਵੱਲੋਂ ਤੀਜਾ ਸਥਾਨ ਹਾਸਲ ਕੀਤਾ।

# ਵਿਦਿਆਰਥੀਆਂ ਵੱਲੋਂ ਨਸ਼ਿਆਂ ਦੇ ਵਿਰੋਧ 'ਚ ਨਾਟਕ ਪੇਸ਼



**ਕਰਤਾਰਪੁਰ (ਹਰਮੇਸ਼ ਦੱਤ)**

ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਬਡੀ ਗਰੁੱਪ ਦੇ ਮੈਂਬਰਾਂ ਦੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ 'ਆਖ਼ਿਰ ਕਦੋਂ ਤੱਕ' ਨਾਟਕ ਪੇਸ਼ ਕੀਤਾ ਗਿਆ, ਜਿਸ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਨਾ ਤੇ ਨਸ਼ਿਆਂ ਨੂੰ ਠੱਲ ਪਾਉਣਾ ਹੈ। ਇਹ ਤਦ ਹੀ ਸੰਭਵ ਹੈ ਜੇਕਰ ਸਾਡੀ ਆਉਣ ਵਾਲੀ ਪੀੜ੍ਹੀ ਜਾਗਰੂਕ ਹੋਵੇਗੀ। ਵਿਦਿਆਰਥੀਆਂ ਨੇ ਨਾਟਕ ਰਾਹੀਂ ਨਸ਼ਿਆਂ ਦੇ ਕਾਰਨ ਪਰਵਾਰਾਂ ਦੀ ਹੁੰਦੀ ਬਰਬਾਦੀ ਨੂੰ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤਾ।ਬਡੀ ਗਰੁੱਪ ਦੇ ਮੈਂਬਰ ਅਰਚਨਾ, ਬੰਧਨਾਂ ਦੁਆਰਾ ਵਿਦਿਆਰਥੀਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ ਅਤੇ ਸਿਹਤਯਾਬ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕੀਤਾ।ਪਰਮਜੀਤ ਕੌਰ ਢਾਅ ਨੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਨਸ਼ਿਆਂ ਨੂੰ ਠੱਲ ਪਾਉਣ ਲਈ ਨਾਟਕ ਰਾਹੀਂ ਸਮਾਜ ਨੂੰ ਚੰਗਾ ਸੰਦੇਸ਼ ਦਿੱਤਾ ਹੈ।ਇਸ ਤੋਂ ਇਲਾਵਾ ਉਨ੍ਹਾਂ ਨੇ ਨਸ਼ੇ ਰਹਿਤ ਜੀਵਨ ਦੇ ਮੂਲ ਪਹਿਚਾਣ ਖ਼ੁਸ਼ਹਾਲ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਸਕੂਲ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

# ਦੀਵਾਲੀ ਤੋਂ ਪਹਿਲਾਂ ਡੇਰਾਬੱਸੀ ਹਲਕਾ ਵਾਸੀਆਂ ਨੂੰ ਮਿਲੀਆਂ 2 ਨਵੀਆਂ ਅੱਗ ਬੁਝਾਊ ਗੱਡੀਆਂ : ਰੰਧਾਵਾ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਹਲਕੇ ਦੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਦੀਵਾਲੀ ਤੋਂ ਪਹਿਲਾਂ ਹਲਕਾ ਵਾਸੀਆਂ ਨੂੰ ਦੋ ਨਵੀਆਂ ਅੱਗ ਬੁਝਾਊ ਗੱਡੀਆਂ ਸਮਰਪਿਤ ਕੀਤੀਆਂ, ਜੋ ਲੋਕਾਂ ਦੀ ਸੇਵਾ ਲਈ ਹਰ ਵੇਲੇ ਤਿਆਰ ਰਹਿਣਗੀਆਂ। ਉਨ੍ਹਾਂ ਕਿਹਾ ਕਿ ਇਹ ਸੌਗਾਤ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਹੈ, ਜੋ ਹਲਕੇ ਦੀ ਕੁਦਰਤੀ ਆਫਤਾਂ ਤੋਂ ਸੁਰੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰੇਗੀ।ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਕੌਂਸਲ ਪ੍ਰਧਾਨ, ਪਾਰਟੀ ਬਲਾਕ ਪ੍ਰਧਾਨ, ਐਮ.ਸੀਜ਼ ਅਤੇ ਪਾਰਟੀ ਦੀ ਸਮੁੱਚੀ ਟੀਮ ਮੌਜੂਦ ਸੀ। ਵਿਧਾਇਕ ਨੇ ਕਿਹਾ ਕਿ ਇਹ ਨਵੀਆਂ ਫਾਇਰ ਬ੍ਰਿਗੇਡ ਗੱਡੀਆਂ ਹਲਕਾ ਵਾਸੀਆਂ ਦੀ ਸੁਰੱਖਿਆ ਵਿੱਚ ਇੱਕ ਨਵਾਂ ਅਧਿਆਇ ਜੋੜਣਗੀਆਂ। ਉਨ੍ਹਾਂ ਦੱਸਿਆ ਕਿ ਪਹਿਲਾਂ ਡੇਰਾਬੱਸੀ ਹਲਕੇ ਵਿੱਚ ਕੁੱਲ 8 ਫਾਇਰ ਬ੍ਰਿਗੇਡ ਗੱਡੀਆਂ ਸਨ-5 ਡੇਰਾਬੱਸੀ ਅਤੇ ਲਾਲੜੂ ਖੇਤਰਾਂ ਲਈ ਅਤੇ 3 ਜ਼ੀਰਕਪੁਰ ਲਈ। ਹੁਣ 2 ਨਵੀਆਂ ਗੱਡੀਆਂ ਦੇ ਆਉਣ ਨਾਲ ਇਹ ਗਿਣਤੀ 10 ਹੋ ਗਈ ਹੈ, ਜਿਨ੍ਹਾਂ ਵਿੱਚੋਂ 1 ਗੱਡੀ ਡੇਰਾਬੱਸੀ ਅਤੇ 1 ਜ਼ੀਰਕਪੁਰ ਲਈ ਸਮਰਪਿਤ ਕੀਤੀ ਗਈ ਹੈ। ਇਸ ਨਾਲ ਸ਼ਹਿਰ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਕਿਸੇ ਵੀ ਅੱਗ ਜਾਂ ਐਮਰਜੈਂਸੀ ਘਟਨਾ 'ਤੇ ਤੇਜ਼ੀ ਨਾਲ ਕਾਬੂ ਪਾਇਆ ਜਾ ਸਕੇਗਾ। ਇਸ ਮੌਕੇ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਸ਼੍ਰੀ ਰਵਨੀਤ ਸਿੰਘ, ਸਹਾਇਕ ਮੰਡਲ ਫਾਇਰ ਅਫ਼ਸਰ ਅਮਰਿੰਦਰ ਪਾਲ ਸਿੰਘ ਸੰਧੂ, ਸਬ ਫਾਇਰ ਅਫ਼ਸਰ ਜਸਵੰਤ ਸਿੰਘ, ਮਹਿੰਦਰ ਸਿੰਘ, ਬਲਜੀਤ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਤਰਨ ਤਾਰਨ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਯਕੀਨੀ : ਲਖਵਿੰਦਰ ਲੱਖੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਵਿਧਾਨ ਸਭਾ ਹਲਕਾ ਤਰਨ ਤਾਰਨ ਵਿੱਚ ਹੋ ਰਹੀ ਜ਼ਿਮਨੀ ਚੋਣ ਦੌਰਾਨ ਸ਼ੋਮਣੀ ਅਕਾਲੀ ਦਲ ਸ਼ਾਨ ਨਾਲ ਜਿੱਤ ਪ੍ਰਾਪਤ ਕਰੇਗਾ ਅਤੇ ਪਾਰਟੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਇਨਾਂ ਚੋਣਾਂ ਦੌਰਾਨ ਵੱਡੀ ਲੀਡ ਹਾਸਲ ਕਰਨਗੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਪ੍ਰਧਾਨ ਸ਼ੋਮਣੀ ਅਕਾਲੀ ਦਲ ਹੁਸ਼ਿਆਰਪੁਰ ਲਖਵਿੰਦਰ ਸਿੰਘ ਲਖੀ, ਸਾਬਕਾ ਸੰਸਦੀ ਸਕੱਤਰ ਦੇਸਰਾਜ ਸਿੰਘ ਧੁੱਗਾ, ਅਕਾਲੀ ਆਗੂ ਸਰਬਜੀਤ ਸਿੰਘ ਮੋਮੀ ਇਕਬਾਲ ਸਿੰਘ ਖੇੜਾ, ਨਿਰਮਲ ਸਿੰਘ ਪੀਲੋਵਾਲ ਨੇ ਤਰਨ ਤਾਰਨ ਵਿਖੇ ਹੋ ਰਹੀ ਉਪ ਚੋਣ ਦੌਰਾਨ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ ਵਿੱਚ ਪਿੰਡ ਪੰਡੋਰੀ ਸਿੱਧਵਾਂ ਵਿਖੇ ਚੋਣ ਪ੍ਰਚਾਰ ਕਰਨ ਦੌਰਾਨ ਉਪਰੰਤ ਕੀਤਾ। ਉਕਤ ਅਕਾਲੀ ਆਗੂਆਂ ਨੇ ਕਿਹਾ ਕਿ ਹਲਕਾ ਤਰਨ ਤਾਰਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਜਿੱਥੇ ਪੱਕੇ ਤੌਰ ਤੇ ਰਹਿ ਕੇ ਸਾਰੇ ਅਕਾਲੀ ਦਲ ਦੇ ਵਰਕਰਾਂ ਨੂੰ ਨਾਲ ਲੈ ਕੇ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ ਵਿੱਚ ਦਿਨ ਰਾਤ ਚੋਣ ਮੀਟਿੰਗਾਂ ਕਰ ਰਹੇ ਹਨ ਅਤੇ ਲਗਾਤਾਰ ਸ਼ੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਜਿਤਾਉਣ ਲਈ ਮਿਹਨਤ ਕਰ ਰਹੇ ਹਨ।

ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਜੋ ਕਿ ਇਸ ਹਲਕੇ ਦੇ ਵਧੀਆ ਅਕਸ ਵਾਲੇ ਉਮੀਦਵਾਰ ਹਨ ਅਤੇ ਹਲਕੇ ਦੇ ਲੋਕ ਬੀਬੀ ਸੁਖਵਿੰਦਰ ਕੌਰ ਰੰਧਾਵਾ ਨੂੰ ਸ਼ਾਨ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਗੇ। ਉਕਤ ਅਕਾਲੀ ਆਗੂਆਂ ਨੇ ਕਿਹਾ ਕਿ ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋ ਇਸ ਚੋਣ ਵਿੱਚ ਸਾਡੀਆਂ ਜੋ ਵੀ ਡਿਊਟੀਆਂ ਲਗਾਉਣਗੇ ਉਸ ਨੂੰ ਅਸੀਂ ਸਾਰੇ ਰਲ ਮਿਲ ਕੇ ਪੂਰੀ ਤਨਦੇਹੀ ਨਾਲ ਨਿਭਾਵਾਂਗੇ।

# ਪਰਾਲੀ ਨਾ ਸਾੜਨ ਸੰਬੰਧੀ ਕਰਵਾਏ ਪੇਂਟਿੰਗ ਮੁਕਾਬਲੇ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਭਲਾਈ ਲਈ ਬਿਹਤਰ ਉਪਰਾਲੇ ਕੀਤੇ ਜਾ ਰਹੇ ਹਨ। ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਵੱਲੋਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾ ਕੇ ਕਿਸਾਂਨਾ ਨੂੰ ਫਸਲਾਂ ਦੀਆਂ ਬਿਮਾਰੀਆਂ ਦੀ ਰੋਕਥਾਮ ਬਾਰੇ ਪ੍ਰੇਰਿਤ ਕਰਨ। ਇਸ ਤੋਂ ਇਲਾਵਾ ਕਿਸਾਨਾਂ ਨੂੰ ਸਰਕਾਰ ਵੱਲੋਂ ਖੇਤੀਬਾੜੀ ਵਿਭਾਗ ਰਾਹੀ ਮਿਲਣ ਵਾਲੀਆਂ ਸਕੀਮਾਂ ਦੇ ਲਾਭ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਕਿਸਾਨਾ ਦੀ ਆਰਥਿਕਤਾ ਨੂੰ ਹੋਰ ਮਜਬੂਤ ਕੀਤਾ ਜਾ ਸਕੇ। ਇਹ ਜਾਣਕਾਰੀ ਅਮਰਜੀਤ ਸਿੰਘ ਖੇਤੀਬਾੜੀ ਅਫਸਰ ਨੇ ਸਰਕਾਰੀ ਹਾਈ ਸਕੂਲ ਅਗੰਮਪੁਰ ਵਿੱਚ ਪੇਟਿੰਗ ਮੁਕਾਬਲੇ ਕਰਵਾਉਣ ਮੌਕੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਪਰਾਲੀ ਨਾ ਸਾੜਨ ਅਤੇ ਪਰਾਲੀ ਦੀ ਸੰਭਾਲ ਬਾਰੇ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਵਿਦਿਆਰਥੀਆਂ ਵੱਲੋਂ ਪੇਂਟਿੰਗ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਰਾਹੀਂ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਅਤੇ ਇਸ ਨਾਲ ਹੋਣ ਵਾਲੇ ਸਿਹਤ ਨੁਕਸਾਨਾਂ ਬਾਰੇ ਸੁਨੇਹਾ ਦਿੱਤਾ ਗਿਆ।

# 42ਵਾਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ

**ਜਲੰਧਰ (ਸ਼ੈਲੀ ਐਲਬਰਟ)**- ਡਿਪਟੀ ਕਮਿਸ਼ਨਰ ਹਿਮਾਂਸ਼ੂ ਅੱਗਰਵਾਲ ਜੋ ਸੁਰਜੀਤ ਹਾਕੀ ਸੁਸਾਈਟੀ ਦੇ ਪ੍ਰਧਾਨ ਵੀ ਹਨ, ਨੇ 16 ਅਕਤੂਬਰ ਨੂੰ ਸਥਾਨਕ ਪੁਲਸ, ਸਿਵਲ ਪ੍ਰਸ਼ਾਸ਼ਨ ਅਤੇ ਸੁਰਜੀਤ ਹਾਕੀ ਸੁਸਾਈਟੀ ਦੇ ਮੈਂਬਰਾਂ ਨਾਲ ਮੀਟਿੰਗ ਕਰਕੇ ਅਗਾਮੀ 23 ਅਕਤੂਬਰ ਤੋਂ 1 ਨਵੰਬਰ ਤਕ ਹੋਣ ਵਾਲੇ 42ਵੇਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਸਬੰਧਿਤ ਵਿਭਾਗਾਂ ਨੂੰ ਜਰੂਰੀ ਦਿਸ਼ਾਂ ਨਿਰਦੇਸ਼ ਜਾਰੀ ਕੀਤੇ ਗਏ ।ਇਸ ਮੌਕੇ ਉਪਰ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸੁਰਜੀਤ ਹਾਕੀ ਟੂਰਨਾਮੈਂਟ ਦੇਸ਼ ਦਾ ਇਕ ਨਾਮੀ ਟੂਰਨਾਮੈਂਟ ਅਤੇ ਜਲੰਧਰ ਦੀ ਸ਼ਾਨ ਹੈ । ਖਿਡਾਰੀਆਂ ਵਿੱਚ ਇਸ ਟੂਰਨਾਮੈਂਟ ਵਿਚ ਭਾਗ ਲੈਣਾ ਅਤੇ ਦਰਸ਼ਕਾਂ ਵਿਚ ਟੂਰਨਾਮੈਂਟ ਨੂੰ ਦੇਖਣ ਦਾ ਭਾਰੀ ਉਤਸ਼ਾਹ ਹੁੰਦਾ ਹੈ । ਉਹਨਾਂ ਕਿਹਾ ਕਿ ਪੰਜਾਬੀ ਸਭਿਆਚਾਰ ਨੂੰ ਮੁੱਖ ਰੱਖਦੇ ਹਰ ਰੋਹ ਮੈਚਾਂ ਦੌਰਾਨ ਵੱਖ ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਗਿੱਧਾ ਤੇ ਭੰਗੜਾ ਕੰਪੀਟੀਸ਼ਨ ਕਰਵਾਏ ਜਾਣਗੇ ਅਤੇ ਜੇਤੂ ਟੀਮ ਨੂੰ ਸੁਖਵਿੰਦਰ ਸਿੰਘ ਲਾਲੀ, ਚੇਅਰਮੈਨ , ਫ਼ਿਕਰ-ਏ-ਹੌਂਦ ਸੰਸਥਾ ਵਲੋਂ 25,000 ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ।

# ਰਾਜ ਸਭਾ ਮੈਂਬਰ ਸੰਤ ਸੀਚੇਵਾਲ ਤੇ ਵਿਧਾਇਕ ਬਲਕਾਰ ਸਿੰਘ ਨੇ ਸੀਵਰੇਜ ਪਾਉਣ ਦੇ ਕੰਮ ਦੀ ਕਰਵਾਈ ਸ਼ੁਰੂਆਤ



**ਜਲੰਧਰ (ਸ਼ੈਲੀ ਐਲਬਰਟ)**- ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਹਲਕਾ ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ ਨੇ 16 ਅਕਤੂਬਰ ਨੂੰ ਪਿੰਡ ਬਰਸਰਾਮਪੁਰ ਵਿਖੇ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ 1 ਕਰੋੜ ਦੀ ਲਾਗਤ ਨਾਲ ਪੈਣ ਵਾਲੇ ਸੀਵਰੇਜ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ ਤੇ ਅਰਦਾਸ ਕਰਨ ਉਪਰੰਤ ਸੀਰਵੇਜ ਪਾਉਣ ਦਾ ਰਸਮੀ ਉਦਘਾਟਨ ਕੀਤਾ ਗਿਆ।ਇਸ ਮੌਕੇ ਸੰਤ ਸੀਚੇਵਾਲ ਨੇ ਜੇ.ਸੀ.ਬੀ ਮਸ਼ੀਨ ਆਪ ਚਲਾ ਕੇ ਸੀਵਰੇਜ ਪਾਉਣ ਲਈ ਟੱਕ ਲਾਇਆ। ਪਿੰਡ ਦੇ ਹੋਏ ਇੱਕਠ ਨੂੰ ਸੰਬੋਧਨ ਕਰਦਿਆਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਵਲੋਂ ਸੀਵਰੇਜ ਪਾਉਣ ਸਬੰਧੀ ਕੀਤੀ ਜਾ ਰਹੀ ਪਹਿਲਕਦਮੀ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਸਾਂਝੇ ਉਪਰਾਲਿਆਂ ਨਾਲ ਹੀ ਵਿਕਾਸ ਦੀ ਗਤੀ ਨੂੰ ਤੇਜ਼ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਵਿੱਚ ਪੈਦਾ ਹੋਈ ਔਖੀ ਘੜੀ ਵਿੱਚ ਐਨ.ਆਰ.ਆਈਜ਼ ਨੇ ਵੱਡੇ ਪੱਧਰ 'ਤੇ ਸਾਥ ਦੇਕੇ ਪੰਜਾਬ ਵਾਸੀਆਂ ਦੀ ਹਰ ਮਦਦ ਕੀਤੀ ਹੈ। ਉਨ੍ਹਾਂ ਇਸ ਮੌਕੇ ਆਪਣੇ ਅਖ਼ਤਿਆਰੀ ਫੰਡ ਵਿਚੋਂ 5 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਹਲਕਾ ਵਿਧਾਇਕ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਜਿਥੇ ਸ਼ਹਿਰਾਂ ਨੂੰ ਅਤਿ ਆਧੁਨਿਕ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ, ਉਥੇ ਪੇਂਡੂ ਖੇਤਰਾਂ ਦੇ ਸਰਵਪੱਖੀ ਵਿਕਾਸ ਲਈ ਵੀ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ ਆਪਣੇ ਅਖ਼ਤਿਆਰੀ ਫੰਡ ਵਿਚੋਂ 15 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਪਿੰਡ ਵਾਸੀਆਂ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ, ਵਿਧਾਇਕ ਬਲਕਾਰ ਸਿੰਘ, ਐਨ ਆਰ ਆਈ ਜਸਵਿੰਦਰ ਸਿੰਘ ਕਾਲਾ ਯੂ ਕੇ, ਮੰਡੀ ਬੋਰਡ ਦੇ ਚੇਅਰਮੈਨ ਗੁਰਪਾਲ ਸਿੰਘ ਤੇ ਪਿੰਡ ਦੀਆਂ ਹੋਰ ਸਖਸ਼ੀਅਤਾਂ ਨੂੰ ਸਨਮਾਨਤ ਵੀ ਕੀਤਾ।

# ਇੱਕ ਰੋਜ਼ਾ ਕਾਰਟੂਨਿੰਗ ਵਰਕਸ਼ਾਪ ਦਾ ਆਯੋਜਨ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸਰਕਾਰੀ ਕਾਲਜ ਡੇਰਾਬੱਸੀ ਵਿਖੇ ਪ੍ਰਿੰਸੀਪਲ ਗੀਤਾਂਜਲੀ ਕਾਲੜਾ ਦੀ ਸਰਪ੍ਰਸਤੀ ਹੇਠ ਕਾਲਜ ਦੇ ਫ਼ਾਈਨ ਆਰਟਸ ਵਿਭਾਗ ਵੱਲੋਂ ਇਕ ਰੋਜ਼ਾ ਕਾਰਟੂਨਿੰਗ ਦੀ ਵਰਕਸ਼ਾਪ ਲਗਾਈ ਗਈ। ਜਿਸ ਵਿੱਚ ਪੰਜਾਬ ਅਤੇ ਹਰਿਆਣਾ ਸਰਕਾਰ ਤੋਂ ਸਟੇਟ ਐਵਾਰਡ ਪ੍ਰਾਪਤ ਕਰ ਚੁੱਕੇ ਉੱਤਰ ਭਾਰਤ ਦੇ ਪ੍ਰਸਿੱਧ ਵਿਅੰਗ ਚਿੱਤਰਕਾਰ ਸੰਦੀਪ ਜੋਸ਼ੀ ਰਿਸੋਰਸ ਪਰਸਨ ਵਜੋਂ ਆਏ। ਪ੍ਰੋਗਰਾਮ ਦੇ ਆਰੰਭ ਵਿੱਚ ਫਾਈਨ ਆਰਟਸ ਵਿਭਾਗ ਦੇ ਸਮੂਹ ਪ੍ਰੋਫੈਸਰ ਸਾਹਿਬਾਨ, ਅੰਗਰੇਜ਼ੀ ਵਿਭਾਗ ਦੇ ਪ੍ਰੋ. ਸਵਿਤਾ ਗੁਪਤਾ, ਪ੍ਰੋ. ਨਵਦੀਪ ਕਹੋਲ ਅਤੇ ਲਾਈਬ੍ਰੇਰੀਅਨ ਭੁਪਿੰਦਰ ਕੌਰ ਨੇ ਮੁੱਖ ਮਹਿਮਾਨ ਨੂੰ ਜੀ ਆਇਆ ਕਿਹਾ। ਇਸ ਤੋਂ ਬਾਅਦ ਪ੍ਰੋ.ਰਵਿੰਦਰ ਸਿੰਘ ਨੇ ਮੰਚ ਸੰਚਾਲਨ ਕਰਦੇ ਹੋਏ ਸ੍ਰੀ ਸੰਦੀਪ ਜੋਸ਼ੀ ਜੀ ਦੀ ਸਖਸ਼ੀਅਤ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਇਸ ਉਪਰੰਤ ਸੰਦੀਪ ਜੋਸ਼ੀ ਨੇ ਵਿਦਿਆਰਥੀਆਂ ਨਾਲ ਕਾਰਟੂਨਿੰਗ ਅਤੇ ਕੈਰੀਕੇਚਰ ਨਾਲ ਸੰਬੰਧਿਤ ਵਿਚਾਰ ਸਾਂਝੇ ਕੀਤੇ ਅਤੇ ਕਾਰਟੂਨਿੰਗ ਨਾਲ ਜੁੜੀਆਂ ਕਲਾਤਮਕ ਬਾਰੀਕੀਆਂ ਨਾਲ ਜਾਣੂ ਕਰਵਾਇਆ। ਸਮੁੱਚੀ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੇ ਉਤਸੁਕਤਾ ਨਾਲ ਜੋਸ਼ੀ ਦੀ ਕਲਾਤਮਕ ਪ੍ਰਕਿਰਿਆ ਨੂੰ ਧਿਆਨ ਨਾਲ ਦੇਖਿਆ ਅਤੇ ਬਣਾਇਆ। ਇਹ ਵਰਕਸ਼ਾਪ ਭਵਿੱਖ ਵਿੱਚ ਫ਼ਾਈਨ ਆਰਟਸ ਵਿਭਾਗ ਦੇ ਵਿਦਿਆਰਥੀਆਂ ਲਈ ਮਾਰਗ ਦਰਸ਼ਨ ਦਾ ਕੰਮ ਕਰੇਗੀ। ਇਸ ਮੌਕੇ ਫ਼ਾਈਨ ਆਰਟਸ ਵਿਭਾਗ ਦੇ ਪ੍ਰੋ. ਨਵਜੋਤ ਕੌਰ ਪ੍ਰੋ. ਰਵਿੰਦਰ ਸਿੰਘ, ਪ੍ਰੋ ਮੇਘਾ ਗੋਇਲ ,ਪ੍ਰੋ ਕਿਰਨਪ੍ਰੀਤ ਕੌਰ ਅਤੇ ਲੈਬ ਅਟੈਂਡੈਂਟ ਸ਼੍ਰੀ. ਸਿਕੰਦਰ ਪੁਰੀ ਵੀ ਹਾਜ਼ਰ ਰਹੇ।

# ਸੀ ਟੀ ਗਰੁੱਪ ਨੇ ਪੀ ਟੀ ਯੂ ਨਾਰਥ ਜ਼ੋਨ ਯੂਥ ਫੈਸਟੀਵਲ 2025 ਦੀ ਕੀਤੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)**- ਆਈ.ਕੇ.ਜੀ. ਪੰਜਾਬ ਟੈਕਨਿਕਲ ਯੂਨੀਵਰਸਿਟੀ ਵੱਲੋਂ ਨਾਰਥ ਜੋਨ ਯੂਥ ਫੈਸਟੀਵਲ 2025 ਦੀ ਸ਼ੁਰੂਆਤ ਵੱਡੇ ਉਤਸ਼ਾਹ ਅਤੇ ਰੰਗਾਰੰਗ ਢੰਗ ਨਾਲ ਜਾਲੰਧਰ ਦੇ ਸ਼ਾਹਪੁਰ ਕੈਂਪਸ ਸਥਿਤ ਸੀ.ਟੀ. ਇੰਸਟੀਚਿਊਟ ਆਫ ਇੰਜੀਨੀਅਰਿੰਗ, ਮੈਨੇਜਮੈਂਟ ਐਂਡ ਟੈਕਨੋਲੋਜੀ ਦੇ ਮਨਜੀਤ ਕੌਰ ਆਡੀਟੋਰੀਅਮ 'ਚ ਹੋਈ।ਇਹ ਦੋ ਦਿਨਾਂ ਦਾ ਸਭਿਆਚਾਰਕ ਮੇਲਾ ਰੰਗਲਾ ਪੰਜਾਬ ਤੇ ਵਿਕਸਿਤ ਭਾਰਤ 2047 ਥੀਮ 'ਤੇ ਆਧਾਰਿਤ ਹੈ, ਜਿਸ 'ਚ ਪੰਜਾਬ ਭਰ ਤੋਂ 19 ਤੋਂ ਵੱਧ ਟੀਮਾਂ — ਹੋਸ਼ਿਆਰਪੁਰ, ਕਪੂਰਥਲਾ, ਅੰਮ੍ਰਿਤਸਰ, ਪਠਾਨਕੋਟ ਅਤੇ ਜਲੰਧਰ ਸਮੇਤ ਹੋਰ ਕਈ ਜ਼ਿਲਿਆਂ ਦੀਆਂ ਟੀਮਾਂ ਨੇ ਭਾਗ ਲਿਆ। ਇਸ ਮੇਲੇ ਨੇ ਪੰਜਾਬ ਦੀ ਰੰਗੀਨ ਸਭਿਆਚਾਰਕ ਵਿਰਾਸਤ ਅਤੇ ਨੌਜਵਾਨਾਂ ਦੀ ਰਚਨਾਤਮਕ ਊਰਜਾ ਦਾ ਜਸ਼ਨ ਮਨਾਇਆ।ਯੂਥ ਫੈਸਟੀਵਲ ਦੇ ਇਸ ਮੁਬਾਰਕ ਮੌਕੇ ਤੇ ਸੀ.ਟੀ. ਗਰੁੱਪ ਦੇ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ, ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਜੁਆਇੰਟ ਮੈਨੇਜਿੰਗ ਡਾਇਰੈਕਟਰ ਤਾਨਿਕਾ ਚੰਨੀ, ਐਗਜ਼ਿਕਿਊਟਿਵ ਡਾਇਰੈਕਟਰ ਡਾ. ਨਿਤਿਨ ਟੰਡਨ, ਕੈਂਪਸ ਡਾਇਰੈਕਟਰ ਡਾ. ਸ਼ਿਵ ਕੁਮਾਰ ਮੌਜੂਦ ਰਹੇ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬ ਦੀ ਕਲਾ, ਸੰਗੀਤ ਅਤੇ ਅਭਿਵੈਕਤੀ ਦੇ ਰੰਗੀਨ ਪ੍ਰਦਰਸ਼ਨ ਨਾਲ ਹੋਈ, ਜੋ ਵਿਕਸਿਤ ਭਾਰਤ 02047 ਦੀ ਰਾਸ਼ਟਰੀ ਦ੍ਰਿਸ਼ਟੀ ਨਾਲ ਸੁੰਦਰ ਤਰ੍ਹਾਂ ਜੋੜਿਆ ਹੋਇਆ ਸੀ, ਇੱਕ ਰਚਨਾਤਮਕ, ਪ੍ਰਗਤੀਸ਼ੀਲ ਅਤੇ ਸਮਾਵੇਸ਼ੀ ਭਾਰਤ ਦੀ ਕਲਪਨਾ ਨੂੰ ਦਰਸਾਉਂਦਾ ਹੋਇਆ। ਪਹਿਲੇ ਦਿਨ ਵਿੱਚ ਵਿਦਿਆਰਥੀਆਂ ਨੇ ਭੰਗੜਾ, ਮਿਮਿਕਰੀ, ਇੱਕਾਂਕੀ ਨਾਟਕ, ਗੀਤ ਗਾਇਨ, ਔਨ-ਦ-ਸਪਾਟ ਫੋਟੋਗ੍ਰਾਫੀ, ਪੇਂਟਿੰਗ, ਨਿਬੰਧ ਲਿਖਣ, ਕਵਿਤਾ ਪਾਠ ਅਤੇ ਹੋਰ ਕਈ ਫਾਈਨ ਆਰਟਸ ਅਤੇ ਸਾਹਿਤਕ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

# ਬਾਬਾ ਕਰਤਾਰ ਸਿੰਘ ਤੇ ਬਾਬਾ ਤਰਲੋਚਨ ਸਿੰਘ ਦੀ ਬਰਸੀ ਸੰਬੰਧੀ 16 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਬ੍ਰਹਮ ਗਿਆਨੀ ਸੱਚਖੰਡ ਵਾਸੀ ਸੰਤ ਬਾਬਾ ਕਰਤਾਰ ਸਿੰਘ ਕਾਰ ਸੇਵਾ ਵਾਲਿਆਂ ਦੀ 31ਵੀਂ ਤੇ ਸੰਤ ਬਾਬਾ ਤਰਲੋਚਨ ਸਿੰਘ ਦੀ 22ਵੀਂ ਸਲਾਨਾ ਬਰਸੀ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਦੀ ਅਗਵਾਈ ਹੇਠ ਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਭਾਵਨਾ ਅਤੇ ਸਤਿਕਾਰ ਸਹਿਤ ਮਨਾਈ ਜਾ ਰਹੀ ਹੈ। ਸੰਤਾਂ ਮਹਾਂਪੁਰਸ਼ਾਂ ਦੀ ਸਲਾਨਾ ਬਰਸੀ ਸਬੰਧੀ ਚੱਲ ਰਹੇ ਸਮਾਗਮਾਂ ਨੂੰ ਸਮਰਪਿਤ ਪਹਿਲੀ ਲੜੀ ਦੇ 16 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਸੁੰਦਰ ਦੀਵਾਨ ਸਜਾਏ ਗਏ ਜਿਸ ਵਿੱਚ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਭਾਈ ਕੁਲਵੰਤ ਸਿੰਘ ਦੇ ਕੀਰਤਨੀ ਜਥੇ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਬਾਣੀ ਨਾਲ ਜੋੜਿਆ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਸੰਤ ਬਾਬਾ ਕਰਤਾਰ ਸਿੰਘ ਤੇ ਸੰਤ ਬਾਬਾ ਤਰਲੋਚਨ ਸਿੰਘ ਦੇ ਜੀਵਨ ਇਤਿਹਾਸ ਦੀ ਸਾਂਝ ਪਾਉਂਦਿਆਂ ਨਿਹਾਲ ਕੀਤਾ। ਪਹਿਲੇ ਦਿਨ ਦੇ ਸਮਾਗਮ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਲੀਆਂ ਸੰਗਤਾਂ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਗੁਰੂ ਨਾਨਕ ਸੇਵਕ ਜਥਾ ਤੇ ਸਮੂਹ ਇਲਾਕੇ ਦੀ ਸੰਗਤ, ਜਗੀਰ ਸਿੰਘ, ਬੀਬੀ ਪਿਆਰ ਕੌਰ ਪਿੰਡ ਪਰਮਜੀਤਪੁਰ, ਸੂਬਾ ਸਿੰਘ ਠੱਟਾ ਨਵਾਂ, ਸਰਜੀਤ ਸਿੰਘ ਸੈਦਪੁਰ, ਠਾਕੁਰ ਸਿੰਘ ਦਾ ਪਰਿਵਾਰ ਮੰਗੂਪੁਰ, ਫਕੀਰ ਸਿੰਘ, ਦਲਬੀਰ ਸਿੰਘ ਕਾਲੂ ਭਾਟੀਆ, ਬਲਵੰਤ ਸਿੰਘ, ਗੁਰਦੀਪ ਸਿੰਘ, ਜਸਵਿੰਦਰ ਸਿੰਘ ਬਰਿੰਦਪੁਰ, ਨਿਰਮਲਜੀਤ ਸਿੰਘ, ਬੀਬੀ ਕੁਲਵਿੰਦਰ ਕੌਰ ਕਨੇਡਾ, ਗੁਰਪ੍ਰੀਤ ਸਿੰਘ ਠੱਟਾ ਨਵਾਂ, ਰਜਿੰਦਰ ਸਿੰਘ ਸੈਦਪੁਰ, ਤਰਲੋਕ ਸਿੰਘ, ਜਗਦੀਸ਼ ਸਿੰਘ ਦਰੀਏਵਾਲ, ਮਹਿੰਦਰਪਾਲ ਸਿੰਘ, ਬੀਬੀ ਕੁਲਵੰਤ ਕੌਰ ਸਠਿਆਲਾ, ਬਚਨ ਸਿੰਘ ਮੁੱਤੀ ਠੱਟਾ ਪੁਰਾਣਾ, ਸੁਖਜਿੰਦਰ ਸਿੰਘ, ਬੀਬੀ ਸਰਬਜੀਤ ਕੌਰ ਇੰਗਲੈਂਡ ਨਿਵਾਸੀ, ਮਹਿਤਾਬ ਸਿੰਘ, ਨਵਾਜ਼ ਸਿੰਘ ਯੂਕੇ, ਜੋਬਨਪ੍ਰੀਤ ਸਿੰਘ ਕਨੇਡਾ ਆਦਿ ਸੰਗਤਾਂ ਦਾ ਸੰਤ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਾਲਿਆਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਭਾਈ ਇੰਦਰਜੀਤ ਸਿੰਘ ਬਜਾਜ ਵੱਲੋਂ ਨਿਭਾਈ ਗਈ। ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਵੱਡੀ ਗਿਣਤੀ ਵਿੱਚ ਨਤਮਸਤਕ ਹੋਣ ਵਾਲੀਆਂ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਮੁੱਚੇ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਦਿਨ ਰਾਤ ਨਿਸ਼ਕਾਮ ਸੇਵਾ ਕੀਤੀ ਗਈ ਅਤੇ ਗੁਰੂ ਘਰ ਹਾਜ਼ਰੀਆਂ ਭਰਦਿਆਂ ਲਾਹਾ ਪ੍ਰਾਪਤ ਕੀਤਾ।

# ਨਸ਼ਾ ਮੁਕਤੀ ਜਾਗਰੂਕਤਾ ਸੈਮੀਨਾਰ



**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਕਾਲਜ ਆਫ ਐਜੂਕੇਸ਼ਨ ਜਲੰਧਰ ਦੇ ਰੈੱਡ ਰਿਬਨ ਕਲੱਬ ਵੱਲੋਂ ਗੋਦ ਲਈ ਗਈ ਪਿੰਡ ਲੰਬੜਾ ਵਿੱਚ 'ਨਸ਼ਾ ਤੇ ਇਸ ਦੇ ਰੋਕਥਾਮ ਦੇ ਉਪਾਅ' ਵਿਸ਼ੇ 'ਤੇ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਨਸ਼ੇ ਦੇ ਖਤਰਨਾਕ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਦੇ ਮਨ ਵਿਚ ਇਲਾਜ ਲਈ ਹੈਲਥ ਕਲੀਨਿਕਾਂ 'ਚ ਜਾਣ ਤੋਂ ਡਰ ਦੂਰ ਕਰਨਾ ਸੀ। ਕਲੱਬ ਦੇ ਐਂਬੈਸਡਰਾਂ ਨੇ ਪਿੰਡ ਵਾਸੀਆਂ ਨੂੰ ਨਸ਼ੇ ਦੀ ਲਤ ਅਤੇ ਇਸ ਦੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ। ਸਾਰੇ ਰੈੱਡ ਰਿਬਨ ਕਲੱਬ ਦੇ ਮੈਂਬਰਾਂ ਨੇ ਲਾਲ ਰਿਬਨ ਪਹਿਨੇ ਹੋਏ ਸੂਚਕ ਪੋਸਟਰ ਅਤੇ ਚਾਰਟ ਤਿਆਰ ਕੀਤੇ, ਜਿਨ੍ਹਾਂ 'ਤੇ ਹੈਲਪਲਾਈਨ ਨੰਬਰ ਦਰਸਾਏ ਗਏ ਸਨ, ਤਾਂ ਜੋ ਲੋਕ ਨਸ਼ੇ ਦੇ ਇਲਾਜ ਲਈ ਮਦਦ ਲੈ ਸਕਣ। ਆਰ.ਆਰ.ਸੀ. ਵੌਲੰਟੀਅਰ ਕੰਡਲਾ ਨੇ ਲੈਕਚਰ ਦੀ ਸ਼ੁਰੂਆਤ ਕਰਦਿਆਂ ਸਮਝਾਇਆ ਕਿ ਨਸ਼ੇ ਦੀ ਲਤ ਅਕਸਰ ਦੋਸਤਾਂ ਦੇ ਦਬਾਅ ਜਾਂ ਜਿਗਿਆਸਾ ਕਰਕੇ ਸ਼ੁਰੂ ਹੁੰਦੀ ਹੈ, ਪਰ ਬਾਅਦ ਵਿਚ ਇਹ ਇੱਕ ਖਤਰਨਾਕ ਆਦਤ ਬਣ ਜਾਂਦੀ ਹੈ। ਆਰ ਆਰ ਸੀ ਮੈਂਬਰ ਗੋਲਡਾ ਨੇ ਨਸ਼ੇ ਦੇ ਸਮਾਜਿਕ ਪ੍ਰਭਾਵਾਂ 'ਤੇ ਜ਼ੋਰ ਦਿੱਤਾ, ਜਿਵੇਂ ਕਿ ਪਰਵਾਰਕ ਰਿਸ਼ਤਿਆਂ ਦਾ ਟੁੱਟਣਾ, ਕੰਮ ਵਿੱਚ ਕਮਜ਼ੋਰ ਪ੍ਰਦਰਸ਼ਨ ਅਤੇ ਅਪਰਾਧਕ ਵਿਚਾਰਾਂ ਵੱਲ ਝੁਕਾਅ। ਆਰ ਆਰ ਸੀ ਇੰਚਾਰਜ ਤਰੁਨਜੋਤੀ ਕੌਰ ਨੇ ਸਖ਼ਤੀ ਨਾਲ ਚੇਤਾਵਨੀ ਦਿੱਤੀ ਕਿ ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਨ ਦੀ ਕੋਸ਼ਿਸ਼ ਨਾ ਕਰੋ, ਕਿਉਂਕਿ ਇਸ ਦਾ ਅੰਜ਼ਾਮ ਬਹੁਤ ਹੀ ਖਤਰਨਾਕ ਅਤੇ ਜ਼ਿੰਦਗੀ ਭਰ ਦਾ ਪਛਤਾਵਾ ਹੋ ਸਕਦਾ ਹੈ। ਉਸਨੇ ਨਸ਼ੇ ਨਾਲ ਜੁੜੇ ਕਾਨੂੰਨੀ ਨਤੀਜਿਆਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਤੇ ਬਸਤੀਆਂ ਵਿੱਚ ਰਹਿਣ ਵਾਲਿਆਂ ਨੂੰ ਸਾਵਧਾਨ ਕੀਤਾ ਕਿ ਨਸ਼ੇ ਦੀ ਕਬਜ਼ੇਦਾਰੀ ਅਤੇ ਖਪਤ ਲਈ ਕੜੀਆਂ ਸਜ਼ਾਵਾਂ ਹਨ।

# ਕਵਿਤਾ ਉਚਾਰਨ ਮੁਕਾਬਲਾ ਕਰਵਾਇਆ



**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਹੀ ਵਿੱਚ ਫੈਸਟੀਵਲ ਅਧਾਰਿਤ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ । ਜਿਸ ਵਿੱਚ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਬੜੇ ਉਤਸ਼ਾਹ ਦੇ ਨਾਲ ਹਿੱਸਾ ਲਿਆ । ਪ੍ਰਿੰਸੀਪਲ ਰੇਨੂੰ ਅਰੋੜਾ ਅਤੇ ਸਟਾਫ਼ ਮੈਂਬਰਾਂ ਜੇਤੂ ਰਹੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਉਤਸ਼ਾਹਿਤ ਕੀਤਾ ਗਿਆ । ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਅਰੋੜਾ ਨੇ ਕਿਹਾ ਕਿ ਅਦਾਰੇ ਵਿਚ ਹੋਣ ਵਾਲੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਸਰਬ ਪੱਖੀ ਵਿਕਾਸ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਸਕੂਲ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ ਵੱਲੋਂ ਦਿਖਾਈ ਪ੍ਰਤਿਭਾ ਦੀ ਪ੍ਰਸ਼ੰਸਾ ਕੀਤੀ ।

## ਦੂਜੇ ਲਈ ਚੰਗਾ ਸੋਚਣ ਨਾਲ ਮਿਲਦੀ ਹੈ ਸ਼ਾਂਤੀ : ਐਡਵੋਕੇਟ ਗੋਲਡੂ



**ਜੈਤੋ (ਸਤੀਸ਼ ਕੁਮਾਰ ਭੀਰੀ)**-ਛੋਟੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲੇ ਨਾਮੀਂ ਐਡਵੋਕੇਟ ਅਮਿਤ ਮਿੱਤਲ ਗੋਲਡੂ ਨੇ ਸਾਦਗੀ ਨਾਲ ਮਨਾਏ ਜਨਮ ਦਿਨ ਮੌਕੇ ਆਪਣੇ ਦੋਸਤਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਲੜਕ ਹੀ ਤਾਂ ਹਨ, ਥੋੜ੍ਹੇ ਖ਼ਰਚ ਕਦ ਲਵੋ ਸਦ ਨਾਲ ਮਿੱਠੇ ਬੋਲ ਬੋਲ ਕੇ ਉਸ ਵੀ ਤਾਂ ਇੱਕ ਦਿਨ ਇਨ੍ਹਾਂ ਨੇ ਖ਼ਾਮੋਸ਼ ਹੋ ਹੀ ਜਾਣਾ ਹੈ।ਗੋਲਡੂ ਨੇ ਕਿਹਾ ਕਿ ਆਪਣੀ ਮੰਜ਼ਿਲ ਹਾਸਲ ਕਰਦੇ ਸਮੇਂ ਇਹੀ ਸੋਚ ਰੱਖਣੀ ਚਾਹੀਦੀ ਹੈ ਕਿ ਜੇ ਜਰਕ ਸਮਤਾ ਮਿਲ ਗਿਆ ਤਾਂ ਠੀਕ ਤੇ ਜੇਕਰ ਨਹੀਂ ਮਿਲਿਆ ਤਾਂ ਰਸਤਾ ਮੈਂ ਖੁਦ ਬਣਾ ਲਵਾਂਗਾ।ਉਨ੍ਹਾਂ ਕਿਹਾ ਕਿ ਜਿਵੇਂ ਦਰੱਖਤ ਤੋਂ ਫ਼ਲ ਤੇ ਫੁੱਲ ਪੱਤਿਆਂ ਨਾਲੋਂ ਘੱਟ ਹੁੰਦੇ ਹਨ, ਪ੍ਰੰਤੂ ਫੇਰ ਵੀ ਦਰੱਖਤ ਫ਼ਲ ਤੇ ਫੁੱਲ ਦੇ ਨਾਮ ਤੋਂ ਜਾਣਿਆ ਜਾਂਦਾ ਹੈ, ਉਸੇ ਤਰ੍ਹਾਂ ਸਾਡੇ ਕੋਲ ਕਰਨ ਲਈ ਕਿੰਨੀਆਂ ਹੀ ਚੰਗੀਆਂ ਗੱਲਾਂ ਕਿਉਂ ਨਾ ਹੋਣ, ਪ੍ਰੰਤੂ ਪਹਿਚਾਣ ਤਾਂ ਸਿਰਫ ਚੰਗੇ ਕੰਮਾਂ ਨਾਲ ਹੀ ਹੁੰਦੀ ਹੈ।ਵੱਖਦਾਰੀ ਕੰਮਾਂ ਦੇ ਮਾਹਰ ਐਡਵੋਕੇਟ ਗੋਲਡੂ ਨੇ ਅੱਗੇ ਕਿਹਾ ਕਿ ਕਰਮ ਦਾ ਫ਼ਲ ਆਦਮੀ ਨੂੰ ਉਸੇ ਤਰ੍ਹਾਂ ਲੱਭ ਲੈਂਦਾ ਹੈ, ਜਿਵੇਂ ਕੋਈ ਵੱਛਾ ਸੈਂਕੜੇ ਗਾਵਾਂ ਵਿੱਚੋਂ ਆਪਣੀ ਮਾਂ ਨੂੰ ਲੱਭ ਲੈਂਦਾ ਹੈ, ਇਸ ਲਈ ਆਦਮੀ ਨੂੰ ਹਮੇਸ਼ਾ ਸ਼੍ਰੇਸ਼ਟ ਕਰਮ ਹੀ ਕਰਨੇ ਚਾਹੀਦੇ ਹਨ।ਅੰਤ ਵਿੱਚ ਉਨ੍ਹਾਂ ਕਿਹਾ ਕਿ ਜਦੋਂ ਤੋਂ ਸਾਡਾ ਮਨ ਆਪਣੇ ਤੋਂ ਦੂਜਿਆਂ ਲਈ ਚੰਗਾ ਸੋਚਣਾ ਸ਼ੁਰੂ ਕਰ ਦਿੰਦਾ ਹੈ ਤਾਂ ਸ਼ਾਂਤੀ, ਉਸੇ ਸਮੇਂ ਸਾਡੇ ਜੀਵਨ ਵਿੱਚ ਸ਼ਾਮਲ ਹੋ ਜਾਂਦੀ ਹੈ।

## ਮਚਾਡੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇਣ ਦਾ ਫੈਸਲਾ ਸ਼ਲਾਘਾਯੋਗ : ਡਾ: ਟਿੱਬਾ



**ਧੂਰੀ (ਮਨੋਹਰ ਸਿੰਘ ਸੱਗੂ)**-ਕੌਂਸਲ ਆਫ ਹੈਰੀਟੇਜ ਤੇ ਇੰਟਰਨੈਸ਼ਨਲ ਪੀਸ ਕੈਨੇਡਾ ਸੰਸਥਾ ਦੇ ਉੱਤਰੀ ਭਾਰਤ ਦੇ ਪ੍ਰਧਾਨ ਡਾ: ਕਮਲਜੀਤ ਸਿੰਘ ਟਿੱਬਾ ਨੇ ਵੈਨਜ਼ੁਏਲਾ ਦੀ ਵਿਰੋਧੀ ਧਿਰ ਦੀ ਆਗੂ ਮਾਰੀਆ ਕੋਰੀਨਾ ਮਚਾਡੋ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇਣ ਦੇ ਕੀਤੇ ਐਲਾਨ ਦਾ ਸਵਾਗਤ ਕਰਦਿਆਂ ਮਾਰੀਆ ਮਚਾਡੋ ਨੂੰ ਵਧਾਈ ਦਿੱਤੀ।ਡਾ: ਟਿੱਬਾ ਨੇ ਦੱਸਿਆ ਕਿ ਮਾਰੀਆ ਮਚਾਡੋ ਨੂੰ ਨਾਰਵੇ ਦੇ ਸ਼ਹਿਰ ਓਸਲੋ ਵਿਖੇ 10 ਦਸੰਬਰ ਨੂੰ ਇਸ ਸ਼ਾਂਤੀ ਪੁਰਸਕਾਰ ਨਾਲ ਨਿਵਾਜਿਆ ਜਾਵੇਗਾ।ਡਾ: ਟਿੱਬਾ ਨੇ ਕਿਹਾ ਕਿ ਇਹ ਸ਼ਾਂਤੀ ਦਿਵਸ ਤਾਨਾਸ਼ਾਹੀ ਖਿਲਾਫ ਜਮਹੂਰੀਅਤ ਤੇ ਸ਼ਾਂਤਮਈ ਤਬਦੀਲੀ ਲਈ ਸੰਘਰਸ਼ ਕਰ ਰਹੇ ਅੰਦੋਲਨਕਾਰੀਆਂ ਨੂੰ ਉਤਸ਼ਾਹਤ ਕਰੇਗਾ, ਕਿਉਂਕਿ ਇਸ ਵੇਲੇ ਦੁਨੀਆ ਨੂੰ ਸ਼ਾਂਤੀ ਦੀ ਵਧੇਰੇ ਲੋੜ ਹੈ।ਉਨ੍ਹਾਂ ਦੱਸਿਆ ਕਿ ਇਸ ਪੁਰਸਕਾਰ 'ਚ ਇੱਕ ਸੋਨੇ ਦੀ ਪਲੇਟ, ਡਿਪਲੋਮਾ ਸਰਟੀਫਿਕੇਟ ਤੇ 11 ਮਿਲੀਅਨ ਸਵੀਡਿਸ਼ ਕਰਾਊਨ (ਭਾਰਤੀ ਕਰੰਸੀ ਅਨੁਸਾਰ 10.36 ਕਰੋੜ ਰੁਪਏ) ਪ੍ਰਦਾਨ ਕੀਤੇ ਜਾਣਗੇ ਤੇ ਇਹ ਸਨਮਾਨ ਸਮਾਰੋਹ ਨਾਰਵੇ ਦੇ ਬਾਦਸ਼ਾਹ ਦੀ ਮੌਜੂਦਗੀ 'ਚ ਹੋਵੇਗਾ।ਡਾ: ਟਿੱਬਾ ਨੇ ਕਿਹਾ ਕਿ ਵਿਸ਼ਵ ਸ਼ਾਂਤੀ ਲਈ ਸਦਾ ਕਾਰਜਸ਼ੀਲ ਕੈਨੇਡਾ ਦੀ ਸੰਸਥਾ ਲਗਾਤਾਰ ਯੁੱਧ ਖਿਲਾਫ਼ ਸ਼ਾਂਤੀ ਦਾ ਪ੍ਰਚਾਰ ਕਰਦੀ ਹੈ ਅਤੇ ਅਸੀਂ ਸਿਵਿਆਂ ਵਰਗੀ ਸ਼ਾਂਤੀ ਨਹੀਂ, ਸਗੋਂ ਵਿਸ਼ਵ ਭਰ 'ਚ ਨਿਆਂ ਦੇ ਬੂਟੇ 'ਤੇ ਖਿੜੇ ਸੂਹੇ ਫੁੱਲ ਵਰਗੀ ਸ਼ਾਂਤੀ ਚਾਹੁੰਦੇ ਹਾਂ।

## ਕਾਕਾ ਬਰਾੜ ਨੇ ਨੁਕਸਾਨੇ ਘਰਾਂ ਤੇ ਫਸਲਾਂ ਦੇ ਲਾਭਪਾਤਰੀਆਂ ਨੂੰ ਮੁਆਵਜ਼ਾ ਰਾਸ਼ੀ ਵੰਡੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਜਾ)**-ਬੀਤੇ ਦਿਨੀਂ ਹਲਕੇ ਵਿੱਚ ਭਾਰੀ ਬਾਰਿਸ਼ਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਸਬੰਧੀ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਹਲਕੇ ਦੇ ਪਿੰਡ ਗੁਲਾਬੇਵਾਲਾ ਦੀ ਸਾਂਝੀ ਧਰਮਸ਼ਾਲਾ ਵਿਖੇ 42 ਲਾਭਪਾਤਰੀਆਂ ਨੂੰ ਕਰੀਬ 9 ਲੱਖ ਰੁਪਏ ਦਾ ਮੁਆਵਜ਼ਾ ਰਾਸ਼ੀ ਵੰਡੀ।ਇਸ ਮੌਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਦੱਸਿਆ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਹੜ੍ਹ ਪੀੜਤਾਂ ਨੂੰ ਜੋ ਮੁਆਵਜ਼ਾ ਰਾਸ਼ੀ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉਸ ਦੇ ਪਹਿਲੇ ਫੇਜ਼ ਅੱਜ ਇਹ ਰਾਸ਼ੀ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਈ ਗਈ ਹੈ।ਕਾਕਾ ਬਰਾੜ ਨੇ ਮਨਜ਼ੂਰੀ ਪੱਤਰ ਦੀ ਵੰਡ ਕਰਨ ਮੌਕੇ ਕਿਹਾ ਕਿ ਪੰਜਾਬ ਸਰਕਾਰ ਦਾ ਮਿਸ਼ਨ ਸੀ ਕਿ ਲੋਕਾਂ ਨੂੰ ਕੁਦਰਤੀ ਮਾਰ ਤੋਂ ਬਚਾਉਣਾ ਹੈ ਤੇ ਮੁੜ ਤੋਂ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਹੈ।ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਸਦਕਾ ਅਸੀਂ ਹੜ੍ਹ ਪੀੜਤ ਲੋਕਾਂ ਦੇ ਜੀਵਨ ਨੂੰ ਮੁੜ ਤੋਂ ਲੀਹ 'ਤੇ ਲਿਆਉਣ ਵਿੱਚ ਕਾਮਯਾਬ ਹੋ ਰਹੇ ਹਾਂ।ਉਨ੍ਹਾਂ ਕਿਹਾ ਕਿ ਕੁਦਰਤੀ ਕਰੋਪੀ ਜ਼ਰੂਰ ਆਈ ਹੈ, ਪਰ ਸਭ ਦੇ ਲੋਕ ਮਜ਼ਬੂਤ ਹੌਸਲੇ ਵਾਲੇ ਹਨ, ਜਿਨ੍ਹਾਂ ਨੇ ਹਿੰਮਤ ਰੱਖ ਕੇ ਇਨ੍ਹਾਂ ਦੁੱਖਾਂ ਦਾ ਸਾਹਮਣਾ ਕੀਤਾ। ਇਸ ਮੌਕੇ ਨਾਇਬ ਤਹਿਸੀਲਦਾਰ ਮਨਵੀਰ ਕੌਰ ਸਿੱਧੂ, ਕਾਨੂੰਗੋ ਸੁਖਦੇਵ ਮੁੰਜਾਲ, ਸਰਪੰਚ ਪਿੰਡ ਗੁਲਾਬੇਵਾਲਾ ਗੁਰਤੇਜ ਸਿੰਘ ਸੇਖੋਂ, ਸਰਪੰਚ ਪਿੰਡ ਮਾਂਗਟਕੇ ਬਾਬਾ ਗਿਰਾਜ ਸਿੰਘ, ਸਰਪੰਚ ਪਿੰਡ ਸੱਕਾਂਵਾਲਾ ਜਗਸੀਰ ਸਿੰਘ ਬਰਾੜ, ਸਰਪੰਚ ਪਿੰਡ ਕੁਕਰੀਆਂ ਨੌਨਿਹਾਲ ਸਿੰਘ, ਸਰਪੰਚ ਗੁਰਜੀਤ ਸਿੰਘ, ਸਰਪੰਚ ਜੱਸਾ ਸਿੰਘ, ਇੰਦਰਜੀਤ ਸਿੰਘ ਬਰਾੜ ਜਵਾਹਰੇ ਵਾਲਾ, ਮਨਪ੍ਰੀਤ ਸਿੰਘ ਪਿੰਡ ਖਿੱਲੇ, ਕੁਲਵਿੰਦਰ ਸਿੰਘ ਖਿੱਲੇਂ, ਨਿਸ਼ਾਨੇ ਫਾਊਂਡੇਸ਼ਨ ਦੇ ਪ੍ਰਧਾਨ ਉਪਕਾਰ ਸਿੰਘ, ਸਰਪੰਚ ਪਿੰਡ ਰੋੜਾਂਵਾਲਾ ਗੁਰਦੀਪ ਸਿੰਘ, ਲੈਂਡ ਮਾਰਗੇਜ ਬੈਂਕ ਦੇ ਵਾਈਸ ਚੇਅਰਮੈਨ ਨੰਬਰਦਾਰ ਸੁਖਪਾਲ ਸਿੰਘ ਤੋਂ ਇਲਾਵਾ ਸਬੰਧਤ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਹਾਜ਼ਰ ਸਨ।

## ਇਲੈਕਟਰੋ ਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਦੀ ਮੋਗਾ 'ਚ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਇਲੈਕਟਰੋ ਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਅਕਤੂਬਰ ਮਹੀਨੇ ਦੀ ਮੀਟਿੰਗ ਚੌਕਾਂ ਅੰਪਾਇਰ ਮੋਗਾ ਵਿਖੇ ਹੋਈ।ਇਸ ਮੀਟਿੰਗ ਦੌਰਾਨ ਪੰਜਾਬ, ਹਰਿਆਣਾ, ਦਿੱਲੀ ਤੇ ਉੱਤਰ ਪ੍ਰਦੇਸ਼ ਤੋਂ ਲਗਭਗ 125 ਤੋਂ ਵੱਧ ਡਾਕਟਰਾਂ ਨੇ ਹਿੱਸਾ ਲਿਆ।ਇਸ ਮੀਟਿੰਗ ਦਾ ਆਗਾਜ਼ ਡਾ. ਜਗਜੀਤ ਸਿੰਘ ਗਿੱਲ ਵੱਲੋਂ ਕੀਤਾ ਗਿਆ।ਉਨ੍ਹਾਂ ਐਸੋਸੀਏਸ਼ਨ ਵੱਲੋਂ ਜਾਰੀ ਕੀਤੇ ਨਵੇਂ ਨਿਯਮਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਉਪਰੰਤ ਡਾਕਟਰਾਂ ਦੇ ਸਨਮੁੱਖ ਹੁੰਦਿਆਂ ਡਾ. ਜਗਤਾਰ ਸਿੰਘ ਸੇਖੋਂ ਨੇ ਬਾਈਕੋਡ ਤੇ ਗਠੀਆ ਰੋਗ ਦੇ ਅੰਤਰ ਬਾਰੇ ਦੱਸਿਆ ਤੇ ਇਸ ਦੇ ਕਾਰਨ ਤੇ ਇਲਾਜ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਇਆ।ਡਾ. ਮਨਪ੍ਰੀਤ ਸਿੰਘ ਨਿਹਾਲ ਸਿੰਘ ਵਾਲਾ ਨੇ ਡੇਂਗੂ ਰੋਗ ਦੇ ਕਾਰਨ ਤੇ ਇਲਾਜ ਬਾਰੇ ਦੱਸਿਆ।ਡਾ. ਪ੍ਰਮਿੰਦਰ ਪਾਠਕ ਨੇ ਇਲੈਕਟਰੋਹੋਮਿਓਪੈਥੀ ਦੀਆਂ ਦਵਾਈਆਂ ਨੂੰ ਬਾਰੀ ਤੌਰ 'ਤੇ ਵਰਤਣ ਵਾਲੇ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ।ਡਾ. ਜਗਮੋਹਨ ਸਿੰਘ ਯੂਕਰੇਟ ਵੱਲੋਂ ਗੁਰਦੇ ਫੇਲ੍ਹ ਹੋ ਜਾਣ ਦਾ ਇਲਾਜ ਬਾਰੇ ਦੱਸਿਆ।ਡਾ. ਸ਼ਹਿਜ਼ਾਦ ਹੁਸੈਨ ਨੇ ਚਮੜੀ ਦੇ ਬਣਤਰ ਸਬੰਧੀ ਜਾਣਕਾਰੀ ਦਿੱਤੀ।ਡਾ. ਅੰਮ੍ਰਿਤਪਾਲ ਸਿੰਘ ਨੇ 'ਜਿਗਰ ਦਾ ਵੱਧਣਾ' ਰੋਗ ਦੇ ਕਾਰਨ ਤੇ ਇਲਾਜ ਬਾਰੇ ਜਾਣਕਾਰੀ ਦਿੱਤੀ।ਇਸ ਮੀਟਿੰਗ ਵਿੱਚ ਡਾ. ਜ਼ਿੰਦਰ ਸਿੰਘ ਕਲੇਰ ਨੇ ਐਪੀਲੈਪਸੀ, ਡਾ. ਅਵਤਾਰ ਸਿੰਘ ਦੇਵਗਨ ਤੇ ਡਾ. ਪ੍ਰਦੀਪ ਸਿੰਘ ਨੇ ਡੇਂਗੂ, ਡਾ. ਜਸਵੀਰ ਕਟਾਰੀਆ ਨੇ ਬਾਂਝਪਨ, ਡਾ. ਐੱਸ ਕੇ ਕਟਾਰੀਆ ਨੇ ਸਰੀਰਕ ਕਮਜ਼ੋਰੀ, ਡਾ. ਪ੍ਰਦੀਪ ਪਾਣੀਪਤ ਵੱਲੋਂ ਚਮੜੀ ਰੋਗ ਸਬੰਧੀ ਆਪਣੇ ਕਲੀਨੀਕਲ ਤਜਰਬੇ ਸਾਂਝੇ ਕੀਤੇ। ਅੰਤ ਡਾ. ਜਗਜੀਤ ਸਿੰਘ ਗਿੱਲ ਨੇ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਤੇ ਅਗਲੇ ਮਹੀਨੇ ਦੀ ਮੀਟਿੰਗ ਵਿੱਚ ਆਉਣ ਦਾ ਸੱਦਾ ਦਿੱਤਾ।

## ਸਿਹਤ ਵਿਭਾਗ ਦੀ ਟੀਮ ਨੇ ਖਾਣ-ਪੀਣ ਵਾਲੀਆਂ ਵਸਤਾਂ ਦੇ ਸੈਂਪਲ ਭਰੇ



**ਮਾਨਸਾ (ਆਤਮਾ ਸਿੰਘ ਪਮਾਰ)**-ਤਿਉਹਾਰਾਂ ਦੇ ਮੱਦੇਨਜ਼ਰ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰਣਜੀਤ ਸਿੰਘ ਰਾਏ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਬਰੇਟਾ, ਬੁਢਲਾਡਾ, ਸਰਦੂਲਗੜ੍ਹ ਤੇ ਕੁਲਰੀਆਂ ਵਿਖੇ ਵੱਖ-ਵੱਖ ਦੁਕਾਨਾਂ ਤੋਂ ਖਾਣ-ਪੀਣ ਵਾਲੀਆਂ ਵਸਤਾਂ ਦੇ ਸੈਂਪਲ ਲਏ ਗਏ।ਡਾ. ਰਾਏ ਨੇ ਦੱਸਿਆ ਚੈਕਿੰਗ ਦੌਰਾਨ ਖੋਆ, ਰਸਗੁੱਲਾ, ਲੱਡੂ, ਸੇਬ, ਸੌਸ, ਗੁਲਾਬਜਾਮੁਨ, ਮੂੰਗ ਦਾਲ, ਘੀ, ਬਰਫੀ ਆਦਿ ਦੇ ਸੈਂਪਲ ਲਏ ਗਏ ਹਨ।ਉਨ੍ਹਾਂ ਕਿਹਾ ਕਿ ਖਾਣ-ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਕਰਨ ਵਾਲੇ ਦੁਕਾਨਦਾਰਾਂ ਖਿਲਾਫ ਫੂਡ ਸੇਫਟੀ ਤੇ ਸਟੈਂਡਰਡਜ਼ ਐਕਟ-2006 ਅਧੀਨ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਵਿੱਚ ਸਾਫ ਸਫਾਈ ਰੱਖਣ ਤੇ ਖਾਣ-ਪੀਣ ਦੀਆਂ ਵਸਤੂਆਂ ਨੂੰ ਢੱਕ ਕੇ ਰੱਖਣ।ਲਏ ਗਏ ਸੈਂਪਲ ਚੈਕਿੰਗ ਲਈ ਫੂਡ ਲੈਬੋਰੇਟਰੀ ਖਰੜ ਭੇਜੇ ਗਏ ਹਨ।

## ਵਿਧਾਇਕ ਬੁੱਧ ਰਾਮ ਨੇ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਵੰਡੇ



**ਬੁਢਲਾਡਾ (ਅਸ਼ੋਕ ਲਾਕੜਾ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਬਾਰਿਸ਼/ਹੜ੍ਹਾਂ ਕਾਰਨ ਫਸਲ ਦੇ ਖਰਾਬੇ ਦਾ ਦੀਵਾਲੀ ਤੋਂ ਪਹਿਲਾਂ ਰਾਹਤ ਮੁਆਵਜ਼ਾ ਪਹੁੰਚਾਉਣਾ ਸ਼ਲਾਘਾਯੋਗ ਕਦਮ ਹੈ।ਇਸ ਤਹਿਤ ਮਾਨਸਾ ਜ਼ਿਲ੍ਹੇ ਦੇ 9 ਪਿੰਡਾਂ ਦੇ 54 ਕਿਸਾਨਾਂ ਨੂੰ ਕੁੱਲ 15 ਲੱਖ 66 ਹਜ਼ਾਰ 377 ਰੁਪਏ ਦੇ ਮਨਜ਼ੂਰੀ ਪੱਤਰ ਬੁਢਲਾਡਾ ਵਿਖੇ ਵਿਧਾਇਕ ਪ੍ਰਿੰਸੀਪਲ ਸ੍ਰ. ਬੁੱਧ ਰਾਮ ਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਨੇ ਵੰਡੇ।ਇਸ ਮੌਕੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ ਗਿਆ ਹੈ।ਦੀਵਾਲੀ ਤੋਂ ਪਹਿਲਾਂ ਇਹ ਰਾਹਤ ਪਹੁੰਚਾ ਕੇ ਸਰਕਾਰ ਨੇ ਸਾਬਿਤ ਕੀਤਾ ਹੈ ਕਿ ਇਹ ਆਮ ਲੋਕਾਂ ਦੀ ਸਰਕਾਰ ਹੈ ਜੋ ਹਰੇਕ ਸੰਕਟ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ।ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਘਰਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਜਲਦ ਹੀ ਪ੍ਰਭਾਵਿਤ ਲੋਕਾਂ ਨੂੰ ਮਿਲੇਗਾ।ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਨੇ ਕਿਹਾ ਕਿ ਹੜ੍ਹ ਪੀੜਤ/ਕੁਦਰਤੀ ਕਰੋਪੀ ਬਾਰਿਸ਼ ਦਾ ਸ਼ਿਕਾਰ ਲੋਕਾਂ ਦੀ ਮਦਦ ਲਈ ਜ਼ਿਲ੍ਹਾ ਪ੍ਰਸ਼ਾਸਨ ਹਮੇਸ਼ਾ ਕਾਰਜਸ਼ੀਲ ਹੈ।ਉਨ੍ਹਾਂ ਦੱਸਿਆ ਕਿ ਬਰਸਾਤ ਕਾਰਨ ਖਰਾਬ ਹੋਈਆਂ ਫਸਲਾਂ ਦਾ ਢੁੱਕਵੇਂ ਤਰੀਕੇ ਨਾਲ ਮੁਲਾਂਕਣ ਕੀਤਾ ਗਿਆ ਹੈ, ਜਿਸ ਉਪਰੰਤ ਸਰਕਾਰ ਵੱਲੋਂ ਮੁਆਵਜ਼ਾ ਰਾਸ਼ੀ ਭੇਜੀ ਗਈ ਹੈ।ਇਸ ਮੌਕੇ ਐੱਸ.ਡੀ.ਐੱਮ. ਬੁਢਲਾਡਾ ਗਗਨਦੀਪ ਸਿੰਘ, ਡੀ.ਐੱਸ.ਪੀ. ਸਿਕੰਦਰ ਸਿੰਘ ਚੀਮਾ ਤੋਂ ਇਲਾਵਾ ਵੱਖ ਵੱਖ ਪਿੰਡਾਂ ਦੇ ਕਿਸਾਨ ਮੌਜੂਦ ਸਨ।

## ਮਾਡਰਨ ਕਾਲਜ ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨ ਕੀਤੇ ਗਏ ਨਤੀਜੇ ਪੀਜੀਡੀਸੀ ਏ ਸਮੈਸਟਰ ਦੂਜਾ ਦਾ ਨਤੀਜਾ ਮਾਡਰਨ ਕਾਲਜ ਬੀਰ ਕਲਾਂ ਦਾ ਸ਼ਾਨਦਾਰ ਰਿਹਾ ਸਹਾਇਕ ਪ੍ਰੋਫੈਸਰ ਰਾਜਵੀਰ ਕੌਰ ਨੇ ਦੱਸਿਆ ਕਿ ਨਵਦੀਪ ਕੌਰ ਨੇ 500 ਅੰਕਾਂ ਵਿੱਚੋਂ 432 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਦੀਕਸ਼ਾ ਨੇ, 427 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਗੀਤਕਾ ਨੇ, ਤੀਜਾ ਸਥਾਨ ਸ਼ਿਵਦੀਪ ਬਾਬਾ ਤੇ ਗਗਨਦੀਪ ਕੌਰ ਨੇ 417 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਿਲ ਕੀਤਾ। ਰਮਨਦੀਪ ਸਿੰਘ ਨੇ 412 ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਹਾਸਲ ਕੀਤਾ। ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ.ਕੇ.ਰਾਏ ਨੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ 'ਚ ਹੋਰ ਬੁਲੰਦੀਆਂ ਹਾਸਲ ਕਰਨ ਲਈ ਪ੍ਰੇਰਤ ਕੀਤਾ।ਇਸ ਮੌਕੇ ਸਮੂਹ ਸਟਾਫ਼ ਤੇ ਕਾਗ਼ਜ਼ ਦੇ ਵਿਦਿਆਰਥੀ ਹਾਜ਼ਰ ਸਨ।

# ਸਮਾਣਾ ਹਲਕੇ 'ਚ ਪੇਂਡੂ ਲਿੰਕ ਸੜਕਾਂ ਜੰਗੀ ਪੱਧਰ 'ਤੇ ਬਣਨੀਆਂ ਸ਼ੁਰੂ : ਜੌੜਾਮਾਜਰਾ

**ਪਿਛਲੀਆਂ ਸਰਕਾਰਾਂ ਵੱਲੋਂ ਧਿਆਨ ਨਾ ਦੇਣ ਕਰਕੇ ਹੀ ਹਾਲਾਤ ਮਾੜੇ ਹੋਏ**



**ਸਮਾਣਾ/ਪਟਿਆਲਾ (ਇਕਬਾਲ ਸਿੰਘ ਬਲ/ਰਾਜਿੰਦਰ ਸਿੰਘ ਥਿੰਦ)**-ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮਾਣਾ ਹਲਕੇ ਦੀਆਂ 100 ਦਿਹਾਤੀ ਲਿੰਕ ਸੜਕਾਂ ਨੂੰ ਮੁੜ ਬਣਾਉਣ ਤੇ ਮੁਰੰਮਤ ਲਈ ਭੇਜੇ ਗਏ 32.17 ਕਰੋੜ ਰੁਪਏ ਨਾਲ ਸਾਰੀਆਂ ਸੜਕਾਂ ਦੇ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਸ਼ੁਰੂ ਹੋ ਗਏ ਹਨ।ਉਨ੍ਹਾਂ ਕਿਹਾ ਕਿ ਹਲਕੇ ਦਾ ਚਹੁ-ਤਰਫ਼ਾ ਵਿਕਾਸ ਕਰਵਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੈ, ਜਿਸ ਲਈ ਹਰ ਪਿੰਡ ਦੀ ਸੜਕ ਬਣਵਾਈ ਜਾ ਰਹੀ ਹੈ। ਵਿਧਾਇਕ ਜੌੜਾਮਾਜਰਾ ਨੇ ਪਟਿਆਲਾ-ਸਮਾਣਾ ਰੋਡ ਤੋਂ ਬਿਜਲਪੁਰ, ਤੁਲੇਵਾਲ, ਸਮਾਣਾ ਰੋਡ ਤੋਂ ਬਿਜਲਪੁਰ ਰੋਡ ਤੋਂ ਸੈਦਪੁਰ ਤੇ ਨੱਸੂਪੁਰ, ਸਮਾਣਾ ਟੋਡਰਪੁਰ ਰੋਡ ਤੋਂ ਗੁਰਦੁਆਰਾ ਸਾਹਿਬ, ਰਾਜਲਾ ਤੋਂ ਕੋਟਲਾ ਨਸਰੂ ਤੋਂ ਸਮਾਣਾ ਬਾਈਪਾਸ ਦੇ ਨਾਲ ਲਿੰਕ ਲਾਇਬ੍ਰੇਰੀ ਰਾਜਲਾ, ਸਮਾਣਾ ਧਨੌਰੀ ਰੋਡ ਤੋਂ ਸਮਾਣਾ ਟੋਡਰਪੁਰ ਰੋਡ ਵਾਇਆ ਬਸਤੀ ਗੋਬਿੰਦ ਨਗਰ ਤੇ ਸਮਾਣਾ ਭਵਾਨੀਗੜ੍ਹ ਰੋਡ ਤੋਂ ਕੁਲਾਰਾਂ ਵਾਇਆ ਤਲਵੰਡੀ ਮਲਿਕ ਤੇ ਆਲਮਪੁਰ ਸੜਕਾਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਵਾਈ।ਇਨ੍ਹਾਂ ਸਾਰੀਆਂ ਸੜਕਾਂ ਦੀ ਕੁਲ ਲੰਬਾਈ 9.87 ਕਿਲੋਮੀਟਰ ਤੇ ਲਾਗਤ 2.4 ਕਰੋੜ ਰੁਪਏ ਬਣਦੀ ਹੈ।ਵਿਧਾਇਕ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਸਮਾਣਾ ਹਲਕੇ ਵੱਲ ਧਿਆਨ ਹੀ ਨਹੀਂ ਦਿੱਤਾ, ਜਿਸ ਕਰਕੇ ਪਿੰਡਾਂ ਦੀਆਂ ਸੜਕਾਂ ਦਾ ਬੁਰਾ ਹਾਲ ਹੋ ਗਿਆ ਸੀ, ਦੂਸਰਾ ਕੇਂਦਰ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਦੇ 7000 ਕਰੋੜ ਰੁਪਏ ਦਿਹਾਤੀ ਵਿਕਾਸ ਫ਼ੰਡ ਦੇ ਰੋਕਕੇ ਪੰਜਾਬ ਦੇ ਪਿੰਡਾਂ ਦਾ ਵਿਕਾਸ ਰੋਕ ਦਿੱਤਾ।ਉਨ੍ਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੀ ਪਹਿਲਕਦਮੀ ਸਦਕਾ ਇਹ ਪਹਿਲੀ ਵਾਰ ਹੋਇਆ ਹੈ ਕਿ ਇਹ ਸੜਕਾਂ ਹੁਣ ਬਣਨ ਸਾਰ ਨਹੀਂ ਟੁੱਟਣਗੀਆਂ, ਸਗੋਂ ਪੰਜ ਸਾਲ ਤੱਕ ਇਨ੍ਹਾਂ ਦੀ ਮੁਰੰਮਤ ਲਈ ਸਬੰਧਤ ਠੇਕੇਦਾਰ ਦੀ ਜ਼ਿੰਮੇਵਾਰੀ ਹੋਵੇਗੀ।ਇਸ ਦੌਰਾਨ ਇਲਾਕਾ ਨਿਵਾਸੀਆਂ ਨੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦਾ ਸਨਮਾਨ ਕਰਦਿਆਂ ਸੜਕਾਂ ਬਣਵਾਉਣ ਲਈ ਧੰਨਵਾਦ ਕੀਤਾ।

## ਸੋਨੀ ਮੰਡੇਰ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਨਿਯੁਕਤ

### ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ : ਮੰਡੇਰ



**ਧੂਰੀ (ਮਨੋਹਰ ਸਿੰਘ ਸੱਗੂ)**-ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਵੱਲੋਂ ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ ਨੂੰ ਉਨ੍ਹਾਂ ਵੱਲੋਂ ਆੜ੍ਹਤੀਆ ਵਰਗ ਦੇ ਹੱਕਾਂ ਤੇ ਹਿੱਤਾਂ ਲਈ ਨਿਸ਼ਕਾਮ ਭਾਵਨਾ ਨਾਲ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦਾ ਸੂਬਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਆਪਣੇ ਧੂਰੀ ਮੰਡੀ ਦੇ ਦੌਰੇ ਦੌਰਾਨ ਜਿੱਥੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ, ਉਥੇ ਉਨ੍ਹਾਂ ਸ੍ਰ: ਮੰਡੇਰ ਦੀ ਨਿਯੁਕਤੀ ਦਾ ਐਲਾਨ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ 'ਚ ਰੁਲਣ ਨਹੀਂ ਦਿੱਤਾ ਜਾ ਰਿਹਾ ਤੇ ਕਿਸਾਨ, ਆੜ੍ਹਤੀ ਤੇ ਲੇਬਰ ਦੇ ਹਿੱਤਾਂ ਨੂੰ ਧਿਆਨ 'ਚ ਰੱਖਿਆ ਜਾ ਰਿਹਾ ਹੈ।ਆਪਣੀ ਨਿਯੁਕਤੀ 'ਤੇ ਸ੍ਰ: ਮੰਡੇਰ ਨੇ ਐਸੋਸੀਏਸ਼ਨ ਦੀ ਸੂਬਾਈ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਿਲੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦਿਆਂ ਸੂਬਾਈ ਲੀਡਰਸ਼ਿਪ ਵੱਲੋਂ ਉਨ੍ਹਾਂ 'ਚ ਪ੍ਰਗਟਾਏ ਗਏ ਭਰੋਸੇ ਨੂੰ ਕਾਇਮ ਰੱਖਦਿਆਂ ਆੜ੍ਹਤੀ ਵਰਗ ਦੇ ਹਿੱਤਾਂ ਲਈ ਹਮੇਸ਼ਾ ਸਰਗਰਮ ਰਹਿਣਗੇ।

## ਸ਼ਿਵਾਲਿਕ ਦੀ ਦੀਪਿੰਦਰ ਨੇ ਰੰਗੋਲੀ 'ਚ ਪਹਿਲਾ ਇਨਾਮ ਜਿੱਤਿਆ



**ਜੈਤੋ (ਸਤੀਸ਼ ਕੁਮਾਰ ਭੀਰੀ)**-ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਕਰਵਾਏ ਰੰਗੋਲੀ ਮੁਕਾਬਲੇ ਵਿੱਚ ਸ਼ਿਵਾਲਿਕ ਕਿਡਜ਼ ਸਕੂਲ ਦੀ ਵਿਦਿਆਰਥਣ ਦੀਪਿੰਦਰ ਨੇ ਪਹਿਲਾ ਦਿਲਾਸਾ ਇਨਾਮ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਇਹ ਮੁਕਾਬਲਾ ਸਰਵਹਿੱਤਕਾਰੀ ਸਕੂਲ ਵਿੱਚ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਗਿੱਲ ਨੇ ਦੱਸਿਆ ਕਿ ਸਕੂਲ ਦੀ ਹੋਣਹਾਰ ਵਿਦਿਆਰਥਣ ਦੀਪਿੰਦਰ ਨੇ ਆਪਣੀ ਰਚਨਾਤਮਕਤਾ ਤੇ ਰੰਗਾਂ ਦੀ ਸੁੰਦਰ ਪੇਸ਼ਕਾਰੀ ਨਾਲ ਸਾਰਿਆਂ ਨੂੰ ਮੋਹਿਤ ਕਰ ਦਿੱਤਾ।ਜਿਊਰੀ ਨੇ ਉਸ ਦੇ ਕੰਮ ਦੀ ਬਹੁਤ ਪ੍ਰਸ਼ੰਸਾ ਕੀਤੀ ਤੇ ਉਸ ਦੀ ਰਚਨਾਤਮਕਤਾ ਦੀ ਪ੍ਰਸ਼ੰਸਾ ਕੀਤੀ।ਸਕੂਲ ਪ੍ਰਿੰਸੀਪਲ ਸੁਖਵਿੰਦਰ ਕੌਰ ਗਿੱਲ ਨੇ ਦੀਪਿੰਦਰ ਨੂੰ ਇਸ ਪ੍ਰਾਪਤੀ 'ਤੇ ਦਿਲੋਂ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਆਪਣੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਤੇ ਪ੍ਰਤਿਭਾ 'ਤੇ ਮਾਣ ਹੈ।ਇਸ ਤਰ੍ਹਾਂ ਦੇ ਮੁਕਾਬਲੇ ਕਲਾ ਤੇ ਸੱਭਿਆਚਾਰ ਵਿੱਚ ਬੱਚਿਆਂ ਦੀ ਦਿਲਚਸਪੀ ਨੂੰ ਵਧਾਉਣ ਦਾ ਇੱਕ ਵਧੀਆ ਤਰੀਕਾ ਹਨ।ਉਨ੍ਹਾਂ ਕਿਹਾ ਕਿ ਸਕੂਲ ਤੇ ਪਰਿਵਾਰ ਦੀਪਿੰਦਰ ਦੀ ਸਫਲਤਾ 'ਤੇ ਮਾਣ ਮਹਿਸੂਸ ਕਰਦਾ ਹੈ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹੈ।

# ਜੀ ਟੀ ਯੂ ਵੱਲੋਂ ਤਰੱਕੀਆਂ ਦੇ ਹੁਕਮ ਤੁਰੰਤ ਜਾਰੀ ਕਰਨ ਦੀ ਮੰਗ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਦੇ ਬਹੁਤ ਸਾਰੇ ਸਰਕਾਰੀ ਹਾਈ ਸਕੂਲਾਂ ਵਿੱਚ ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹੋਣ ਕਰਕੇ ਸਕੂਲਾਂ ਦੇ ਪ੍ਰਬੰਧਕੀ ਕੰਮ ਤੇ ਵਿਦਿਆਰਥੀਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੀ ਹੈ। ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਅਧਿਆਪਕ ਜਥੇਬੰਦੀਆਂ ਵੱਲੋਂ ਲਗਾਤਾਰ ਮੁੱਖ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਤੇ ਬਣਦੀਆਂ ਤਰੱਕੀਆਂ ਤੁਰੰਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ।ਡਾਇਰੈਕਟਰ ਸਕੂਲ ਐਜੂਕੇਸ਼ਨ ਸੈਕੰਡਰੀ ਪੰਜਾਬ ਵੱਲੋਂ 27 ਅਗਸਤ 2025 ਤੇ 15 ਸਤੰਬਰ 2025 ਨੂੰ ਮਾਸਟਰ/ਮਿਸਟਰੈੱਸ ਕੇਡਰ ਵਿੱਚ ਜਨਰਲ, ਅਨੁਸੂਚਿਤ ਜਾਤੀ ਤੇ ਅੰਗਹੀਣ ਵਜੋਂ ਕੰਮ ਕਰਦੇ ਅਧਿਆਪਕਾਂ ਦੇ ਵੱਖ ਵੱਖ ਸੀਨੀਆਰਤਾ ਨੰਬਰਾਂ ਅਨੁਸਾਰ ਕੇਸ ਮੰਗੇ ਗਏ ਸਨ ਤੇ ਇਹ ਸਾਰੀ ਪ੍ਰਕਿਰਿਆ 25 ਸਤੰਬਰ ਤੱਕ ਮੁਕੰਮਲ ਵੀ ਕਰ ਲਈ ਗਈ ਸੀ। ਸਬੰਧਤ ਅਧਿਆਪਕਾਂ ਦੀਆਂ ਸੇਵਾ ਮੁਕਤੀਆਂ ਨਜ਼ਦੀਕ ਹੋਣ ਕਾਰਨ ਕਈ ਅਧਿਆਪਕ 30 ਸਤੰਬਰ ਨੂੰ ਸੇਵਾ ਮੁਕਤ ਹੋ ਚੁੱਕੇ ਹਨ, ਕੁਝ ਨੇ 31 ਅਕਤੂਬਰ ਤੱਕ ਤੇ ਕਈ ਆਉਣ ਵਾਲੇ ਕੁਝ ਮਹੀਨਿਆਂ ਦੌਰਾਨ ਰਿਟਾਇਰਮੈਂਟ ਦੇ ਕੰਢੇ 'ਤੇ ਖੜ੍ਹੇ ਹਨ।ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਪਰਵੀਨ ਕੁਮਾਰ ਲੁਧਿਆਣਾ, ਜਨਰਲ ਸਕੱਤਰ ਜਿੰਦਰ ਪਾਇਲਟ, ਵਿੱਤ ਸਕੱਤਰ ਨਵੀਨ ਸੱਚਦੇਵ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਸਕੂਲ ਪ੍ਰਿੰਸੀਪਲਾਂ ਦੀਆਂ ਲਗਪਗ 50% ਅਸਾਮੀਆਂ ਖਾਲੀ ਪਈਆਂ ਹਨ।ਵੱਖ ਵਿਸ਼ਿਆਂ ਦੇ ਮਾਸਟਰ ਕੇਡਰ ਤੋਂ ਲੈਕਚਰਾਰ ਕੇਡਰ ਦੀਆਂ ਵੱਡੀ ਗਿਣਤੀ ਵਿੱਚ ਅਸਾਮੀਆਂ ਖ਼ਾਲੀ ਪਈਆਂ ਹਨ।

ਇਸ ਦੇ ਨਾਲ ਹੀ ਜੇ ਬੀ ਟੀ, ਹੈੱਡ ਟੀਚਰ ਤੇ ਸੈਂਟਰ ਹੈੱਡ ਟੀਚਰ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਵੀ ਲਮਕ ਅਵਸਥਾ ਵਿੱਚ ਪਈਆਂ ਹਨ।ਅਧਿਆਪਕ ਆਗੂਆਂ ਨੇ ਸਿੱਖਿਆ ਮੰਤਰੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਾਸਟਰ ਕੇਡਰ ਤੋਂ ਬਤੌਰ ਮੁੱਖ ਅਧਿਆਪਕ, ਪ੍ਰਿੰਸੀਪਲਾਂ ਤੇ ਹੋਰ ਵਰਗਾਂ ਦੀਆਂ ਬਣਦੀਆਂ ਤਰੱਕੀਆਂ ਦੇ ਹੁਕਮ ਤੁਰੰਤ ਜਾਰੀ ਕੀਤੇ ਜਾਣ ਤਾਂ ਜੋ ਸਕੂਲਾਂ ਦੇ ਪ੍ਰਬੰਧਕੀ ਕੰਮ ਤੇ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਨਾ ਹੋ ਸਕੇ।

## ਤਿਉਹਾਰਾਂ ਦੇ ਮੱਦੇਨਜ਼ਰ ਪੁਲਸ ਵੱਲੋਂ ਵਿਸ਼ੇਸ਼ ਗਸ਼ਤ

**ਬੋਹਾ (ਨਿਰੰਜਣ ਬੋਹਾ)**-ਦੀਵਾਲੀ, ਗੁਰਪੁਰਬ ਤੇ ਹੋਰ ਤਿਉਹਾਰਾਂ ਦੇ ਮੱਦੇਨਜ਼ਰ ਬੋਹਾ ਪੁਲਸ ਵੱਲੋਂ ਐੱਸ ਐੱਚ ਓ ਮੇਲਾ ਸਿੰਘ ਦੀ ਅਗਵਾਈ ਹੇਠ ਸ਼ਹਿਰ ਤੇ ਆਸ-ਪਾਸ ਦੇ ਪਿੰਡਾਂ ਵਿੱਚ ਵਿਸ਼ੇਸ਼ ਗਸ਼ਤ ਕੀਤੀ ਜਾ ਰਹੀ ਹੈ।

ਇਸ ਸਮੇਂ ਜਿੱਥੇ ਸ਼ੱਕ ਦੇ ਅਧਾਰ 'ਤੇ ਵਾਹਨਾਂ ਦੀ ਤਲਾਸ਼ੀ ਲਈ ਜਾ ਰਹੀ ਹੈ, ਉੱਥੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਤੋਂ ਅਮਨ ਕਾਨੂੰਨ ਦੀ ਸਥਿਤੀ ਬਹਾਲ ਰੱਖਣ ਸਬੰਧੀ ਸਹਿਯੋਗ ਵੀ ਮੰਗਿਆ ਜਾ ਰਿਹਾ ਹੈ।ਥਾਣਾ ਮੁਖੀ ਮੇਲਾ ਸਿੰਘ ਨੇ ਦੱਸਿਆ ਕਿ ਨਸ਼ੇ ਦੇ ਸੁਦਾਗਰਾਂ ਨੂੰ ਕਾਬੂ ਕਰਨ ਲਈ ਪੁਲਸ ਦੀ ਚੌਕਸੀ ਹੋਰ ਵਧਾ ਦਿੱਤੀ ਗਈ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਮਨ ਕਾਨੂੰਨ ਦੀ ਸਥਿਤੀ ਭੰਗ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਤੇ ਗੈਰ-ਕਾਨੂੰਨੀ ਤੌਰ 'ਤੇ ਨਸ਼ਾ ਵੇਚਣ ਵਾਲਿਆਂ ਬਾਰੇ ਪੁਲਸ ਨੂੰ ਸੱਚੀ ਤੇ ਤੁਰੰਤ ਇਤਲਾਹ ਦੇਣ।ਉਨ੍ਹਾਂ ਕਿਹਾ ਕਿ ਅਜਿਹੀ ਇਤਲਾਹ ਦੇਣ ਵਾਲੇ ਅਮਨ ਪਸੰਦ ਲੋਕਾਂ ਦੇ ਨਾਂਅ ਗੁਪਤ ਰੱਖੇ ਜਾਣਗੇ।

## ਆਕਸਫੋਰਡ ਦੇ ਵਿਦਿਆਰਥੀਆਂ ਵੱਲੋਂ ਸਾਇੰਸ ਸਿਟੀ ਦਾ ਦੌਰਾ



**ਬਠਿੰਡਾ (ਰਾਜੀਵ ਗੋਇਲ)**-ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਦੇ ਦੂਸਰੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਦਾ ਦੋ-ਰੋਜ਼ਾ ਦੌਰਾ ਕਰਵਾਇਆ ਗਿਆ।ਜਿਵੇਂ ਕਿ ਆਪਾਂ ਸਭ ਜਾਣਦੇ ਹੀ ਹਾਂ ਕਿ ਸਾਇੰਸ ਸਿਟੀ ਵਿੱਚ ਸਾਇੰਸ ਦੀਆਂ ਕਈ ਕਾਢਾਂ ਨੂੰ ਏਨੇ ਨੇੜੇ ਤੋਂ ਦੇਖਿਆ ਜਾਂਦਾ ਹੈ ਕਿ ਹਰ ਵਿਦਿਆਰਥੀ ਦੇ ਮਨ ਵਿੱਚ ਇਸ ਤੋਂ ਵੀ ਵਧ ਕੇ ਕੁਝ ਕਰ ਗੁਜ਼ਰਨ ਦੀ ਲਾਲਸਾ ਪੈਦਾ ਹੁੰਦੀ ਹੈ।ਸਾਇੰਸ ਦੇ ਖੇਤਰ ਵਿੱਚ ਨਵੀਆਂ ਤਕਨੀਕਾਂ ਦੀ ਇਜ਼ਾਦ, ਡਾਇਨਾਸੌਰ ਪ੍ਰਜਾਤੀ ਦੀਆਂ ਵੱਖ-ਵੱਖ ਨਸਲਾਂ, ਡੋਮ ਥਿਏਟਰ ਦੀ ਕਾਰਗੁਜ਼ਾਰੀ ਆਦਿ ਸੰਬੰਧੀ ਹਰ ਪੱਖ ਤੋਂ ਵਿਦਿਆਰਥੀਆਂ ਨੇ ਬੜੀ ਦਿਲਚਸਪੀ ਨਾਲ ਗਿਆਨ ਹਾਸਲ ਕੀਤਾ।ਇਸ ਸਮੇਂ ਸਾਰੇ ਵਿਦਿਆਰਥੀ ਬੜੇ ਖ਼ੁਸ਼ ਨਜ਼ਰ ਆ ਰਹੇ ਸਨ।ਜ਼ਿਕਰਯੋਗ ਹੈ ਕਿ ਵਿਦਿਆਰਥੀਆਂ ਨੂੰ ਲੰਚ ਤੇ ਰਿਫਰੈਸ਼ਮੈਂਟ ਵੀ ਸਾਇੰਸ ਸਿਟੀ ਵਿੱਚ ਹੀ ਕਰਵਾਇਆ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਸ੍ਰ. ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਸਰਪੰਚ (ਵਿੱਤ-ਸਕੱਤਰ) ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਸਦਕਾ ਅਜਿਹੇ ਵਿੱਦਿਅਕ ਟੂਰ ਉਲੀਕੇ ਜਾਂਦੇ ਹਨ।

# ਕੈਬਨਿਟ ਮੰਤਰੀ ਮੁੰਡੀਆਂ ਨੇ ਕਿਸਾਨਾਂ ਨੂੰ ਹੜ੍ਹ ਰਾਹਤ ਰਾਸ਼ੀ ਵੰਡੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦੀਵਾਲੀ ਤੋਂ ਪਹਿਲਾਂ ਹੜ੍ਹ ਮੁਆਵਜ਼ਾ ਯਕੀਨੀ ਬਣਾਉਣ ਦੇ ਵਾਅਦੇ ਨੂੰ ਪੂਰਾ ਕਰਦੇ ਹੋਏ ਪੰਜਾਬ ਦੇ ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਮਾਛੀਵਾੜਾ ਬਲਾਕ ਅਧੀਨ ਪੈਂਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ 84 ਲਾਭਪਾਤਰੀਆਂ ਨੂੰ ਕੁੱਲ 25.05 ਲੱਖ ਰੁਪਏ ਦੀ ਰਾਹਤ ਰਾਸ਼ੀ ਵੰਡੀ। ਪਿੰਡ ਧੁੱਲੇਵਾਲ ਵਿੱਚ ਕਰਵਾਏ ਸਮਾਗਮ ਦੌਰਾਨ ਸਤੰਬਰ ਤੋਂ ਰਾਹਤ ਕਾਰਜਾਂ ਦੀ ਅਗਵਾਈ ਕਰ ਰਹੇ ਮੰਤਰੀ ਮੁੰਡੀਆਂ ਨੇ ਦਰਿਆ ਸਤਲੁਜ ਵਿੱਚ ਆਏ ਹੜ੍ਹ ਨਾਲ ਤਬਾਹ ਹੋਈਆਂ ਫਸਲਾਂ ਨੂੰ ਨਿੱਜੀ ਤੌਰ 'ਤੇ ਸਰਟੀਫਿਕੇਟ ਸੌਂਪੇ। ਇਸ ਮੌਕੇ ਉਨ੍ਹਾਂ ਨਾਲ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਮੁੰਡੀਆਂ ਤੇ ਵਿਧਾਇਕ ਦਿਆਲਪੁਰਾ ਨੇ ਦੱਸਿਆ ਕਿ ਪਿੰਡ ਧੁੱਲੇਵਾਲ ਦੇ 64 ਕਿਸਾਨ ਨੂੰ 19,21,500 ਰੁਪਏ, ਪਿੰਡ ਸੈਸੋਵਾਲ ਖੁਰਦ ਦੇ 13 ਕਿਸਾਨਾਂ ਨੂੰ 3,04,250 ਰੁਪਏ, ਪਿੰਡ ਦੋਪਾਨਾ ਦੇ ਤਿੰਨ ਕਿਸਾਨਾਂ ਨੂੰ 44,250 ਰੁਪਏ, ਪਿੰਡ ਮੁਜਫਰੇਵਾਲ ਦੇ ਚਾਰ ਕਿਸਾਨਾਂ ਨੂੰ 2,35,875 ਰੁਪਏ ਵੰਡੇ ਗਏ। ਇਸ ਨਾਲ ਕੁੱਲ ਲਾਭਪਾਤਰੀਆਂ ਦੀ ਗਿਣਤੀ 84 ਹੋ ਗਈ ਹੈ ਅਤੇ ਕੁੱਲ 25,05,875 ਰੁਪਏ ਦੀ ਰਾਸ਼ੀ ਦਿੱਤੀ ਗਈ, ਜਿਨ੍ਹਾਂ ਦੀ 150 ਏਕੜ ਤੋਂ ਵੱਧ ਫਸਲ ਹੜ੍ਹਾਂ ਦੀ ਮਾਰ ਕਾਰਨ ਪ੍ਰਭਾਵਿਤ ਹੋਈ ਸੀ। ਕੈਬਨਿਟ ਮੰਤਰੀ ਮੁੰਡੀਆਂ ਨੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਨਾਲ ਮਿਲ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਸਰਕਾਰ ਲੋਕਾਂ ਲਈ ਦਿਨ-ਰਾਤ ਕੰਮ ਕਰ ਰਹੀ ਹੈ, ਜੋ ਕਿ ਪਿਛਲੀ ਕਿਸੇ ਸਰਕਾਰ ਨੇ ਕਦੇ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਹਰ ਪ੍ਰਭਾਵਿਤ ਪਰਿਵਾਰ ਨੂੰ ਫਸਲਾਂ ਦੇ ਨੁਕਸਾਨ ਲਈ 20,000 ਰੁਪਏ ਪ੍ਰਤੀ ਏਕੜ, ਘਰਾਂ ਦੇ ਨੁਕਸਾਨ ਲਈ 1,20,000 ਰੁਪਏ ਤੱਕ ਤੇ ਪਸ਼ੂਆਂ ਦੀ ਸਹਾਇਤਾ ਮਿਲੇ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਗਿਰਦਾਵਰੀ ਟੀਮਾਂ ਨੇ ਹਰ ਘਰ ਤੱਕ ਪਹੁੰਚ ਕੀਤੀ ਤੇ ਆਪਣੀ ਅਣਥੱਕ ਮਿਹਨਤ ਨਾਲ ਇਸ ਵਿਸ਼ਾਲ ਕਾਰਜ ਨੂੰ ਪੂਰਾ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਹੜ੍ਹਾਂ ਕਾਰਨ ਖਰਾਬ ਹੋਈ ਸੜਕ ਨੂੰ ਜਲਦੀ ਹੀ ਦੁਬਾਰਾ ਬਣਾਇਆ ਜਾਵੇਗਾ। ਮੁੰਡੀਆਂ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਜਲਦੀ ਹੀ ਹਰੇਕ ਪੰਜਾਬੀ ਲਈ ਪ੍ਰਤੀ ਪਰਿਵਾਰ 10 ਲੱਖ ਰੁਪਏ ਦਾ ਨਕਦ ਰਹਿਤ ਇਲਾਜ ਯਕੀਨੀ ਬਣਾਉਣ ਲਈ ਮੁਫ਼ਤ ਸਿਹਤ ਬੀਮੇ ਦਾ ਲਾਭ ਦੇਵੇਗੀ। ਇਸ ਸਮਾਗਮ ਦੌਰਾਨ ਏ.ਡੀ.ਸੀ. ਸ਼ਿਖਾ ਭਗਤ, ਐੱਸ.ਡੀ.ਐੱਮ. ਰਜਨੀਸ਼ ਅਰੋੜਾ, ਨਾਇਬ ਤਹਿਸੀਲਦਾਰ ਰਾਜੇਸ਼ ਅਹੂਜਾ ਮੌਜੂਦ ਸਨ।

## ਮੰਦਬੁੱਧੀ ਲੜਕੇ ਨਾਲ ਕੀਤੀ ਬਦਫੈਲੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਬਲਾਕ ਅਧੀਨ ਪੈਂਦੇ ਇੱਕ ਪਿੰਡ ਵਿੱਚ ਪ੍ਰਵਾਸੀ ਨੌਜਵਾਨ ਵੱਲੋਂ ਪੰਜਾਬੀ ਪਰਵਾਰ ਨਾਲ ਸਬੰਧਤ ਇੱਕ ਮੰਦਬੁੱਧੀ ਲੜਕੇ ਨਾਲ ਬਦਫੈਲੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਲੜਕੇ ਦੇ ਪਿਤਾ ਨੇ ਦੱਸਿਆ ਕਿ ਉਸ ਦਾ ਮੰਦਬੁੱਧੀ ਲੜਕਾ ਹਰਦੀਪ (ਕਾਲਪਨਿਕ ਨਾਂ) ਜੋ ਕਿ ਰੋਜ਼ਾਨਾ ਸਵੇਰੇ-ਸ਼ਾਮ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਜਾਂਦਾ ਹੈ। ਕੱਲ੍ਹ ਸ਼ਾਮ ਜਦੋਂ ਉਹ ਗੁਰੂ ਘਰ ਤੋਂ ਦੇਰੀ ਨਾਲ ਪਰਤਿਆ ਤਾਂ ਉਸ ਨੂੰ ਜਦੋਂ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਪਿੰਡ ਦਾ ਇੱਕ ਲੜਕਾ ਰਾਮ ਉਸ ਨੂੰ ਪਹਿਲਾਂ ਵੀ ਕਈ ਵਾਰ ਘੇਰ ਕੇ ਸੁੰਨਸਾਨ ਜਗ੍ਹਾ 'ਤੇ ਲੈ ਜਾਂਦਾ ਹੈ ਤੇ ਉਸ ਨਾਲ ਗਲਤ ਹਰਕਤਾਂ ਕਰਦਾ ਹੈ। ਮੰਦਬੁੱਧੀ ਲੜਕੇ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਉਕਤ ਲੜਕਾ ਉਸ ਨਾਲ ਬਦਫੈਲੀ ਕਰ ਚੁੱਕਾ ਹੈ।

ਪੀੜਤ ਮੰਦਬੁੱਧੀ ਲੜਕੇ ਦਾ ਪਰਵਾਰ ਤੇ ਪਿੰਡ ਵਾਸੀ ਅੱਜ ਮਾਛੀਵਾੜਾ ਥਾਣਾ ਵਿਖੇ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਉਣ ਪੁੱਜੇ। ਪਿੰਡ ਵਾਸੀਆਂ ਨੇ ਕਿਹਾ ਕਿ ਇਹ ਸ਼ਰਮਨਾਕ ਕਾਰਾ ਕਰਨ ਵਾਲਾ ਰਾਮ ਤੇ ਉਸ ਦੇ ਕੁਝ ਹੋਰ ਸਾਥੀ ਪਿੰਡ ਵਿੱਚ ਅਵਾਰਾਗਰਦੀ ਕਰਦੇ ਰਹਿੰਦੇ ਹਨ, ਜਿਸ ਕਾਰਨ ਲੋਕ ਚਿੰਤਤ ਹਨ। ਉਨ੍ਹਾਂ ਕਿਹਾ ਕਿ ਬਦਫੈਲੀ ਕਰਨ ਵਾਲੇ ਨੌਜਵਾਨ 'ਤੇ ਸਖ਼ਤ ਕਾਰਵਾਈ ਕਰੇ ਅਤੇ ਪੀੜਤ ਲੜਕੇ ਨੂੰ ਇਨਸਾਫ਼ ਦਿਵਾਏ। ਇਸ ਸਬੰਧੀ ਥਾਣਾ ਮੁਖੀ ਹਰਵਿੰਦਰ ਸਿੰਘ ਨੇ ਕਿਹਾ ਕਿ ਪੀੜਤ ਦੇ ਪਿਤਾ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਤੇ ਲੜਕੇ ਦਾ ਮੈਡੀਕਲ ਕਰਵਾ ਕੇ ਮੁਲਜ਼ਮ ਖਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਲੋਕਾਂ ਨੂੰ ਮਿਠਾਈਆਂ ਖਵਾਉਣ ਵਾਲੇ ਦੁਕਾਨਦਾਰਾਂ ਦਾ ਸਵਾਦ ਹੋਇਆ ਕੌੜਾ

**ਸਿਹਤ ਵਿਭਾਗ ਦੀ ਟੀਮ ਨੇ ਚੈਕਿੰਗ ਦੌਰਾਨ ਭਰੇ ਸੈਂਪਲ**



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਸਥਾਨਕ ਸ਼ਹਿਰ ਵਿੱਚ ਦੁੱਧ ਡੇਅਰੀ ਤੇ ਮਿਠਾਈ ਦਾ ਉਤਪਾਦਨ ਕਰਨ ਵਾਲੇ ਸ਼ਹਿਰ ਦੇ ਨਾਮਵਰ ਹੋਟਲਾਂ ਦੀ ਚੈਕਿੰਗ ਦੌਰਾਨ ਸ਼ਹਿਰ ਦੇ ਦੁਕਾਨਦਾਰਾਂ ਵਿੱਚ ਸਹਿਮ ਤੇ ਇੱਕ-ਦੂਜੇ ਨੂੰ ਫੋਨ ਕਰਦੇ ਵੇਖੇ ਗਏ।ਇਹ ਸਥਿਤੀ ਉਦੋਂ ਬਣੀ, ਜਦੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਿਵਲ ਸਰਜਨ ਜਗਦੀਪ ਚਾਵਲਾ ਤੇ ਸਹਾਇਕ ਕਮਿਸ਼ਨਰ ਅੰਮ੍ਰਿਤਪਾਲ ਸਿੰਘ ਦੀਆਂ ਮੁੱਖ ਹਦਾਇਤਾਂ 'ਤੇ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਮੁੱਖ ਫੂਡ ਸੇਫਟੀ ਅਫਸਰ ਗਗਨਦੀਪ ਕੌਰ ਤੇ ਅਟੈਂਡੈਂਟ ਸਹਾਇਕ ਤਰਸੇਮ ਕੁਮਾਰ ਟੀਮ ਨੇ ਦਿਵਾਲੀ ਦੇ ਤਿਉਹਾਰ ਮੌਕੇ ਸ਼ਹਿਰ ਵਿੱਚ ਦੁੱਧ ਤੇ ਖੋਏ ਨਾਲ ਬਣੀਆਂ ਮਿਠਾਈਆਂ ਅਤੇ ਹੋਰ ਵਸਤੂਆਂ ਦੀ ਚੈਕਿੰਗ ਕੀਤੀ ਗਈ।ਇਸ ਮੌਕੇ ਮੇਨ ਰੋਡ 'ਤੇ ਸਥਿਤ ਸਵੀਟ ਹਾਊਸ ਅਸ਼ੋਕ ਚਰਾਇਆ, ਕਾਕਾ ਕਥੂਰੀਆ, ਗੁਲਸ਼ਨ ਸਵੀਟ ਹਾਊਸ, ਬੀਕਾਨੇਰ ਸਿਠਾਨ ਭੰਡਾਰ, ਗੋਰੀ ਗੋਪਾਲ, ਕਾਕਾ ਸਵੀਨ ਹਾਊਸ ਚੈਕਿੰਗ ਦੌਰਾਨ ਸੈਂਪਲ ਲਏ ਗਏ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਫੂਡ ਸੇਫਟੀ ਅਫਸਰ ਗਗਨਦੀਪ ਕੌਰ ਵੱਲੋਂ ਗੱਲਬਾਤ ਕਰਦਿਆਂ ਕਿਹਾ ਕਿ ਸਭ ਦੁਕਾਨਦਾਰਾਂ ਤੇ ਸਵੀਟ ਹਾਊਸ ਦੇ ਮਾਲਕਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਮਿਠਾਈ ਦੀ ਗੁਣਵਤਾ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਨਾ ਕੀਤੀ ਜਾਵੇ।ਮਿਠਾਈ ਵਿੱਚ ਸਰਕਾਰ ਤੋਂ ਮੰਨਜ਼ੂਰਸ਼ੁਦਾ ਰੰਗ ਹੀ ਪਾਏ ਜਾਣ।ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਆਮ ਸ਼ਿਕਾਇਤਾਂ ਫੂਡ ਸੇਫਟੀ ਕੋਲ ਪਹੁੰਚੀਆਂ ਹਨ ਕਿ ਦਿਵਾਲੀ ਦੇ ਤਿਉਹਾਰ ਨੂੰ ਵੇਖਦੇ ਹੋਏ ਕੁਝ ਦੁਕਾਨਦਾਰਾਂ ਵੱਲੋਂ ਮਹੀਨਾ ਪਹਿਲਾਂ ਹੀ ਮਿਠਾਈ ਤਿਆਰ ਕਰਕੇ ਰੱਖੀ ਜਾਂਦੀ ਹੈ ਅਤੇ ਮਿਠਾਈ ਨੂੰ ਖੂਬਸੂਰਤ ਬਣਾਉਣ ਲਈ ਕੈਮੀਕਲ ਰੰਗ ਵਰਤੇ ਜਾਂਦੇ ਹਨ, ਜੋ ਲੋਕਾਂ ਦੀ ਸਿਹਤ ਨਾਲ ਬਹੁਤ ਵੱਡਾ ਖਿਲਵਾੜ ਹੈ।ਇਸ ਤਰ੍ਹਾਂ ਦੀ ਲਾਪ੍ਰਵਾਹੀ 'ਚ ਜੇਕਰ ਕੋਈ ਸ਼ਾਮਲ ਪਾਇਆ ਗਿਆ ਤਾਂ ਫੂਡ ਸੇਫਟੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਪੀ ਐੱਸ ਯੂ ਵੱਲੋਂ ਕਾਲਜ ਕਮੇਟੀ ਦੀ ਚੋਣ, ਦਿਲਕਰਨ ਪ੍ਰਧਾਨ ਤੇ ਪ੍ਰਵੀਨ ਕੌਰ ਸਕੱਤਰ ਚੁਣੇ



**ਫਾਜ਼ਿਲਕਾ (ਪਰਮਜੀਤ ਢਾਬਾਂ)**

ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਐੱਮ. ਆਰ. ਸਰਕਾਰੀ ਕਾਲਜ ਫਾਜ਼ਿਲਕਾ ਦੀ ਕਾਲਜ ਕਮੇਟੀ ਦੀ ਚੋਣ ਕੀਤੀ ਗਈ।ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਨੂੰ ਸਾਡੇ ਸ਼ਹੀਦਾਂ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਸਿੱਖਿਆ ਤੇ ਸਿੱਖਿਆ ਸੰਸਥਾਵਾਂ ਬਚਾਉਣ ਲਈ ਸੰਘਰਸ਼ ਦਾ ਰਾਹ ਅਖਤਿਆਰ ਕਰਨ ਦਾ ਸੁਨੇਹਾ ਦਿੱਤਾ।ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਧੀਰਜ ਫਾਜ਼ਿਲਕਾ ਤੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਮੁਹਾਰਖੀਵਾ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਵੱਲੋਂ ਲਗਾਤਾਰ ਤਰ੍ਹਾਂ ਤਰ੍ਹਾਂ ਦੀਆਂ ਨੀਤੀਆਂ ਬਣਾਕੇ ਵਿਦਿਆਰਥੀਆਂ ਉੱਪਰ ਹਮਲੇ ਕੀਤੇ ਜਾ ਰਹੇ ਹਨ। ਇਸਦੇ ਤਹਿਤ ਹੀ ਨਵੀਂ ਸਿੱਖਿਆ ਨੀਤੀ 2020 ਨੂੰ ਲਾਗੂ ਕਰਕੇ ਸਿੱਖਿਆ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਸੌਂਪਣ ਦੀ ਤਿਆਰੀ ਹੈ ਅਤੇ ਵਿਦਿਆਰਥੀਆਂ ਦੇ ਸਿਲੇਬਸ ਨਾਲ ਵੀ ਲਗਾਤਾਰ ਛੇੜ ਛਾੜ ਕੀਤੀ ਜਾ ਰਹੀ ਹੈ।ਸ਼ਹੀਦਾਂ ਤੇ ਸਿੱਖ ਇਤਿਹਾਸ ਨੂੰ ਸਿਲੇਬਸਾਂ ਵਿੱਚੋਂ ਬਾਹਰ ਕੱਢ ਕੇ ਆਰ. ਐੱਸ. ਐੱਸ. ਦੇ ਹਿੰਦੂਤਵੀ ਏਜੰਡੇ ਤੇ ਮਿਥਿਹਾਸ ਨੂੰ ਜਬਰੀ ਸਿਲੇਬਸ ਵਿੱਚ ਥੋਪਿਆ ਜਾ ਰਿਹਾ ਹੈ।ਲਗਾਤਾਰ ਸਿੱਖਿਆ ਦਾ ਕੇਂਦਰੀਕਰਨ ਤੇ ਭਗਵਾਂਕਰਨ ਕੀਤਾ ਜਾ ਰਿਹਾ ਹੈ।ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੇ ਇਸ਼ਾਰੇ ਉੱਪਰ ਚਲਦੀ ਹੋਈ ਇਸ ਨੀਤੀ ਨੂੰ ਪੰਜਾਬ ਵਿੱਚ ਤੇਜੀ ਨਾਲ ਲਾਗੂ ਕਰਨ ਲੱਗੀ ਹੋਈ ਹੈ।ਇਸਦੇ ਤਹਿਤ ਹੀ ਪੰਜਾਬ ਦੇ ਬਹੁਤ ਸਾਰੇ ਸਕੂਲ ਬੰਦ ਕਰ ਦਿੱਤੇ ਗਏ ਹਨ ਤੇ ਕਾਲਜ ਵੀ ਬੰਦ ਹੋਣ ਕਿਨਾਰੇ ਹਨ।ਪੰਜਾਬ ਦੇ ਬਹੁਤ ਸਾਰੇ ਕਾਲਜ ਤੇ ਸਕੂਲ ਪ੍ਰਿੰਸੀਪਲ ਤੋਂ ਬਿਨਾਂ ਹੀ ਚਲਾਏ ਜਾ ਰਹੇ ਹਨ।ਇਸ ਲਈ ਸਾਰੇ ਵਿਦਿਆਰਥੀਆਂ ਨੂੰ ਇਕੱਠੇ ਹੋ ਕੇ ਨਵੀਂ ਸਿੱਖਿਆ ਨੀਤੀ-2020 ਨੂੰ ਰੱਦ ਕਰਵਾਉਣ ਲਈ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਇਸ ਮੌਕੇ ਜ਼ਿਲ੍ਹਾ ਸਕੱਤਰ ਮਮਤਾ ਲਾਧੂਕਾ ਤੇ ਜ਼ਿਲ੍ਹਾ ਆਗੂ ਆਦਿਤਿਆ ਫਾਜ਼ਿਲਕਾ ਨੇ ਕਿਹਾ ਕਿ ਵਿਦਿਆਰਥੀਆਂ ਸਾਹਮਣੇ ਅਨੇਕਾਂ ਚੁਣੌਤੀਆਂ ਹਨ। ਵਿਦਿਆਰਥੀਆਂ ਦੇ ਸਾਹਮਣੇ ਸਿੱਖਿਆ ਤੇ ਰੁਜ਼ਗਾਰ ਦਾ ਸੰਕਟ ਹੈ।ਨਵੀਂ ਸਿੱਖਿਆ ਨੀਤੀ ਦੇ ਤਹਿਤ ਸਾਡੇ ਵਿਦਿਆਰਥੀਆਂ ਦੇ ਸਬਜੈਕਟਾਂ ਵਿੱਚ ਵਾਧਾ ਕੀਤਾ ਗਿਆ ਹੈ, ਜਿਸ ਦਾ ਸਿਲੇਬਸ ਅਧਿਆਪਕ ਤੇ ਵਿਦਿਆਰਥੀਆਂ ਦੀ ਸਮਝ ਤੋਂ ਬਾਹਰ ਹੈ, ਜਿਸ ਕਰਕੇ ਵਿਦਿਆਰਥੀਆਂ ਦਾ ਸਿਲੇਬਸ ਵੀ ਪੂਰਾ ਨਹੀਂ ਹੁੰਦਾ, ਜਿਸ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਦੀ ਪੇਪਰਾਂ ਵਿੱਚ ਰੀ-ਅਪੀਅਰ ਆਉਂਦੀ ਹੈ, ਜਿਸ ਦੀ ਯੂਨੀਵਰਸਿਟੀਆਂ ਵੱਲੋਂ ਮੋਟੀਆ ਫ਼ੀਸਾਂ ਲਗਾ ਕੇ ਵਿਦਿਆਰਥੀਆਂ ਦੀ ਲੁੱਟ ਕੀਤੀ ਜਾਂਦੀ ਹੈ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਐੱਮ. ਆਰ. ਸਰਕਾਰੀ ਕਾਲਜ ਦੀ 45 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਦਿਲਕਰਨ ਰਤਨਪੁਰਾ ਨੂੰ ਕਾਲਜ ਕਮੇਟੀ ਦਾ ਪ੍ਰਧਾਨ, ਅਰਸ਼ਦੀਪ ਸਿੰਘ ਲੱਖੇ ਕੇ ਹਿਠਾੜ ਨੂੰ ਮੀਤ ਪ੍ਰਧਾਨ, ਪ੍ਰਵੀਨ ਕੌਰ ਨੂੰ ਸਕੱਤਰ, ਅਮਨਦੀਪ ਕੌਰ ਸਹਾਇਕ ਸੱਕਤਰ, ਸਾਜਨ ਸ਼ਮਸ਼ਾਬਾਦ ਪ੍ਰੈੱਸ ਸਕੱਤਰ, ਅਰਸ਼ਦੀਪ ਜੋਧਾ ਭੈਣੀ ਨੂੰ ਖਜ਼ਾਨਚੀ, ਗੁਰਪ੍ਰੀਤ ਬਾਹਮਣੀ ਸ਼ੋਸ਼ਲ ਮੀਡੀਆ ਵਰਕਰ ਤੇ ਬਾਕੀ ਮੈਂਬਰ ਵਜੋਂ ਚੁਣੇ ਗਏ।

## ਸਹਾਇਕ ਸਿਵਲ ਸਰਜਨ ਖ਼ਿਲਾਫ਼ ਚੌਥੇ ਦਿਨ ਵੀ ਰੋਸ ਧਰਨਾ ਜਾਰੀ

**ਮਾਨਸਾ (ਆਤਮਾ ਸਿੰਘ ਪਮਾਰ)**-ਸਿਵਲ ਸਰਜਨ ਦਫ਼ਤਰ ਮਾਨਸਾ ਵਿਖੇ ਸਮੂਹ ਸਟਾਫ਼ ਵੱਲੋਂ ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ ਮਾਨਸਾ ਦੇ ਘਟੀਆ ਵਤੀਰੇ ਖਿਲਾਫ ਰੋਸ ਧਰਨਾ ਦਿੱਤਾ ਗਿਆ ਅਤੇ ਇਹ ਵੀ ਫੈਸਲਾ ਲਿਆ ਗਿਆ ਕਿ ਇਹ ਅਧਿਕਾਰੀ ਆਪਣਾ ਅੜੀਅਲ ਵਤੀਰੇ ਤੋਂ ਬਾਜ਼ ਨਹੀਂ ਆ ਰਿਹਾ।

ਇਸ ਲਈ ਸਿੰਗਲਾ ਖਿਲਾਫ ਦਫਤਰ ਸਿਵਲ ਸਰਜਨ ਮਾਨਸਾ ਵਿਖੇ ਜ਼ਿਲ੍ਹੇ ਦੇ ਸਮੂਹ ਕਰਮਚਾਰੀਆਂ ਦਾ ਵਿਸ਼ਾਲ ਇਕੱਠ ਕਰਕੇ ਸਾਥੀਆਂ ਨਾਲ ਵਿਚਾਰ ਕਰਨ ਉਪਰੰਤ ਜਲਦ ਹੀ ਰੋਸ ਧਰਨਾ ਬਾਕਾਇਦਾ ਤੌਰ 'ਤੇ ਸ਼ੁਰੂ ਕਰ ਦਿੱਤਾ ਜਾਵੇਗਾ।ਇਸ ਰੋਸ ਧਰਨੇ ਵਿੱਚ ਸ੍ਰ. ਪ੍ਰਤਾਪ ਸਿੰਘ, ਕੰਵਰਜੀਤ ਸਿੰਘ ਸੁਪਰਡੈਂਟ, ਅਵਤਾਰ ਸਿੰਘ ਡੀ.ਪੀ.ਐੱਮ. ਸ੍ਰੀ ਜਗਦੇਵ ਸਿੰਘ ਕਮਿਊਨਟੀ ਮੋਬਲਾਈਜ਼ਰ ਸ੍ਰੀ ਸੰਤੋਸ਼ ਭਾਰਤੀ ਜ਼ਿਲ੍ਹਾ ਐਪੀਡੀਮਾਲੋਜਿਸਟ, ਸ੍ਰੀ ਸੰਦੀਪ ਸਿੰਘ ਤੇ ਸ੍ਰੀਮਤੀ ਗੀਤਾ ਗੁਪਤਾ ਸੀਨੀਅਰ ਸਹਾਇਕ, ਸ੍ਰੀਮਤੀ ਸੰਦੀਪ ਕੌਰ ਸਟੈਨੋ, ਗਗਨਦੀਪ ਸਿੰਘ, ਅਮਨਦੀਪ ਸਿੰਘ, ਚੰਦਰ ਸ਼ੇਖਰ, ਲਲਿਤ ਕੁਮਾਰ, ਸ਼ੈਲੀ ਰਾਣੀ, ਗੁਰਪ੍ਰੀਤ ਕੌਰ, ਸੁਨੀਤਾ ਰਾਣੀ ਜੂਨੀਅਰ ਸਹਾਇਕ, ਗੁਰਜੋਤ ਸਿੰਘ ਕਲਰਕ, ਸ੍ਰੀਮਤੀ ਰੇਨੂੰ, ਦੀਪਸ਼ਿਖਾ, ਸ਼ਰਨਜੀਤ ਕੌਰ, ਮੀਨਾਕਸ਼ੀ ਰੋਬਿਨ, ਹੈਰੀ, ਰਾਮ ਕੁਮਾਰ, ਬਲਜੀਤ ਸਿੰਘ, ਦਰਸ਼ਨ ਸਿੰਘ, ਗਿਰਧਾਰੀ ਲਾਲ ਆਦਿ ਹਾਜ਼ਰ ਸਨ।

## ਸਨਮਤੀ ਵਿਮਲ ਜੈਨ ਸਕੂਲ ਨੇ ਸੈਂਟਰ ਖੇਡਾਂ 'ਚ ਮਾਰੀਆਂ ਮੱਲਾਂ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸੈਂਟਰ ਪੱਧਰ 'ਤੇ ਅੰਡਰ-11 ਸ਼੍ਰੇਣੀ ਦੇ ਖੇਡ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਸਨਮਤੀ ਵਿਮਲ ਜੈਨ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ, ਚਾਂਦੀ ਤੇ ਕਾਂਸੀ ਦੇ ਤਮਗੇ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।200 ਮੀਟਰ ਦੀ ਦੌੜ ਵਿੱਚ ਜੈਸਮੀਨ ਕੌਰ ਨੇ ਚਾਂਦੀ ਦਾ ਤਮਗਾ ਜਿੱਤਿਆ।600 ਮੀਟਰ ਦੀ ਦੌੜ ਵਿੱਚ ਨਵਜੋਤ ਸਿੰਘ ਨੇ ਸੋਨੇ ਦਾ, ਕੀਰਤੀ ਨੇ ਚਾਂਦੀ ਦਾ ਤੇ ਜੈਸਮੀਨ ਕੌਰ ਨੇ ਕਾਂਸੀ ਦਾ ਤਮਗਾ ਪ੍ਰਾਪਤ ਕੀਤਾ।ਰੱਸਾਕਸੀ ਮੁਕਾਬਲੇ 'ਚ ਨਵਜੋਤ ਸਿੰਘ, ਤਰੁਣ ਅਰੋੜਾ, ਕਰਨਵੀਰ ਸਿੰਘ, ਮੇਹਰ ਸਿੰਘ, ਪ੍ਰਭਦੀਪ ਸਿੰਘ, ਪ੍ਰਭਸਿਮਰਨ ਸਿੰਘ, ਪਵਨਦੀਪ ਸਿੰਘ ਤੇ ਅਵਨੂਰ ਸਿੰਘ ਦੀ ਟੀਮ ਨੇ ਸੋਨੇ ਦੇ ਤਮਗੇ ਜਿੱਤੇ।ਰਿਲੇਅ ਦੌੜ ਵਿੱਚ ਨਵਜੋਤ ਸਿੰਘ, ਕਰਨਵੀਰ ਸਿੰਘ, ਪ੍ਰਭਦੀਪ ਸਿੰਘ ਤੇ ਪ੍ਰਭਸਿਮਰਨ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਦੇ ਤਮਗੇ ਆਪਣੇ ਨਾਂਅ ਕੀਤੇ।ਲੰਬੀ ਛਾਲ ਵਿੱਚ ਨਵਜੋਤ ਸਿੰਘ ਨੇ ਕਾਂਸੀ ਦਾ ਤਮਗਾ ਜਿੱਤਿਆ।ਸ਼ਾਟ-ਪੁੱਟ ਮੁਕਾਬਲੇ ਵਿੱਚ ਪ੍ਰਭਸਿਮਰਨ ਸਿੰਘ ਤੇ ਜਸਮੀਤ ਕੌਰ ਨੇ ਕਾਂਸੀ ਦੇ ਤਮਗੇ ਹਾਸਲ ਕੀਤੇ।ਜਦੋਂ ਵਿਦਿਆਰਥੀ ਜਿੱਤ ਦੇ ਜਸ਼ਨ ਨਾਲ ਸਕੂਲ ਪਹੁੰਚੇ ਤਾਂ ਪ੍ਰਿੰਸੀਪਲ ਸੁਖਿਆ ਖੁਰਾਨਾ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਹੌਸਲਾ ਅਫ਼ਜ਼ਾਈ ਕੀਤੀ।ਉਨ੍ਹਾਂ ਸਕੂਲ ਦੀ ਇਸ ਵੱਡੀ ਕਾਮਯਾਬੀ ਦਾ ਸਿਹਰਾ ਡੀ. ਪੀ. ਬਬੀਤਾ ਕੁਆਰੀ, ਕੁਲਵਿੰਦਰ ਕੌਰ, ਇੰਦਰਜੀਤ ਸਿੰਘ ਨੂੰ ਦਿੱਤਾ, ਜਿਨ੍ਹਾਂ ਦੀ ਮਿਹਨਤ ਤੇ ਰਹਿਨੁਮਾਈ ਨਾਲ ਬੱਚਿਆਂ ਨੇ ਇਹ ਕਾਮਯਾਬੀ ਪ੍ਰਾਪਤ ਕੀਤੀ।

## ਭਾਵਨਾ ਬਾਂਸਲ ਨੂੰ ਸਮਾਜ ਸੇਵੀ ਕਾਰਜਾਂ ਬਦਲੇ ਕੀਤਾ ਸਨਮਾਨਤ




**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੀ ਕਾਰੋਬਾਰੀ ਭਾਵਨਾ ਬਾਂਸਲ ਨੂੰ ਰੈੱਡ ਕਰਾਸ ਸੋਸਾਇਟੀ ਆਫ਼ ਪੰਜਾਬ ਦੇ ਪ੍ਰਧਾਨ ਗੁਲਾਬ ਚੰਦ ਕਟਾਰੀਆ ਨੇ ਉਨ੍ਹਾਂ ਦੇ ਸ਼ਾਨਦਾਰ ਸਮਾਜਿਕ ਕਾਰਜਾਂ ਲਈ ਸਨਮਾਨਤ ਕੀਤਾ।ਇਸ ਮੌਕੇ ਭਾਵਨਾ ਬਾਂਸਲ ਨੇ ਰਾਜਪਾਲ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਹੋਰ ਵੀ ਵਧੀਆ ਕੰਮ ਕਰਨ ਲਈ ਨਵੀਂ ਊਰਜਾ ਦੇਵੇਗਾ।ਭਾਵਨਾ ਬਾਂਸਲ ਬਜਾਜ ਦੋਪਹੀਆ ਵਾਹਨ ਡੀਲਰ ਡਾ. ਰਜਤ ਬਾਂਸਲ ਦੀ ਪਤਨੀ ਹੈ।ਉਹ ਆਪਣੇ ਪਤੀ ਦੇ ਕਾਰੋਬਾਰ ਦਾ ਪ੍ਰਬੰਧਨ ਕਰਦੀ ਹੈ ਤੇ ਸਮਾਜ ਸੇਵਾ ਵਿੱਚ ਸਰਗਰਮੀ ਨਾਲ ਸ਼ਾਮਲ ਹੈ।ਇਹ ਸਨਮਾਨ ਚੰਡੀਗੜ੍ਹ ਦੇ ਪੰਜਾਬ ਰਾਜ ਭਵਨ ਵਿਖੇ ਹੋਈ ਰੈੱਡ ਕਰਾਸ ਪੰਜਾਬ ਦੀ ਸਾਲਾਨਾ ਆਮ ਮੀਟਿੰਗ ਵਿੱਚ ਸਮਾਜ ਸੇਵਕ ਭਾਵਨਾ ਬਾਂਸਲ ਨੂੰ ਭੇਟ ਕੀਤਾ ਗਿਆ।ਮੀਟਿੰਗ ਵਿੱਚ ਪੰਜਾਬ ਰੈੱਡ ਕਰਾਸ ਦੀਆਂ ਸਾਲਾਨਾ ਗਤੀਵਿਧੀਆਂ, ਸਮਾਜਿਕ ਸੇਵਾਵਾਂ ਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਵੀ ਚਰਚਾ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਰਾਜਪਾਲ ਤੇ ਪੰਜਾਬ ਰੈੱਡ ਕਰਾਸ ਸੋਸਾਇਟੀ ਦੇ ਪ੍ਰਧਾਨ ਗੁਲਾਬਚੰਦ ਕਟਾਰੀਆ ਨੇ ਕੀਤੀ।ਉਨ੍ਹਾਂ ਕਿਹਾ ਕਿ ਰੈੱਡ ਕਰਾਸ ਇੱਕ ਅਜਿਹਾ ਪਲੇਟਫਾਰਮ ਹੈ, ਜਿਸ ਰਾਹੀਂ ਸਮਾਜ ਦੇ ਹੇਠਲੇ ਪੱਧਰ 'ਤੇ ਲੋੜਵੰਦਾਂ ਦੀ ਸੇਵਾ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਨੂੰ ਇੱਕ ਨਵਾਂ ਜੀਵਨ ਦਿੱਤਾ ਜਾ ਸਕਦਾ ਹੈ।ਸਮਾਜ ਦੇ ਹਰ ਵਰਗ ਨੂੰ ਇਸ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ।ਇਸ ਮੌਕੇ ਰੈੱਡ ਕਰਾਸ ਦੇ ਸੂਬਾ ਸਕੱਤਰ ਸ਼ਿਵ ਦੁਲਾਰ ਢਿੱਲੋਂ ਤੇ ਸੂਬਾ ਉਪ ਪ੍ਰਧਾਨ ਡਾ. ਹਿਤੇਂਦਰ ਕੌਰ ਮੌਜੂਦ ਸਨ।

## ਖੇਤਰੀ ਯੁਵਕ ਤੇ ਲੋਕ ਮੇਲੇ 'ਚ ਬੇਨੜਾ ਕਾਲਜ ਦਾ ਸ਼ਾਨਦਾਰ ਪ੍ਰਦਰਸ਼ਨ



**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬਰਨਾਲਾ ਮਲੇਰਕੋਟਲਾ ਜ਼ੋਨ ਦਾ ਖੇਤਰੀ ਯੁਵਕ ਤੇ ਲੋਕ ਮੇਲਾ ਐੱਸ ਡੀ ਕਾਲਜ ਬਰਨਾਲਾ ਵਿਖੇ ਹੋਇਆ, ਜਿਸ ਵਿੱਚ ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਦੇ ਵਿਦਿਆਰਥੀਆਂ ਨੇ ਵੱਖ ਵੱਖ ਵੰਨਗੀਆਂ ਵਿੱਚ ਭਾਗ ਲਿਆ।ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਵਾਦ-ਵਿਵਾਦ ਤੇ ਕਾਵਿ ਉਚਾਰਨ ਵਿੱਚ ਪਹਿਲਾ, ਲੁੱਡੀ, ਕਲਾਸੀਕਲ ਨਾਨ ਪ੍ਰਕਾਸ਼ਨ, ਸ਼ਾਸਤਰੀ ਸੰਗੀਤ ਵਿੱਚ ਦੂਜਾ ਤੇ ਫ਼ੋਟੋਗਰਾਫੀ, ਮਿੱਟੀ ਦੇ ਖਿਡੌਣੇ ਬਣਾਉਣਾ, ਗ਼ਜ਼ਲ, ਕਲਾਸੀਕਲ ਪ੍ਰਕਾਸ਼ਨ ਵਿੱਚ ਤੀਜਾ ਸਥਾਨ ਹਾਸਲ ਕੀਤਾ।ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਖੇਤਰੀ ਯੁਵਕ ਤੇ ਲੋਕ ਮੇਲੇ ਦੇ ਪਹਿਲੇ, ਦੂਜੇ ਤੇ ਤੀਜੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦੇਣ ਦੇ ਨਾਲ ਨਾਲ ਝੂੰਮਰ, ਲੋਕ ਗੀਤ, ਲੋਕ ਸਾਜ਼, ਫੋਕ ਆਰਕੈਸਟਰਾ, ਭਾਸ਼ਣ, ਮਹਿੰਦੀ, ਇੰਸਟਾਲੇਸ਼ਨ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਮਿਹਨਤ ਦੀ ਵੀ ਪ੍ਰਸ਼ੰਸਾ ਕੀਤੀ।ਕਾਲਜ ਪਹੁੰਚਣ 'ਤੇ ਖੇਤਰੀ ਯੁਵਕ ਤੇ ਲੋਕ ਮੇਲੇ ਵਿੱਚ ਜੇਤੂ ਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾਅਫਜ਼ਾਈ ਕੀਤੀ।ਇਸ ਮੌਕੇ ਡਾ. ਸੁਭਾਸ਼ ਕੁਮਾਰ, ਡਾ. ਪਰਮਜੀਤ ਕੌਰ, ਡਾ. ਅਮਿਤਾ ਜੈਨ, ਡਾ. ਗਗਨਦੀਪ ਸਿੰਘ, ਡਾ. ਜਸਬੀਰ ਸਿੰਘ, ਪ੍ਰੋ: ਅਮਰਪ੍ਰੀਤ ਕੌਰ, ਪ੍ਰੋ: ਗੁਰਬਖਸ਼ੀਸ਼ ਸਿੰਘ, ਡਾ. ਹਰਪ੍ਰੀਤ ਸਿੰਘ, ਪ੍ਰੋ: ਰਸਪ੍ਰੀਤ ਕੌਰ, ਡਾ. ਰਵੀਦਿੱਤ ਸਿੰਘ, ਪ੍ਰੋ: ਜਗਤਾਰ ਸਿੰਘ, ਪ੍ਰੋ: ਪ੍ਰਭਜੋਤ ਕੌਰ, ਪ੍ਰੋ: ਰੁਪਾਲੀ ਗਰਗ, ਪ੍ਰੋ: ਜਸਵੀਰ ਸਿੰਘ, ਸ੍ਰੀਮਤੀ ਪਵਨਦੀਪ ਆਦਿ ਹਾਜ਼ਰ ਸਨ।

# ਦੀਵਾਲੀ ਮੌਕੇ ਫਗਵਾੜਾ ਤੋਂ ਵਿਸ਼ੇਸ਼ ਸਪਲੀਮੈਂਟ

## ਸਮੂਹ ਇਲਾਕਾ ਵਾਸੀਆਂ ਨੂੰ ਦੀਵਾਲੀ, ਵਿਸ਼ਵਕਰਮ ਪੂਜਾ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ

## LEGACY OF RAMGARHIA EDUCATIONAL COUNCIL & INSTITUTIONS (SINCE 1929)

1. Ramgarhia Sr. Sec. School, Phagwara (Since 1929)
2. Ramgarhia Middle School, Village Nangal Majja, Phagwara (Since 1944)
3. Ramgarhia College , Phagwara (Since 1946)
4. Ramgarhia Polytechnic College, Phagwara (Since 1950)
5. Bebe Nanaki Ramgarhia Girls Middle School, Phagwara (Since 1951)
6. Ramgarhia College of Education, Phagwara (Since 1956)
7. Ramgarhia Girls Sr. Sec. School, Phagwara (Since 1958)
8. Desh Bhagat Memorial High School, Village Kultham (Since 1958)
9. GNBL Ramgarhia College for Women, Phagwara (Since 1970)
10. Ramgarhia Community Development (CDTP), Phagwara (Since 1978)
11. Ramgarhia Institute of Engineering & Technology, Phagwara (Since 2003)
12. Ramgarhia Institute of Health Sc.& Research, Phagwara (Since 2009)
13. Ramgarhia Private Industrial Training Institute, Phagwara (Since 2012)
14. Ramgarhia Institute of Management & Advance Studies, Phagwara (Since 2015)
15. Ramgarhia Institute of Nanny Care, Phagwara (Since 2018)
16. Beyond ABC's School, Phagwara (Since 2022)
17. The Academy of NCLEX- RN, Phagwara (Since 2024)



## ਸ਼੍ਰੀ ਵਿਸ਼ਵਕਰਮਾ ਮਲਟੀਸ਼ਪੈਸ਼ਲਟੀ ਹਸਪਤਾਲ

ਬੰਗਾ ਰੋਡ, ਫਗਵਾੜਾ

ਸੰਪਰਕ ਨੰ 98558-10880 e-mail : shrivishwakarmahospital@gmail.com

### 24 ਘੰਟੇ ਐਮਰਜੈਂਸੀ ਸੇਵਾਵਾਂ

| ਸਰਜਰੀ ਸੇਵਾਵਾਂ | ਓ.ਪੀ.ਡੀ. ਸੇਵਾਵਾਂ |
|---|---|
| ਪਿੱਤੇ ਦਾ ਅਪਰੇਸ਼ਨ | ਲੈਬੋਰਟਰੀ |
| ਅਪੈਂਡਿਕਸ | ਅੱਖਾਂ ਦਾ ਵਿਭਾਗ |
| ਫਿਸਚੂਲਾ | ਮੈਡੀਸਨ ਵਿਭਾਗ |
| ਬਵਾਸੀਰ / ਫਿਸ਼ਰ | ਈ.ਐਨ.ਟੀ. ਵਿਭਾਗ |
| ਰਸੌਲੀਆਂ / ਕੈਂਸਰ | ਹੱਡੀਆਂ ਦਾ ਵਿਭਾਗ |
| ਸਾਈਨਸ | ਚਮੜੀ ਦਾ ਵਿਭਾਗ |
| ਬੱਚੇਦਾਨੀ ਦੀ ਰਸੌਲੀ | ਅਲਟਰਾਸਾਊਂਡ |
| ਛਾਤੀ ਦੀਆਂ ਗੱਠਾਂ | ਦੰਦਾਂ ਦਾ ਵਿਭਾਗ |
| ਵੈਰੀਕੋਜ਼ ਨਾੜਾਂ | ਫਿਜੀਓਥਰੈਪੀ ਸੈਂਟਰ |
| ਹੱਡੀਆਂ ਦੇ ਅਪਰੇਸ਼ਨ | ਕਿਡਨੀ ਡਾਇਲਸਿਸ ਸੈਂਟਰ |
| ਗੋਡੇ ਬਦਲਣਾ | ਗਾਇਨੀ ਵਿਭਾਗ |
| ਚੂਲੇ ਬਦਲਣਾ | ਡਿਜੀਟਲ ਐਕਸਰੇ |
| ਅੱਖਾਂ ਦੇ ਅਪਰੇਸ਼ਨ | ਈ.ਸੀ.ਜੀ. |
| ਦੰਦਾਂ ਦੇ ਅਪਰੇਸ਼ਨ | ਐਨਕਾਂ ਦਾ ਵਿਭਾਗ |
| ਹਰਨੀਆਂ ਦੇ ਅਪਰੇਸ਼ਨ | ਹੋਮਿਓਪੈਥਿਕ ਡਿਸਪੈਂਸਰੀ |
| ਗਦੂਦਾਂ ਦੇ ਅਪਰੇਸ਼ਨ | ਜਿਗਰ ਦੇ ਰੋਗ |
| ਸਜੇਰੀਅਨ ਅਪਰੇਸ਼ਨ | ਥਾਇਰਡ |

ਜਨਰਲ ਸਰਜਰੀ
ਦੂਰਬੀਨ ਨਾਲ ਅਪਰੇਸ਼ਨ
ਲੇਜ਼ਰ ਸਰਜਰੀ

ਐਕਸੀਡੈਂਟਲ ਕੇਸ
ICU fitted ਐਂਬੂਲੈਂਸ
ਨੌਰਮਲ ਐਂਬੂਲੈਂਸ
24 ਘੰਟੇ ਐਂਬੂਲੈਂਸ ਸੇਵਾ
ਵੈਂਟੀਲੇਟਰ ਉਪਲੱਬਧ

ਜਨਰਲ ਵਾਰਡ
ਸੈਮੀ ਪ੍ਰਾਈਵੇਟ ਰੂਮ
ਪ੍ਰਾਈਵੇਟ ਰੂਮ

ਨੌਰਮਲ ਡਿਲੀਵਰੀ
ਨਵ ਜੰਮੇ ਬੱਚਿਆਂ ਦੀ ਸੰਭਾਲ

ਦਾਨੀ ਸੱਜਣ ਆਪਣੀ ਸੇਵਾ CANARA BANK
A/c No. 2352101012364
IFSC CODE : CNRB0002352 ਵਿੱਚ ਦੇ ਸਕਦੇ ਹਨ।

Website : svchtrust.co.in email : shrivishwakarmahospital@gmail.com




SHIROMANI SHRI VISHWAKARMA MANDIR PHAGWARA

### 115th SHRI VISHWAKARMA ANNUAL POOJA MAHAUTSAV

SHRI VISHWAKARMA DHIMAN SABHA (Regd.)
Banga Road, Phagwara. Ph: 98558-10880

"Om Shri Vishwakarmane Namah"

### Invitation

**On Wednesday 22nd October 2025**

07:30 AM....... Bhog Shri Vishwakarma Puran
08:00 AM....... Hawan Yagya Yajman - S. Mohinder Singh Manku, Canada
09:15 AM....... Reception of Chief Guest by S. Manjinder Singh Seehra, Phagwara
10:00 AM....... Flag Hoisting Ceremony by S. Mohinder Singh Manku, Canada
10:15 AM....... Flag Song by Children of Ramgarhia Girls Sen. Sec. School, Phagwara
10:25 AM....... Inauguration of Pandal by Chief Guest Smt. Manpreet Kaur Bhogal
10:35 AM....... Welcome Song by Children of Ramgarhia Girls Sen. Sec. School, Phagwara
10:45 AM....... Inaugural Speech by President Sh. Pardeep Dhiman
10:55 AM....... Bhajan & Updesh by Madam Meenu Atwal
11:30 AM....... Reception Speech S. Manjinder Singh Seehra, Phagwara
11:45 AM....... Speech by Chief Guest Smt. Manpreet Kaur Bhogal
12:15 PM....... Inaugural Ceremony of Langer by Sabha Members
12:30 PM....... Shri Vishwakarma Preeti Bhoj
01:30 PM....... Bhajan, Updesh & Bhashan
03:00 PM....... Annual Report of Sabha by President Sh. Pardeep Dhiman
03:45 PM....... Bhajan, Updesh & Bhashan
04:00 PM....... Shri Vishwakarma Aarti & Shanti Paath

**On Thursday 23rd October 2025**

08:30 AM....... Hawan Yagya by S. Darbara Singh Kundi, M/s. Kundi Forging & Castings, Goraya
10:00 AM....... Welcome Song by New B.C.S. School, Banga Road, Phagwara
10:30 AM....... Bhajan by Madam Meenu Atwal
11:30 AM....... Bhajan by New B.C.S. School, Banga Road, Phagwara
12:30 PM....... Shri Vishwakarma Preeti Bhoj
01:30 PM....... Bhajan, Updesh & Bhashan
04:00 PM....... Shri Vishwakarma Aarti & Shanti Paath

ਸ਼੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ ਵਿਖੇ ਕਿਡਨੀ ਦੇ ਮਰੀਜ਼ਾਂ ਲਈ ਕਿਡਨੀ ਡਾਇਲਸਿਸ ਦੀ ਸੁਵਿਧਾ ਬਹੁਤ ਹੀ ਘੱਟ ਖਰਚੇ ਤੇ ਉਪਲੱਬਧ ਹੈ।

### 115th SHRI VISHWAKARMA ANNUAL POOJA MAHAUTSAV

Chief Guest: Smt. Manpreet Kaur Bhogal, Chairman RIET, Phagwara
Flag Hoisting Ceremony: S. Mohinder Singh Manku, Canada
President Reception Committee: S. Manjinder Singh Seehra, M/s. Gulf Motors, Virk

Sh. Nathu Ram Dhiman — Founder, Shiromani Shri Vishwakarma Mandir, Banga Road, Phagwara

President: Sh. Pardeep Dhiman, M. 94173-67008
General Secretary: S. Gurnam Singh Julla, M. 98881-67758
Cashier: Sh. Subhash Dhiman, M. 98142-67571

SHRI VISHWAKARMA DHIMAN SABHA (Regd.)
Banga Road, Phagwara. Ph: 98558-10880

## ਸਮੂਹ ਇਲਾਕਾ ਵਾਸੀਆਂ ਨੂੰ ਦੀਵਾਲੀ, ਵਿਸ਼ਵਕਰਮ ਪੂਜਾ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ

## GEE BEE INSTITUTE OF NURSING & HEALTH SCIENCES

AFFILIATED TO BABA FARID UNIVERSITY OF HEALTH SCIENCE, FARIDKOT
PNRC MOHALI, GOVT. OF PUNJAB, INDIAN NURSING COUNSIL



President
Dr. G.B. Singh
M. 98724-23990



Vice President
Dr. B.S. Bhatia
M. 95306-35454

### ADMISSION OPEN

FOR ANM, GNM, B.SC. NURSING
Qualification 10+2 in any stream

* Home-Based Care Helper (6 Month Course)
* Emergency-cum Ambulance Attendant (1 Year Course)
* Operation Theatre Attendant (1 Year Course)
* Hospital & Home Based Care Attendant (1 Year Course)
* Nany Care (6 Month Course)

MEDICAL, NON MEDICAL COMMERCE, ARTS ALL ARE ELIGIBLE

PHAGWARA MUKANDPUR ROAD
VPO : VIRK, NEAR BY: URBAN ESTATE PHAGWARA
HELPLINE : 01824-291554
89686-69507

## ਸਮੂਹ ਇਲਾਕਾ ਵਾਸੀਆਂ ਨੂੰ ਦੀਵਾਲੀ, ਵਿਸ਼ਵਕਰਮ ਪੂਜਾ ਅਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ

## GUPTA SUPER SPECIALITY HOSPITAL & MATERNITY HOME

347, GURU HARGOBIND NAGAR, PHAGWARA-144401
MOBILE : 01824-461681, 507179 (RESI.) 502475

| | | |
|---|---|---|
| Dr. Rajeev Gupta<br>M.S. (G. Surgery)<br>General & Laproscopic sugeon<br>Ex. S.M.O. Civil Hospital Pgw. | Dr. Usha Gupta<br>M.B.B.S. (DGO)<br>Obst. Gynaecologist<br>Ex. Reg. DMC Ludhiana | Dr. Vikas Gupta<br>M.B.B.S. (MS)<br>General & Laproscopic sugeon |
| Dr. Eshu Dixit<br>M.B.B.S. M.D. (Obst. Gynaecologist)<br>Gold Medlist Indore<br>MRCOG (U.K.) | Dr. Atul Mittal<br>M.S. MCH, (P.G.I.)<br>Urologist | Dr. B.M. Khanna<br>M.D. Anaesthesia<br>Dr. Shishar Jain<br>M.S. ENT |

ਸਮੂਹ ਇਲਾਕਾ ਵਾਸੀਆਂ ਨੂੰ ਦੀਵਾਲੀ ਅਤੇ ਬੰਦੀਛੋੜ ਦਿਵਸ ਦੀ ਲੱਖ-ਲੱਖ ਵਧਾਈ



ਸ੍ਰ. ਤਰਨਜੀਤ ਸਿੰਘ ਵਾਲੀਆ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਸ਼ਹਿਰੀ ਅਤੇ ਕੌਂਸਲਰ ਵਾਰਡ ਨੰਬਰ 36 (ਵਾਰਡ ਨੰਬਰ 36 ਦੇ ਵਾਰਡ ਵਾਸੀਆਂ ਦੇ ਸੁੱਖ ਦੁੱਖ 'ਚ ਹਮੇਸ਼ਾ ਕੰਮ ਆਉਣ ਵਾਲੇ ਅਤੇ ਵਾਰਡ ਵਾਸੀਆਂ ਦੀ ਸੇਵਾ ਲਈ ਹਮੇਸ਼ਾ ਯਤਨਸ਼ੀਲ ਹੋ ਕੇ ਕੰਮ ਕਰਨ ਵਾਲੇ।

## Happy Diwali

May the Festival of Lights bring an abundance of love, joy, and illumination into your life.

Life Coach Future View Astrologer
Jyotish Acharya

### Dr. Amarjit Gogna

Ph.D in Astrology and Vastu Science
Founder – Future View Astrological Research Centre, Phagwara,144401(Punjab, Phagwara)
8575600055 | 9815021144



# ਦੀਵਾਲੀ ਮੌਕੇ ਫਗਵਾੜਾ ਤੋਂ ਵਿਸ਼ੇਸ਼ ਸਪਲੀਮੈਂਟ

## ਡਾ. ਸੰਜੀਵ ਸੁਪਰ ਸਪੈਸ਼ਲਿਟੀ ਹਸਪਤਾਲ

ਮਾਹਿਰ, ਹਮਦਰਦ ਅਤੇ ਕਫਾਇਤੀ ਦੇਖਭਾਲ

ਗੁਰੂ ਹਰਗੋਬਿੰਦ ਨਗਰ, ਫਗਵਾੜਾ।

ਫਗਵਾੜਾ ਵਿੱਚ ਪਹਿਲੇ ਦਿਲ ਦੇ ਰੋਗਾਂ ਦੇ ਮਾਹਿਰ

ਐਮਰਜੈਂਸੀ 24 ਘੰਟੇ

ਕੈਥ ਲੈਬ: ਐਨਜੀਓਗ੍ਰਾਫੀ, ਸਟੈਂਟਿਗ, ਪੇਸਮੇਕਰ



**ਡਾ. ਸੰਜੀਵ ਸਰੋਆ**

MD ਮੈਡੀਸਨ (PGI ਚੰਡੀਗੜ੍ਹ)
DM ਕਾਰਡੀਓਲੋਜੀ (PGI ਚੰਡੀਗੜ੍ਹ)

- ਆਈ. ਸੀ. ਯੂ. (ICU): ਵੈਂਟੀਲੇਟਰ, ਮੋਨੀਟਰ ਆਦਿ
- ਈਕੋਕਾਰਡੀਓਗ੍ਰਾਫੀ
- ਲੈਬੋਰਟਰੀ
- ਟੀ. ਐੱਮ. ਟੀ.
- ਪ੍ਰਾਈਵੇਟ ਕਮਰੇ
- ਜਨਰਲ ਵਾਰਡ
- ਫਾਰਮੇਸੀ

ਇੱਥੇ ਡਾਇਲਸਸ ਦੀ ਸੁਵਿਧਾ ਉਪਲਬਧ ਹੈ

FOR APPOINTMENTS: +91 95015-95093

## Dr. RAJAN Eye Care Hospital

ਪੰਜਾਬ ਵਿੱਚ ਪਹਿਲੀ ਵਾਰ

**ਡਾ. ਰਾਜਨ ਆਈਕੇਅਰ ਅੱਖਾਂ ਦਾ ਹਸਪਤਾਲ**

ਰੋਬੋਟਿਕ ਲੇਜ਼ਰ ਨਾਲ ਬਿਨ੍ਹਾਂ ਬਲੇਡ ਤੋਂ ਚਿੱਟੇ ਮੋਤੀਏ ਦਾ ਆਪਰੇਸ਼ਨ

First time in "PUNJAB"



DR. S. RAJAN (Eye Specialist)

Robotic Cataract with Lensar

☎ 01824-500750 | GURU HARGOBIND NAGAR, PHAGWARA

---

ਦੀਵਾਲੀ ਅਤੇ ਬੰਦੀ ਛੋੜ ਦੇ ਸ਼ੁਭ ਦਿਹਾੜੇ ਮੌਕੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ।

## INDER SCANS & DIAGNOSTIC CENTRE

*Hoshiarpur Road, Near Scheme No. 3*
*Phagwara, Tel. 0124-229429, M. 94172-32151*

**Dr. Inderjit Singh**

*M.D. (Radio-Diagnosis) Reg. No. PMC-23781*

**Dr. Mrs. Harjeet Kaur**

*MBBS, MD (Obs. & Gynea) Ex-PCMS-1, Regd. No. MCI-7933, PMC-41043*

**HAJEET HOSPITAL & MATERNITY HOME**

---

## Dr. Raman Aggarwal EYE & CHEST Care Centre



**Dr. Tushar Aggarwal**
MBBS, DOMS, DNB(Eye), FICO (London) Eye Specialist, Phaco Surgeon Medical Retina Specialist
M. 98147-74141

Time : 9:30 to 1:30
4:30 to 7: 30

01824-356479, 85589-43026



**Dr. (Mrs.) Sulbha Singla**
MBBS, MD (Resp. Medicine) Consultant Physician & Chest Specialist Ex Fellow Medanta The Medicity, Gurgaon Ex Consultant SPS Apollo Hospital, Ludhiana
M. 86990-17852

36-C, Model Town, Behind Gurdwara Singh Sabha, Phagwara - 144 401

---

## JIYA CLINICAL LABORATORY

*Fully Computerised*



Nitish Ganatra

**Nitesh Ganatra (B.Sc. MLT.)**

St. No. 1, Back side Leo Health Club, Bhagatpura, Phagwara (Punjab)

Mob. 98766-06486

Email : ganatranltesh@yahoo.com

---

ਦੀਵਾਲੀ ਅਤੇ ਬੰਦੀ ਛੋੜ ਦੇ ਸ਼ੁਭ ਦਿਹਾੜੇ ਮੌਕੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ।





ਪ੍ਰਧਾਨ ਮੋਹਣ ਸਿੰਘ ਭੱਟੀ, ਜਰਨਲ ਸਕੱਤਰ ਕੁਲਦੀਪ ਸਿੰਘ ਕੌੜਾ, ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਜੁਆਇੰਟ ਸਕੱਤਰ ਸਤਪਾਲ ਸਿੰਘ ਖੱਟਕੜ, ਐਡੀਟਰ ਕ੍ਰਿਸ਼ਨ ਗੋਪਾਲ ਚੋਪੜਾ

ਜਾਰੀ ਕਰਤਾ : ਕਰਨੈਲ ਸਿੰਘ ਸੰਧੂ ਸਰਪ੍ਰਸਤ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਫਗਵਾੜਾ

---



ਸਮੂਹ ਇਲਾਕਾ ਵਾਸੀਆਂ ਨੂੰ ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ-ਲੱਖ ਵਧਾਈ

**ਕਰਮਜੀਤ ਸਿੰਘ ਬਿੱਟੂ**
ਜ਼ਿਲ੍ਹਾ ਸਕੱਤਰ ਕਪੂਰਥਲਾ ਕਾਂਗਰਸ

---



ਦੀਵਾਲੀ ਅਤੇ ਬੰਦੀ ਛੋੜ ਦੇ ਸ਼ੁਭ ਦਿਹਾੜੇ ਮੌਕੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

**RAMAN NEHRA**

EX MEMBER - KHATRI ARORA WELFARE BOARD, PUNJAB GOVERNMENT PUNJAB STATE PRESIDENT -HUMAN RIGHTS COUNCIL INDIA (ANTI CORRUPTION CELL) PUNJAB STATE GENERAL SECRETARY - KHATRI MAHASABHA PUNJAB PUNJAB STATE MEMBER & JALANDHAR ZONE COORDINATER -PUNJABI HINDU GROUP PUNJAB RESIDENT -KHATRI SAMAJ WELFARE SOCIETY PHAGWARA (REGD.PRESIDENT DISTRICT KAPURTHALA- VISHAV HINDU SANGH

---

ਦੀਵਾਲੀ ਮੌਕੇ ਫਗਵਾੜਾ ਤੋਂ ਵਿਸ਼ੇਸ਼ ਸਪਲੀਮੈਂਟ

ਮੈਡੀਕਲ ਪ੍ਰਕਟੀਸ਼ਨਰ ਐਸੋਸੀਏਸ਼ਨ ਰਜਿ., ਫਗਵਾੜਾ ਵੱਲੋਂ

ਦੀਵਾਲੀ ਤੇ ਬੰਦੀ ਛੋੜ ਮੌਕੇ ਫਗਵਾੜਾ ਤੋਂ ਡਾ. ਰਮਨ ਵੱਲੋਂ ਸਪਲੀਮੈਂਟ ਕੱਢਣ 'ਤੇ ਲੱਖ-ਲੱਖ ਵਧਾਈਆਂ



---

Residents of the Area will be delighted to know that

**BONE AND JOINT SPECIALISTS**

**Dr. MUNISH JINDAL**

M.B.B.S Dortho
Consultant Orthopaedician
(Regd. No. 34292)

Who were serving at Virk Hospital, Phagwara now they have Opened their New Hospital

## JINDAL MEDICITY HOSPITAL

718, Shri Guru Hargobind Nagar, Near Bairagi Mandir, PHAGWARA

**FACILITIES**

- Pain in Spine
- Facilitation of Accident Cases
- Treatment of Knee Pain
- Bone and Joint Operations
- Knee and Hip Replacement Operations
- Disc and Spine Operations
- Knee and Shoulder Ligament Surgery with Telescope
- Surgery without Incisions with Russian Technique
- Digital X-Ray



ICU | VENTILATOR | PHYSIOTHERAPY | AC ROOM
SPECIAL ROOM | LAB | PHARMACY

**JINDAL MEDICITY HOSPITAL**
718, SHRI GURU HARGOBIND NAGAR, NEAR BAIRAGI MANDIR, PHAGWARA
98159-05189, 01824-407592 | jindalmedicityphg@gmail.com

---

ਦੀਵਾਲੀ ਅਤੇ ਬੰਦੀ ਛੋੜ ਦੇ ਸ਼ੁਭ ਦਿਹਾੜੇ ਮੌਕੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ।

60 ਸਾਲ ਤੋਂ ਲੜਕੀਆਂ ਲਈ ਵਿਦਿਅਕ ਖੇਤਰ ਵਿੱਚ ਕਾਰਜਸ਼ੀਲ ਮਾਣਮੱਤੀ ਸੰਸਥਾ

## ਕਮਲਾ ਨਹਿਰੂ ਕਾਲਜ ਫਾਰ ਵੂਮੈਨ, ਫਗਵਾੜਾ



ਧੀਰਜ ਸਰਦਾਨਾ
ਪ੍ਰਧਾਨ ਕਮਲਾ ਨਹਿਰੂ ਐਜੂਕੇਸ਼ਨ ਟਰੱਸਟ

ਬੀ.ਏ , ਬੀ.ਕਾਮ, ਬੀ.ਬੀ.ਏ , ਬੀ.ਸੀ.ਏ, ਬੀ.ਐੱਸ.ਸੀ (ਮੈਡੀਕਲ, ਨਾਨ-ਮੈਡੀਕਲ, ਇਕਨਾਮਿਕਸ, ਕੰਪਿਊਟਰ ਸਾਇੰਸ, ਫੈਸ਼ਨ-ਡਿਜ਼ਾਇਨਿੰਗ), ਬੀ.ਵਾਕ (ਕਾਸਮੈਟੋਲੋਜੀ), ਪੀ. ਜੀ. ਡਿਪਲੋਮਾ (ਇਨ ਕੰਪਿਊਟਰ ਐਪਲੀਕੇਸ਼ਨ, ਇਨ ਗਾਰਮੈਂਟ ਕੰਨਸਟਰਕਸ਼ਨ ਐਂਡ ਫੈਸ਼ਨ-ਡਿਜ਼ਾਇਨਿੰਗ, ਇਨ ਕਾਸਮੈਟੋਲੋਜੀ) , ਡਿਪਲੋਮਾ (ਕੰਪਿਊਟਰ ਐਪਲੀਕੇਸ਼ਨ, ਨੈਨੀ ਕੇਅਰ ਐਂਡ ਨਿਊਟਰੀਸ਼ਨ), ਡਿਪਲੋਮਾ ਐਂਡ ਅਡਵਾਂਸ ਡਿਪਲੋਮਾ ਇਨ ਬਿਊਟੀ ਐਂਡ ਵੈੱਲਨੈੱਸ, ਐਮ. ਐਸ. ਸੀ. (ਕੰਪਿਊਟਰ ਸਾਇੰਸ) ,ਐਮ. ਕਾਮ ,ਐਮ. ਏ. ਸੀ. (ਫੈਸ਼ਨ-ਡਿਜ਼ਾਇਨਿੰਗ)

ਮੁਕੰਮਲ ਇਮਾਰਤੀ ਢਾਂਚਾ, ਯੋਗ ਸਟਾਫ, ਵਜ਼ੀਫੇ-ਰਿਆਇਤਾਂ, ਖੇਡ ਪ੍ਰਾਪਤੀਆਂ,ਯੁਵਕ ਮੇਲਿਆਂ ਵਿੱਚ ਜੇਤੂ, ਸ਼ਾਨਦਾਰ ਨਤੀਜੇ ਅਤੇ ਹਰ ਤਰ੍ਹਾਂ ਦੀਆਂ ਵਿਦਿਅਕ ਸਹੂਲਤਾਂ ਨਾ ਲਬਰੇਜ਼



ਡਾ. ਸਵਿੰਦਰ ਪਾਲ
ਪ੍ਰਿੰਸੀਪਲ

**ਕਮਲਾ ਨਹਿਰੂ ਜੂਨੀਅਰ ਕਾਲਜ ਫ਼ਾਰ ਵੂਮੈਨ**

ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਤੋਂ ਮਾਨਤਾ ਪ੍ਰਾਪਤ, 10+1,10+2 (ਆਰਟਸ, ਕਾਮਰਸ ਅਤੇ ਸਾਇੰਸ)

Contact us:

Admin. Office: 01824-505204, 83607-54096

Email ID: kamla_nehru@yahoo.co.in | Instagram: kncw@phagwara
College Website: www.kncw.org | Facebook ID: kncwmedia1965@gmail.com

---

## Narula Orthopaedic Hospital



**Facilities :**

- Hip & Knee Joint Replacement Surgery
- Fracture Fixation Under C. Arm
- Physiotherapy Unit
- X-Ray
- Laboratory
- Pharmacy

- ਚੂਲੇ ਤੇ ਗੋਡੇ ਬਦਲਣ ਦੇ ਅਪ੍ਰੇਸ਼ਨ
- ਟੁੱਟੀਆਂ ਹੱਡੀਆਂ ਨੂੰ ਜੋੜਨ ਦੇ ਅਪ੍ਰੇਸ਼ਨ
- ਫਿਜ਼ਿਓਥ੍ਰੈਪੀ ਯੂਨਿਟ
- ਐਕਸ-ਰੇ
- ਲੈਬੋਰਟਰੀ
- ਦਵਾਈਆਂ

College Road, Satnampura, Phagwara-144402
Contact No. 94653-35800, 01824-261262

---

## AMAN E.H. CANCER AND KIDNEY HOSPITAL

**Our Services**

- All type of Organ related disorders
- Cervical and Frozen shoulder
- Live, acidity and spleen problem
- Vertigo and blood circulation problem
- Irregular Mensturation PCOD
- Headache and migraine
- Skin Problems
- Thyroid, Uric acid, high blood pressure
- Depression, Mentally problems
- Pimples, Dark Circles, face wrinkles
- Kidney problems (cretinone, swelling etc.)
- Blood urea
- Acupressure

Get Your Appointment



**Dr. J.S. Gill**
M.D. (E.H.)
Bharat Jyoti Award Winner
(Treatment all acute and chronic cases)

OPPOSITE HAVELI HERITAGE, NEAR SKODA SHOWROOM, JALANDHAR (M. 94643-74446, 01824-502207)

---

**ਧੰਨਵਾਦ**

ਮੈਂ ਉਨ੍ਹਾਂ ਸਾਰੇ ਦੋਸਤਾਂ-ਮਿੱਤਰਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ, ਜਿਨ੍ਹਾਂ ਨੇ ਫਗਵਾੜਾ ਤੋਂ 'ਨਵਾਂ ਜ਼ਮਾਨਾ' ਲਈ ਸਪਲੀਮੈਂਟ ਕੱਢਣ 'ਚ ਸਹਿਯੋਗ ਦਿੱਤਾ

**ਡਾ. ਰਮਨ**
ਪੱਤਰਕਾਰ ਫਗਵਾੜਾ
ਮੋਬਾ 94174-21160



---

ANTI CORRUPTION

## FOUNDATION OF INDIA

Regd. Under : I.T.A, M.SME. & NITI AAYOG (GOVT. OF INDIA)
Regd. No. 11159,UDYAM-HR-10-0009034, UNIQUE ID HR/0262288

**GURDEEP SINGH KANG**
State Director
Punjab
(India)

Lion Gurdeep Singh Kang
321 D, Distt. Chairmen
(Peace Poster)



# ਦੀਵਾਲੀ, ਗੁਰਪੁਰਬ ਮੌਕੇ ਭਗਤਾ ਭਾਈ ਤੋਂ ਰਾਜੀਵ ਗੋਇਲ ਵੱਲੋਂ ਸਪਲੀਮੈਂਟ



ਮੈਂ ਸਾਰੇ ਸੱਜਣਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।
ਰਾਜੀਵ ਗੋਇਲ
ਪੱਤਰਕਾਰ ਭਗਤਾ ਭਾਈ (97794-00594)





ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ

ਬੂਟਾ ਸਿੰਘ ਸਿੱਧੂ
ਪ੍ਰਧਾਨ ਨਗਰ ਪੰਚਾਇਤ ਭਗਤਾ ਭਾਈ ਕਾ



ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਇੰਦਰਜੀਤ ਸਿੰਘ ਮਾਨ
ਚੇਅਰਮੈਨ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ



ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਜਾਰੀ ਕਰਤਾ : ਕੁਨਾਲ ਗਰਗ



ਅਜਾਇਬ ਸਿੰਘ ਸਰਪੰਚ
ਪਿੰਡ ਹਮੀਰਗੜ੍ਹ

ਸਮੂਹ ਗਰਾਮ ਪੰਚਾਇਤ ਪਿੰਡ ਹਮੀਰਗੜ੍ਹ ਵੱਲੋਂ ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਗੁਰਪ੍ਰੀਤ ਸਿੰਘ ਕਾਂਗੜ
ਸਾਬਕਾ ਮੰਤਰੀ

ਪਰਮਜੀਤ ਸਿੰਘ ਬਿਦਰ
ਸੀਨੀ. ਕਾਂਗਰਸੀ ਆਗੂ

ਪਰਮਿੰਦਰ ਸਿੰਘ
ਸਾਬਕਾ ਸਰਪੰਚ

ਗੁਰਤੇਜ ਸਿੰਘ
ਸੀਨੀ. ਕਾਂਗਰਸੀ ਆਗੂ

ਇੰਦਰਜੀਤ ਸਿੰਘ
ਸਾਬਕਾ ਸਰਪੰਚ

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਹਰਬੰਸ ਸਿੰਘ ਬਰਾੜ
ਕੇਸਰ ਵਾਲਾ



ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਬੇਅੰਤ ਸਿੰਘ ਮਲੂਕਾ
ਸਟੇਟ ਐਵਾਰਡੀ ਮੁੱਖ ਅਧਿਆਪਕ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਲੂਕਾ



ਸਮਾਜ ਸੇਵੀ ਸ਼ਖ਼ਸੀਅਤਾਂ ਵੱਲੋਂ ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ



ਨਛੱਤਰ ਸਿੰਘ ਸਿੱਧੂ | ਬਹਾਦਰ ਸਿੰਘ ਬਰਾੜ | ਰਵੀ ਸਰਪੰਚ | ਕਾਲਾ ਸੰਧੂ ਦਿਆਲਪੁਰਾ | ਜਗਸੀਰ ਸਿੰਘ ਕੋਠਾਗੁਰੂ | ਸੁਖਦੇਵ ਸਿੰਘ ਸਲਾਬਤਪੁਰਾ | ਲਖਵੀਰ ਸਿੰਘ ਸਲਾਬਤਪੁਰਾ | ਹਰਜੀਤ ਸਿੰਘ ਸਲਾਬਤਪੁਰਾ

ਦਿਆਲਪੁਰਾ ਮਿਰਜਾ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਵੱਲੋਂ ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ



ਸੁਰਿੰਦਰ ਕੌਰ
ਸਰਪੰਚ, ਦਿਆਲਪੁਰਾ ਮਿਰਜ਼ਾ

ਵੱਲੋਂ :
ਗੁਰਸੇਵਕ ਸਿੰਘ ਸੋਨੀ ਦਿਆਲਪੁਰਾ ਮਿਰਜ਼ਾ



ਗੁਰਸੇਵਕ ਸਿੰਘ ਸੋਨੀ

ਭਗਤਾ ਭਾਈਕਾ ਇਲਾਕੇ ਦਾ ਪਹਿਲਾ ਆਯੂਸ਼ਮਾਨ ਸਕੀਮ ਤਹਿਤ ਇਲਾਜ ਕਰਨ ਵਾਲਾ 50 ਬੈਡਾਂ ਦਾ ਹਸਪਤਾਲ

ਗੁਰੂ ਨਾਨਕ ਦੇਵ ਚੈਰੀਟੇਬਲ ਮਲਟੀਸਪੈਸ਼ਲਿਟੀ ਹਸਪਤਾਲ

ਨੇੜੇ ਬੱਸ ਸਟੈਂਡ, ਬਾਜਾਖਾਨਾ ਰੋਡ, ਭਗਤਾ ਭਾਈ ਕਾ (ਬਠਿੰਡਾ)

ਇਸ ਹਸਪਤਾਲ ਵਿੱਚ ਅਸੀਂ ਨਸ਼ੇ ਦੀ ਓਵਰਡੋਜ਼ ਵਾਲੇ ਮਰੀਜਾਂ ਦੀ ਸਾਰੀ ਐਮਰਜੈਂਸੀ ਦਾ ਪ੍ਰਬੰਧ ਕਰ ਸਕਦੇ ਹਾਂ

24 HRS. EMERGENCY

ਆਯੂਸ਼ਮਾਨ ਭਾਰਤ ਸਕੀਮ 5 ਲੱਖ ਵਾਲੇ ਕਾਰਡ ਰਾਹੀਂ
ਮੁਫ਼ਤ ਇਲਾਜ

ਗੁਰਦੇ ਅਤੇ ਪਿਸ਼ਾਬ ਦੇ ਰੋਗਾਂ ਦਾ ਇਲਾਜ
ਟੀ.ਬੀ. ਦਾ ਇਲਾਜ
ਅਧਰੰਗ ਅਤੇ ਗਠੀਏ ਦਾ ਇਲਾਜ
ਸ਼ੂਗਰ ਅਤੇ ਥਾਇਰਾਇਡ ਦਾ ਇਲਾਜ
ਪੇਟ ਦੀਆਂ ਆਂਤੜੀਆਂ ਦੇ ਰੋਗਾਂ ਦਾ ਇਲਾਜ
ਸਾਹ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਦਾ ਇਲਾਜ
ਡੇਂਗੂ, ਟਾਈਫਾਇਡ ਅਤੇ ਮਲੇਰੀਆ ਬੁਖਾਰ ਦਾ ਇਲਾਜ

ਸਪਰੇ ਪੀਤੇ ਅਤੇ ਸੱਪ ਦੇ ਕੱਟੇ ਮਰੀਜ਼ਾਂ ਦਾ ਖਾਸ ਇਲਾਜ ਅਤੇ ਸਪਰੇ ਮਰੀਜਾਂ ਲਈ ਖਾਸ ਡਾਇਲਸਿਸ

| | | |
|---|---|---|
| ਆਈ.ਸੀ.ਯੂ. | ਵੈਂਟੀਲੇਟਰ | ਆਧੁਨਿਕ ਲੈਬ |
| ਈ.ਸੀ.ਜੀ. | Cardiac-Monitor | Defebrillator |
| OXYGEN | Nebulizer | Syringe Pump |

ਆਯੂਸ਼ਮਾਨ ਕਾਰਡ ਦੇ ਮਰੀਜਾਂ ਦਾ ਡਾਇਲਸਿਸ ਮੁਫ਼ਤ ਅਤੇ ਖੂਨ ਵੀ ਮੁਫ਼ਤ ਚੜ੍ਹਾਇਆ ਜਾਂਦਾ ਹੈ

ਮੋਬਾਇਲ : 90414-50062, 97804-72974

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਕਮਲਜੀਤ ਸਿੰਘ ਤੇ ਅਰਸ਼, ਪਨੇਸਰ ਵਰਕਸ਼ਾਪ ਭਗਤਾ

ਡਾ. ਸੋਮਖ਼ਾਨ (ਮੱਲੇ ਵਾਲੇ)
BPT
Dr. 98762-75149
Clinic 98157-36170





ਕੈਫ ਹੱਡੀਆਂ ਅਤੇ ਜੋੜਾਂ ਦਾ ਹਸਪਤਾਲ ਅਤੇ ਡਿਜੀਟਲ ਐਕਸਰੇ ਕਲੀਨਿਕ
ਮਲੂਕਾ ਰੋਡ, ਨੇੜੇ ਕਬਾੜ ਦੀ ਦੁਕਾਨ, ਕੋਠਾ ਗੁਰੂ ਕਾ (ਬਠਿੰਡਾ)



ਗੁਰਵਿੰਦਰ ਸਿੱਧੂ | ਸੁਨੀਲ ਕੁਮਾਰ | ਜਗਸੀਰ ਸਿੰਘ | ਰਣਜੀਤ ਉੱਪਲ | ਰਾਜਿੰਦਰ ਸਿੰਘ | ਹਨੀ ਗਰਗ | ਰਾਕੇਸ਼ ਕੁਮਾਰ | ਮਨਦੀਪ ਸਿੰਘ | ਜਸਮੰਦਰ ਸਿੰਘ



ਨਾਇਬ ਸਿੰਘ | ਜਸਵਿੰਦਰ ਸਿੱਧੂ | ਜਗਸੀਰ ਸਿੰਘ | ਹਰਿੰਦਰ ਸਿੰਘ | ਜਗਤਾਰ ਸਿੰਘ | ਲੱਕੀ ਜਲਾਲ | ਅਮਨ ਕਮਰਾ | ਗੁਰਪ੍ਰੀਤ ਸਿੰਘ | ਸੁਰਿੰਦਰ ਕੁਮਾਰ

ਦੀਵਾਲੀ, ਬੰਦੀਛੋੜ ਅਤੇ ਗੁਰਪੁਰਬ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਨਿਰਮਲ ਸਿੰਘ
ਹੀਰੋ ਇੰਡਸਟਰੀ ਭਗਤਾ

# ਦੀਵਾਲੀ, ਗੁਰਪੁਰਬ ਮੌਕੇ ਭਗਤਾ ਭਾਈ ਤੋਂ ਰਾਜੀਵ ਗੋਇਲ ਵੱਲੋਂ ਸਪਲੀਮੈਂਟ










































